ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 19 | Issue 100 | 6 Dec. to 12 Dec., 2023 | Ph.: (510) 240-5949 | Email: asrtimes@gmail.com

# ਲੋਕ ਸਭਾ ਚੋਣਾਂ ’ਤੇ ਕਿੰਨਾ ਕੁ ਪ੍ਰਭਾਵ ਪਾਉਣਗੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਦੇ ਚੋਣ ਨਤੀਜੇ ?



ਪਟਿਆਲਾ/ਏ.ਟੀ.ਨਿਊਜ਼ : ਭਾਰਤ ਦੇ ਪੰਜ ਰਾਜਾਂ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਤੇਲੰਗਾਨਾ ਅਤੇ ਮਿਜ਼ੋਰਮ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਅਗਾਮੀ ਲੋਕ ਸਭਾ ਚੋਣਾਂ ਦਾ ਸੈਮੀਫ਼ਾਈਨਲ ਮੰਨਿਆ ਜਾ ਰਿਹਾ ਹੈ। ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਆਏ ਨਤੀਜਿਆਂ ਅਨੁਸਾਰ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਵਿੱਚ ਭਾਜਪਾ ਨੂੰ ਜਿੱਤ ਮਿਲੀ ਹੈ, ਜਦੋਂਕਿ ਤੇਲੰਗਾਨਾ ਵਿੱਚ ਕਾਂਗਰਸ ਜੇਤੂ ਰਹੀ ਹੈ। ਮਿਜ਼ੋਰਮ ਵਿੱਚ ਜ਼ੋਰਮ ਪੀਪਲਜ਼ ਮੂਵਮੈਂਟ (ਜ਼ੈਡਪੀ ਐਮ) ਪਾਰਟੀ ਨੂੰ ਜਿੱਤ ਮਿਲੀ ਹੈ। ਪੰਜ ਰਾਜਾਂ ਦੇ ਵਿਧਾਨ ਸਭਾ ਚੋਣ ਨਤੀਜਿਆਂ ਨੂੰ 2024 ਦੀਆਂ ਲੋਕ ਸਭਾ ਚੋਣਾਂ ਨਾਲ ਜੋੜਿਆ ਜਾ ਰਿਹਾ ਹੈ। ਇਸ ਲਈ ਇਸ ਜਿੱਤ ਨੂੰ ਭਾਜਪਾ ਲਈ ਸਿਆਸੀ ਹੁਲਾਰਾ ਮੰਨਿਆ ਜਾ ਰਿਹਾ ਹੈ, ਜਦਕਿ ਕਾਂਗਰਸ ਦੀ ਚੋਣ ਹਾਰ ਨੇ ਭਵਿੱਖ ਦੀ ਚਿੰਤਾ ਵਧਾ ਦਿੱਤੀ ਹੈ।

ਰਾਜਸਥਾਨ ਦੀਆਂ ਕੁੱਲ 199 ਸੀਟਾਂ ’ਚੋਂ ਭਾਜਪਾ ਨੇ 115 ਸੀਟਾਂ ਜਿੱਤੀਆਂ ਹਨ, ਜਦਕਿ ਸੱਤਾਧਾਰੀ ਕਾਂਗਰਸ ਸਿਰਫ਼ 69 ਸੀਟਾਂ ’ਤੇ ਹੀ ਸਿਮਟ ਗਈ ਹੈ। ਮੱਧ ਪ੍ਰਦੇਸ਼ ਦੀਆਂ 230 ਸੀਟਾਂ ਵਿੱਚੋਂ ਭਾਜਪਾ ਨੇ 163 ਸੀਟਾਂ ਜਿੱਤੀਆਂ ਹਨ ਜਦਕਿ ਕਾਂਗਰਸ ਨੇ 66 ਸੀਟਾਂ ਜਿੱਤੀਆਂ ਹਨ। ਇਸ ਦੇ ਨਾਲ ਹੀ ਛੱਤੀਸਗੜ੍ਹ ਦੀਆਂ 90 ਸੀਟਾਂ ’ਚੋਂ ਭਾਜਪਾ ਨੂੰ 54 ਅਤੇ ਕਾਂਗਰਸ ਨੂੰ 35 ਸੀਟਾਂ ਮਿਲੀਆਂ ਹਨ। ਦੂਜੇ ਪਾਸੇ ਤੇਲੰਗਾਨਾ ਵਿੱਚ ਕਾਂਗਰਸ ਨੂੰ 64, ਬੀ.ਆਰ.ਐਸ. ਨੂੰ 39, ਭਾਜਪਾ ਨੂੰ 8 ਅਤੇ ਏ.ਆਈ.ਐਮ.ਆਈ.ਐਮ. ਨੂੰ 7 ਸੀਟਾਂ ਮਿਲੀਆਂ ਹਨ।

ਇਹਨਾਂ ਰਾਜਾਂ ਦੇ ਚੋਣ ਨਤੀਜਿਆਂ ਤੋਂ ਬਾਅਦ ਭਾਜਪਾ ਵੱਲੋਂ ਪੂਰੀ ਸ਼ਕਤੀ ਨਾਲ ਅਗਾਮੀ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਹਨਾਂ ਨਤੀਜਿਆਂ ਤੋਂ ਉਤਸ਼ਾਹਿਤ ਹੋ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਆਗੂਆਂ ਵੱਲੋਂ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਹੈਟ੍ਰਿਕ ਲਗਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਲੋਕ ਸਭਾ ਦੀਆਂ ਕੁੱਲ 545 ਸੀਟਾਂ ਵਿੱਚੋਂ ਇਹਨਾਂ ਪੰਜ ਰਾਜਾਂ ਵਿੱਚ 83 ਸੀਟਾਂ ਹਨ। ਮੱਧ ਪ੍ਰਦੇਸ਼ ਵਿੱਚ 29 ਲੋਕ ਸਭਾ ਸੀਟਾਂ, ਰਾਜਸਥਾਨ ਵਿੱਚ 25, ਛੱਤੀਸਗੜ੍ਹ ਵਿੱਚ 11, ਤੇਲੰਗਾਨਾ ਵਿੱਚ 17 ਅਤੇ ਮਿਜ਼ੋਰਮ ਵਿੱਚ ਸਿਰਫ਼ ਇੱਕ ਸੀਟ ਹੈ। ਜੇਕਰ ਇਨ੍ਹਾਂ ਸੀਟਾਂ ਨੂੰ ਜੋੜਿਆ ਜਾਵੇ ਤਾਂ ਇਨ੍ਹਾਂ ਦੀ ਕੁੱਲ ਗਿਣਤੀ 83 ਹੋ ਜਾਂਦੀ ਹੈ। ਇਨ੍ਹਾਂ ਰਾਜਾਂ ਵਿੱਚ ਜੋ ਵੀ ਪਾਰਟੀ ਸਰਕਾਰ ਬਣਾਉਂਦੀ ਹੈ, ਉਹ ਲੋਕ ਸਭਾ ਚੋਣਾਂ ਦੀਆਂ ਸੀਟਾਂ ਜਿੱਤਣ ਦਾ ਵੀ ਪੂਰਾ ਭਰੋਸਾ ਰੱਖਦੀ ਹੈ।

ਤਿੰਨਾਂ ਵਿੱਚੋਂ ਦੋ ਰਾਜਾਂ ਛੱਤੀਸਗੜ੍ਹ ਅਤੇ ਰਾਜਸਥਾਨ ਵਿੱਚ ਪਿਛਲੇ ਪੰਜ ਸਾਲਾਂ ਤੋਂ ਕਾਂਗਰਸ ਦਾ ਰਾਜ ਸੀ ਅਤੇ ਹੁਣ ਅਗਲੇ ਪੰਜ ਸਾਲਾਂ ਲਈ ਸੱਤਾ ਭਾਜਪਾ ਕੋਲ ਜਾ ਰਹੀ ਹੈ। ਭਾਜਪਾ ਹਿੰਦੀ ਪੱਟੀ ਵਾਲੇ ਰਾਜਾਂ ਵਿੱਚ ਧਰਮ ਦਾ ਪੱਤਾ ਖੇਡਣ ਵਿੱਚ ਮਾਹਰ ਹੈ। ਜਦਕਿ ਕਾਂਗਰਸ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦਿਆਂ ਹਾਰ ਗਈ। ਜਦੋਂ ਲੋਕਾਂ ਨੇ ਧਰਮ ਦੇ ਆਧਾਰ ’ਤੇ ਵੋਟ ਪਾਉਣੀ ਹੁੰਦੀ ਹੈ, ਤਾਂ ਉਹ ਅਸਲੀ ਦੀ ਬਜਾਏ ਨਕਲੀ ਚੀਜ਼ਾਂ ਨੂੰ ਕਿਉਂ ਦੇਖਣਗੇ। ਪਤਾ ਨਹੀਂ ਕਾਂਗਰਸ ਕਦੋਂ ਸਮਝੇਗੀ ਕਿ ਉਹ ਨਰਮ ਹਿੰਦੂਤਵ ਰਾਹੀਂ ਭਾਜਪਾ ਦਾ ਮੁਕਾਬਲਾ ਨਹੀਂ ਕਰ ਸਕੇਗੀ। ਇਨ੍ਹਾਂ ਨਤੀਜਿਆਂ ਨਾਲ ਭਾਜਪਾ ਲਈ ਇੱਕ ਵਾਰ ਫਿਰ ਦੱਖਣ ਦੇ ਦਰਵਾਜ਼ੇ ਬੰਦ ਹੋ ਗਏ ਹਨ। ਤੇਲੰਗਾਨਾ ’ਚ ਕਾਂਗਰਸ ਦੀ ਸਰਕਾਰ ਬਣਨ ਜਾ ਰਹੀ ਹੈ। ਇਹਨਾਂ ਨਤੀਜਿਆਂ ਦੀ ਇੱਕ ਹੋਰ ਵਿਆਖਿਆ ਇਹ ਹੈ ਕਿ ਦੇਸ਼ ਵਿੱਚ ਦੱਖਣ ਅਤੇ ਉੱਤਰੀ ਭਾਰਤ ਵਿੱਚ ਮਾਨਸਿਕਤਾ ਦਾ ਅੰਤਰ ਪੂਰੀ ਤਰ੍ਹਾਂ ਸਤ੍ਹਾ ’ਤੇ ਆ ਗਿਆ ਹੈ। ਕਾਂਗਰਸ ਨੇ ਜੋ ਗਾਰੰਟੀ ਕਰਨਾਟਕ ਵਿੱਚ ਦਿੱਤੀ ਸੀ, ਉਹੀ ਗਾਰੰਟੀ ਤੇਲੰਗਾਨਾ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਵੀ ਦਿੱਤੀ ਗਈ ਹੈ। ਪਰ ਇਨ੍ਹਾਂ ਗਰੰਟੀਆਂ ਦਾ ਅਸਰ ਦੱਖਣੀ ਭਾਰਤ ਵਿੱਚ ਵੱਖਰਾ ਸੀ ਅਤੇ ਉੱਤਰੀ ਭਾਰਤ ਵਿੱਚ ਵੱਖਰਾ। ਕਰਨਾਟਕ ਤੋਂ ਬਾਅਦ ਤੇਲੰਗਾਨਾ ਦੇ ਲੋਕਾਂ ਨੇ ਧਰਮ ਨਾਲੋਂ ਕਾਂਗਰਸ ਦੀ ਵਿਕਾਸਵਾਦੀ ਸੋਚ ਨੂੰ ਤਰਜੀਹ ਦਿੱਤੀ, ਪਰ ਹਿੰਦੀ ਪੱਟੀ ਵਿੱਚ ਧਰਮ ਦੀ ਜਿੱਤ ਹੋਈ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਜਿਸ ਤਰ੍ਹਾਂ ਭਾਜਪਾ ਨੇ ਜਿੱਤ ਹਾਸਲ ਕੀਤੀ ਹੈ, ਉਸ ਦਾ ਸਿਆਸੀ ਅਸਰ ਨਾ ਸਿਰਫ਼ ਵਿਧਾਨ ਸਭਾ ਵਿੱਚ ਸਗੋਂ ਰਾਜ ਸਭਾ ਵਿੱਚ ਵੀ ਦੇਖਣ ਨੂੰ ਮਿਲੇਗਾ। ਜੇਕਰ ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੇ ਕੋਟੇ ਦੀਆਂ ਸੀਟਾਂ ਘਟਦੀਆਂ ਹਨ ਤਾਂ ਭਾਜਪਾ ਨੂੰ ਸੀਟਾਂ ਦਾ ਫਾਇਦਾ ਹੋਵੇਗਾ। ਤੇਲੰਗਾਨਾ ਵਿੱਚ ਜਿਸ ਤਰ੍ਹਾਂ ਬੀ.ਆਰ.ਐਸ. ਦੀ ਹਾਰ ਹੋਈ ਹੈ, ਉਸ ਦਾ ਅਸਰ ਵਿਧਾਨ ਪ੍ਰੀਸ਼ਦ ਅਤੇ ਰਾਜ ਸਭਾ ਵਿੱਚ ਵੀ ਬੀ.ਆਰ.ਐਸ.

(ਬਾਕੀ ਸਫ਼ਾ 30 ’ਤੇ)

## ਅਮਰੀਕਾ ਦੇ ਪ੍ਰਮੁੱਖ ਰਾਸ਼ਟਰੀ ਸੁਰੱਖਿਆ ਉਪ ਸਲਾਹਕਾਰ ਨੇ ਗੁਰਪਤਵੰਤ ਸਿੰਘ ਪੰਨੂੰ ਦੇ ਮਾਮਲੇ ਬਾਰੇ ਜੈਸ਼ੰਕਰ ਤੇ ਡੋਵਾਲ ਨਾਲ ਕੀਤੀ ਮੁਲਾਕਾਤ

# ਮਸਲਾ ਗੰਭੀਰ, ਨਤੀਜੇ ਦਾ ਇੰਤਜਾਰ, ਬਰਦਾਸ਼ਤ ਨਹੀਂ ਕਰਾਂਗੇ : ਫਿਨਰ



ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਦੌਰੇ ’ਤੇ ਆਏ ਅਮਰੀਕਾ ਦੇ ਪ੍ਰਮੁੱਖ ਰਾਸ਼ਟਰੀ ਸੁਰੱਖਿਆ ਉਪ ਸਲਾਹਕਾਰ ਜੋਨਾਥਨ ਫਿਨਰ ਵੱਲੋਂ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਅਜੀਤ ਡੋਵਾਲ ਨਾਲ ਮੁਲਾਕਾਤ ਕੀਤੀ ਗਈ ਇਸ ਦੌਰਾਨ ਫਿਨਰ ਨੇ ਇੱਕ ਵਾਰ ਫਿਰ ਖ਼ਾਲਿਸਤਾਨੀ ਗੁਰਪਤਵੰਤ ਸਿੰਘ ਪੰਨੂੰ ਦਾ ਮਾਮਲਾ ਉਠਾਇਆ ਤੇ ਕਿਹਾ ਕਿ ਮਾਮਲਾ ਬਹੁਤ ਗੰਭੀਰ ਹੈ ਤੇ ਸਾਨੂੰ ਨਤੀਜਿਆਂ ਦਾ ਇੰਤਜਾਰ ਹੈ। ਦੂਜੇ ਪਾਸੇ, ਵਾਈਟ ਹਾਊਸ ਵੱਲੋਂ ਜਾਰੀ ਬਿਆਨ ’ਚ ਇਸ ਦੀ ਪੁਸ਼ਟੀ ਕੀਤੀ ਗਈ ਹੈ ਕਿ ਦੋਵਾਂ ਦੇਸ਼ਾਂ ਦੇ ਨੇਤਾਵਾਂ ਵਿਚਾਲੇ ਖ਼ਾਲਿਸਤਾਨੀ ਆਗੂ ਦੀ ਹੱਤਿਆ ਦੀ ਸਾਜ਼ਿਸ ਰਚਣ ਬਾਰੇ ਗੱਲਬਾਤ ਹੋਈ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੈਥੀਊ ਮਿਲਰ ਨੇ ਕਿਹਾ ਕਿ ਅਸੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਸੀ ਸਰਹੱਦ ਪਾਰ ਜਾ ਕੇ ਇਸ ਤਰ੍ਹਾਂ ਦੇ ਉਤਪੀੜਨ ਦੇ ਖ਼ਿਲਾਫ਼ ਹਾਂ। ਚਾਹੇ ਇਹ ਦੁਨੀਆ ਦੇ ਕਿਸੇ ਵੀ ਹਿੱਸੇ ’ਚ ਹੋਵੇ ਜਾਂ ਕੋਈ ਵੀ ਕਰੇ। ਇਹ ਕੇਵਲ ਭਾਰਤ ਨਾਲ ਜੁੜਿਆ ਮਸਲਾ ਨਹੀਂ ਹੈ। ਬਲਕਿ, ਦੁਨੀਆਂ ਦੇ ਕਿਸੇ ਵੀ ਦੇਸ਼ ਲਈ ਅਜਿਹੀ ਹੀ ਨੀਤੀ ਹੈ।

ਅਮਰੀਕੀ ਦੋਸ਼ਾਂ ਤੋਂ ਬਾਅਦ, ਭਾਰਤ ਨੇ ਪੰਨੂ ਦੇ ਕਤਲ ਦੀ ਯੋਜਨਾ ਬਣਾਉਣ ਵਾਲੇ ਵਿਅਕਤੀ ਨਾਲ ਭਾਰਤੀ ਅਧਿਕਾਰੀ ਦੇ ਲਿੰਕ ਨੂੰ ‘ਚਿੰਤਾ ਦਾ ਵਿਸ਼ਾ’ ਦੱਸਿਆ ਅਤੇ ਕਿਹਾ ਕਿ ਦੋਸ਼ਾਂ ਦੀ ਜਾਂਚ ਕਰ ਰਹੇ ਜਾਂਚ ਪੈਨਲ ਦੇ ਨਤੀਜਿਆਂ ਦੇ ਆਧਾਰ ’ਤੇ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

# ਰਾਜੋਆਣਾ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਟੀਸ਼ਨ ਵਾਪਸ ਨਾ ਲੈਣ ਦਾ ਫ਼ੈਸਲਾ

### 20 ਦਸੰਬਰ ਨੂੰ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਦਿੱਲੀ ’ਚ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਸਬੰਧੀ ਪਟੀਸ਼ਨ ਨੂੰ ਵਾਪਸ ਨਾ ਲੈਣ ਦਾ ਫ਼ੈਸਲਾ ਲਿਆ ਗਿਆ ਹੈ। ਇਸ ਮੀਟਿੰਗ ਵਿੱਚ ਰਾਜੋਆਣਾ ਨੂੰ 5 ਦਸੰਬਰ ਤੋਂ ਭੁੱਖ ਹੜਤਾਲ ਨਾ ਕਰਨ ਦੀ ਅਪੀਲ ਸਣੇ ਉਸ ਦੀ ਰਿਹਾਈ ਲਈ ਸੰਘਰਸ਼ ਤੇਜ਼ ਕਰਨ ਦਾ ਫ਼ੈਸਲਾ ਵੀ ਲਿਆ ਗਿਆ ਹੈ ਜਿਸ ਤਹਿਤ 20 ਦਸੰਬਰ ਨੂੰ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਦਸਣਯੋਗ ਹੈ ਕਿ ਰਾਜੋਆਣਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇੱਕ ਪੱਤਰ ਭੇਜ ਕੇ ਆਖਿਆ ਗਿਆ ਸੀ ਕਿ ਉਹ 5 ਦਸੰਬਰ ਤੋਂ ਪਹਿਲਾਂ ਉਸ ਦੀ ਫਾਂਸੀ ਦੀ ਮੁਆਫ਼ੀ ਸਬੰਧੀ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਵਾਪਸ ਲੈ ਲੈਣ ਨਹੀਂ ਤਾਂ ਉਹ ਭੁੱਖ ਹੜਤਾਲ ਸ਼ੁਰੂ ਕਰੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਗਈ ਸੀ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਇਸੇ ਮੁੱਦੇ ’ਤੇ ਪੰਥਕ ਨੁਮਾਇੰਦਿਆਂ ਦੀ ਇੱਕ ਮੀਟਿੰਗ ਵੀ ਸੱਦੀ ਗਈ ਸੀ, ਜਿਸ ਵਿੱਚ ਕੀਤੀ ਗਈ ਵਿਚਾਰ-ਚਰਚਾ ਅੱਜ ਮੁੜ ਵਿਚਾਰੀ ਗਈ ਤੇ ਉਕਤ ਫ਼ੈਸਲਾ ਲਿਆ ਗਿਆ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਪੰਥਕ ਨੁਮਾਇੰਦਿਆਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਤ੍ਰਿੰਗ ਕਮੇਟੀ ਨੇ ਪਟੀਸ਼ਨ ਵਾਪਸ ਨਾ ਲੈਣ ਦਾ ਫ਼ੈਸਲਾ ਲਿਆ ਹੈ। ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਵੱਲੋਂ ਰਾਜੋਆਣਾ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਭੁੱਖ ਹੜਤਾਲ ’ਤੇ ਜਾਣ ਦਾ ਫ਼ੈਸਲਾ ਵਾਪਸ ਲਵੇ ਕਿਉਂਕਿ ਇਹ ਗੁਰਮਤਿ ਅਨੁਸਾਰ ਨਹੀਂ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਰਾਜੋਆਣਾ ਦੇ ਮਾਮਲੇ ’ਚ ਸੰਘਰਸ਼ ਤੇਜ਼ ਕਰਨ ਦਾ ਵੀ ਫ਼ੈਸਲਾ ਲਿਆ ਗਿਆ ਹੈ, ਜਿਸ ਤਹਿਤ 20 ਦਸੰਬਰ ਨੂੰ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। 20 ਦਸੰਬਰ ਨੂੰ ਸਮੂਹ ਪੰਥਕ ਜਥੇਬੰਦੀਆਂ ਤੇ ਉਨ੍ਹਾਂ ਦੇ ਨੁਮਾਇੰਦੇ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿੱਚ ਇਕੱਠੇ ਹੋਣਗੇ, ਜਿੱਥੋਂ ਰਾਸ਼ਟਰਪਤੀ ਭਵਨ ਤੱਕ ਰੋਸ ਮਾਰਚ ਤੇ ਪ੍ਰਦਰਸ਼ਨ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸਬੰਧੀ ਲੋਕਾਂ ਕੋਲੋਂ ਭਰਵਾਏ 26 ਲੱਖ ਪ੍ਰੋਫਾਰਮੇ ਵੀ ਰਾਸ਼ਟਰਪਤੀ ਨੂੰ ਸੌਂਪੇਗੀ।

# ਪਾਕਿ ਪੁਲਿਸ ਦੀ ਵਰਦੀ ਪਾ ਕੇ ਭਾਰਤੀ ਸਿੱਖ ਪਰਿਵਾਰ ਨੂੰ ਲੁੱਟਿਆ

## ਲਾਹੌਰ 'ਚ ਵਾਪਰੀ ਘਟਨਾ ਦਾ ਮੁੱਖ ਮੰਤਰੀ ਨਕਵੀ ਨੇ ਲਿਆ ਸਖ਼ਤ ਨੋਟਿਸ




ਲਾਹੌਰ/ਏ.ਟੀ.ਨਿਊਜ਼ :ਪਾਕਿਸਤਾਨ ਦੇ ਪੰਜਾਬ ਸੂਬੇ ਦੀ ਰਾਜਧਾਨੀ ਲਾਹੌਰ 'ਚ ਪੁਲਿਸ ਦੀ ਵਰਦੀ ਪਾ ਕੇ ਲੁਟੇਰਿਆਂ ਨੇ ਇੱਕ ਭਾਰਤੀ ਸਿੱਖ ਪਰਿਵਾਰ ਨੂੰ ਲੁੱਟ ਲਿਆ। ਪੁਲਿਸ ਨੇ ਦੱਸਿਆ ਕਿ ਕੰਵਲਜੀਤ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਇੱਥੇ ਆਏ ਹਨ। ਪੁਲਿਸ ਮੁਤਾਬਕ ਬੁੱਧਵਾਰ ਨੂੰ ਪਰਿਵਾਰਕ ਮੈਂਬਰ ਗੁਰਦੁਆਰਾ ਜਨਮ ਸਥਾਨ ਨਨਕਾਣਾ ਸਾਹਿਬ ਤੋਂ ਪਰਤਣ ਮਗਰੋਂ ਖ਼ਰੀਦਦਾਰੀ ਲਈ ਲਾਹੌਰ ਦੇ ਗੁਲਬਰਗ ਇਲਾਕੇ 'ਚ ਸਥਿਤ ਲਿਬਰਟੀ ਮਾਰਕੀਟ ਗਏ ਸਨ। ਪੁਲਿਸ ਦੇ ਬੁਲਾਰੇ ਇਹਤਿਸ਼ਾਮ ਹੈਦਰ ਨੇ ਦੱਸਿਆ ਕਿ ਜਦ ਸਿੱਖ ਪਰਿਵਾਰ ਦੁਕਾਨ ਤੋਂ ਬਾਹਰ ਆਇਆ ਤਾਂ ਪੁਲਿਸ ਦੀ ਵਰਦੀ ਪਹਿਨੇ ਦੋ ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕਿਆ ਤੇ ਹਥਿਆਰ ਦਿਖਾ ਕੇ ਨਗਦੀ ਤੇ ਗਹਿਣੇ ਲੁੱਟ ਲਏ। ਹੈਦਰ ਨੇ ਦੱਸਿਆ ਕਿ ਲੁਟੇਰਿਆਂ ਨੇ ਸਿੱਖ ਪਰਿਵਾਰ ਤੋਂ ਗਹਿਣਿਆਂ ਤੋਂ ਇਲਾਵਾ 2,50,000 ਭਾਰਤੀ ਰੁਪਏ ਤੇ 1,50,000 ਪਾਕਿਸਤਾਨੀ ਰੁਪਏ ਲੁੱਟ ਲਏ।

ਪੰਜਾਬ ਦੇ ਕਾਰਜਕਾਰੀ ਮੁੱਖ ਮੰਤਰੀ ਮੋਹਸਿਨ ਨਕਵੀ ਨੇ ਯਾਤਰਾ 'ਤੇ ਆਏ ਸਿੱਖ ਪਰਿਵਾਰ ਨਾਲ ਲੁੱਟ ਦੀ ਘਟਨਾ ਦਾ ਗੰਭੀਰ ਨੋਟਿਸ ਲਿਆ ਤੇ ਲਾਹੌਰ ਪੁਲਿਸ ਨੂੰ ਤੁਰੰਤ ਰਿਪੋਰਟ ਦੇਣ ਲਈ ਕਿਹਾ।

ਘਟਨਾ ਤੋਂ ਬਾਅਦ ਮੌਕੇ ਉਤੇ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ ਤੇ ਉਹ ਸਿੱਖ ਪਰਿਵਾਰ ਦੇ ਨਾਲ ਸਥਾਨਕ ਥਾਣੇ ਪਹੁੰਚ ਗਏ। ਸਥਾਨਕ ਥਾਣਾ ਇੰਚਾਰਜ ਨੇ ਇਸ ਘਟਨਾ ਦੀ ਜਾਣਕਾਰੀ ਆਪਣੇ ਸੀਨੀਅਰ ਅਧਿਕਾਰੀ ਨੂੰ ਦਿੱਤੀ। ਡੀਆਈਜੀ ਰੈਂਕ ਦੇ ਇੱਕ ਅਧਿਕਾਰੀ ਨੇ ਭਾਰਤੀ ਸਿੱਖ ਪਰਿਵਾਰ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਲੁਟੇਰਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ ਤੇ ਉਨ੍ਹਾਂ ਦੇ ਨੁਕਸਾਨ ਦੀ ਪੂਰਤੀ ਕੀਤੀ ਜਾਵੇਗੀ।

# ਡੌਂਕੀ ਲਾ ਕੇ 1000 ਬੰਦਾ ਟੱਪ ਗਿਆ ਮੈਕਸੀਕੋ ਬਾਰਡਰ

## ਸੋਸ਼ਲ ਮੀਡੀਆ 'ਤੇ ਇੱਕ ਹੋਰ ਵੀਡੀਓ ਹੋਈ ਵਾਇਰਲ

ਮੈਕਸੀਕੋ/ਏ.ਟੀ.ਨਿਊਜ਼: ਮੈਕਸੀਕੋ ਤੋਂ ਸਰਹੱਦ ਟੱਪ ਕੇ ਅਮਰੀਕਾ ਜਾਣ ਵਾਲਿਆਂ ਦੀਆਂ ਖ਼ਬਰਾਂ ਹਮੇਸ਼ਾ ਚਰਚਾ ਵਿੱਚ ਰਹਿੰਦੀਆਂ ਹਨ। ਬੀਤੇ ਦਿਨੀਂ ਸੋਸ਼ਲ ਮੀਡੀਆ 'ਤੇ ਇੱਕ ਹੋਰ ਵੀਡੀਓ ਵਾਇਰਲ ਹੋਈ ਜਿਸ ਵਿੱਚ ਇਕ ਵਿਅਕਤੀ ਮੈਕਸੀਕੋ-ਅਮਰੀਕਾ ਸਰਹੱਦ ਦੇ ਹਾਲਾਤ ਦਿਖਾ ਰਿਹਾ ਹੈ। ਵਿਅਕਤੀ ਪੰਜਾਬੀ ਬੋਲ ਰਿਹਾ ਹੈ ਤੇ ਦਾਅਵਾ ਕਰ ਰਿਹਾ ਹੈ ਕਿ ਵੀਡੀਓ 26 ਤਾਰੀਖ਼ 11ਵੇਂ ਮਹੀਨੇ ਦੇ ਸਵੇਰ ਦੇ ਸਮੇਂ ਦੀ ਬਣਾਈ ਗਈ ਹੈ।

ਵੀਡੀਓ ਵਿੱਚ ਵੇਖਿਆ ਜਾ ਸਕਦਾ ਹੈ ਕੇ ਮੈਕਸੀਕੋ ਸਰਹੱਦ ਟੱਪ ਕੇ ਹਜ਼ਾਰਾਂ ਪ੍ਰਵਾਸੀ ਅਮਰੀਕਾ ਵਿੱਚ ਦਾਖ਼ਲ ਹੋ ਰਹੇ ਹਨ। ਹਜ਼ਾਰਾਂ ਵਿਅਕਤੀ ਰੇਲ ਵਾਂਗ ਲੰਮੀ ਲਾਈਨ ਵਿੱਚ ਖੜ੍ਹੇ ਹਨ ਤੇ ਇਮੀਗ੍ਰੇਸ਼ਨ ਦੀਆਂ ਗੱਡੀਆਂ ਵੀ ਨਜ਼ਰ ਆ ਰਹੀਆਂ ਹਨ। ਸਰਹੱਦ ਪਾਰ ਕਰ ਅਮਰੀਕਾ ਪਹੁੰਚਣ ਵਾਲਿਆਂ ਵਿੱਚ ਬੱਚੇ ਤੇ ਔਰਤਾਂ ਵੀ ਸ਼ਾਮਲ ਹਨ ਤੇ ਵੀਡੀਓ ਵਿੱਚ ਇੱਕ ਰੋਂਦੇ ਹੋਏ ਬੱਚੇ ਦੀ ਆਵਾਜ਼ ਵੀ ਸੁਣੀ ਜਾ ਸਕਦੀ ਹੈ। ਵੀਡੀਓ ਬਣਾਉਣ ਵਾਲਾ ਵਿਅਕਤੀ ਪੰਜਾਬੀ ਹੈ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੈਕਸੀਕੋ ਤੋਂ ਸਰਹੱਦ ਪਾਰ ਕਰ ਅਮਰੀਕਾ ਜਾਣ ਵਾਲਿਆਂ ਵਿੱਚ ਪਹਿਲਾਂ ਦੀ ਤਰ੍ਹਾਂ ਅੱਜ ਵੀ ਪੰਜਾਬੀਆਂ ਵਿੱਚ ਹੋੜ ਲੱਗੀ ਹੋਈ ਹੈ।

# ਬੇਰੁਜ਼ਗਾਰੀ ਕਾਰਨ ਕੈਨੇਡਾ ਵਿੱਚ ਰਹਿ ਰਹੇ ਪੰਜਾਬੀ ਚਿੰਤਤ

## ਸਾਹਮਣੇ ਆਏ ਹੈਰਾਨੀਜਨਕ ਅੰਕੜੇ



ਓਟਾਵਾ/ਏ.ਟੀ.ਨਿਊਜ਼ : ਕੈਨੇਡਾ ਵਿੱਚ ਬੇਰੁਜ਼ਗਾਰੀ ਦਰ ਵਧਦੀ ਜਾ ਰਹੀ ਹੈ। ਰਾਸ਼ਟਰੀ ਅੰਕੜਾ ਏਜੰਸੀ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ। ਏਜੰਸੀ ਮੁਤਾਬਕ ਕੈਨੇਡਾ ਵਿੱਚ ਨੌਕਰੀਆਂ ਦੀਆਂ ਅਸਾਮੀਆਂ ਸਤੰਬਰ ਵਿੱਚ 40,700 ਜਾਂ 6.1 ਪ੍ਰਤੀਸ਼ਤ ਘਟ ਕੇ 632,200 ਰਹਿ ਗਈਆਂ, ਜਿਸ ਵਿਚ ਮਈ 2022 ਤੋਂ ਬਾਅਦ ਲਗਾਤਾਰ ਗਿਰਾਵਟ ਦਾ ਸਿਲਸਿਲਾ ਜਾਰੀ ਹੈ।

ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਸਟੈਟਿਸਟਿਕਸ ਕੈਨੇਡਾ ਨੇ ਦੱਸਿਆ ਕਿ ਸਤੰਬਰ ਵਿੱਚ ਦੇਸ਼ ਦੀਆਂ ਨੌਕਰੀਆਂ ਦੀਆਂ ਅਸਾਮੀਆਂ ਫਰਵਰੀ 2021 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਸਨ। ਕੁੱਲ ਲੇਬਰ ਦੀ ਮੰਗ, ਜੋ ਕਿ ਭਰੀਆਂ ਅਤੇ ਖਾਲੀ ਅਸਾਮੀਆਂ ਦਾ ਜੋੜ ਹੈ, ਦੇ ਵਿੱਚ ਲਗਾਤਾਰ ਤੀਜੇ ਮਹੀਨੇ ਵਿੱਚ ਗਿਰਾਵਟ ਦਰਜ ਕੀਤੀ ਗਈ। ਰਾਸ਼ਟਰੀ ਅੰਕੜਾ ਏਜੰਸੀ ਨੇ ਕਿਹਾ ਕਿ ਨੌਕਰੀ ਦੀਆਂ ਖਾਲੀ ਅਸਾਮੀਆਂ ਦੀ ਦਰ ਸਤੰਬਰ ਵਿੱਚ 0.2 ਪ੍ਰਤੀਸ਼ਤ ਅੰਕ ਘਟ ਕੇ 3.6 ਪ੍ਰਤੀਸ਼ਤ ਹੋ ਗਈ, ਜੋ ਕਿ ਜਨਵਰੀ 2021 ਤੋਂ ਬਾਅਦ ਸਭ ਤੋਂ ਨੀਵਾਂ ਪੱਧਰ ਹੈ।

ਚਾਰ ਸੈਕਟਰਾਂ ਰਿਹਾਇਸ਼ ਅਤੇ ਭੋਜਨ ਸੇਵਾਵਾਂ, ਉਸਾਰੀ, ਵਿੱਤ ਅਤੇ ਬੀਮਾ ਅਤੇ ਜਨਤਕ ਪ੍ਰਸ਼ਾਸਨ ਵਿੱਚ ਖਾਲੀ ਅਸਾਮੀਆਂ ਦੀ ਗਿਣਤੀ ਘਟੀ ਹੈ।

ਇਸ ਵਿੱਚ ਦੱਸਿਆ ਗਿਆ ਕਿ ਵਿਦਿਅਕ ਸੇਵਾਵਾਂ ਅਤੇ ਸੂਚਨਾ ਤੇ ਸੱਭਿਆਚਾਰਕ ਉਦਯੋਗਾਂ ਵਿੱਚ ਵਧੇਰੇ ਖਾਲੀ ਅਸਾਮੀਆਂ ਵਿੱਚ ਭਰਤੀ ਦੁਆਰਾ ਇਹ ਕਮੀਆਂ ਅੰਸ਼ਕ ਤੌਰ 'ਤੇ ਭਰੀਆਂ ਗਈਆਂ। ਸਤੰਬਰ ਵਿੱਚ ਹਰ ਖਾਲੀ ਅਸਾਮੀ ਦੀ ਨੌਕਰੀ ਲਈ 1.9 ਬੇਰੁਜ਼ਗਾਰ ਵਿਅਕਤੀ ਸਨ, ਜੋ ਅਗਸਤ ਵਿੱਚ 1.8 ਅਤੇ ਸਾਲ ਦੀ ਸ਼ੁਰੂਆਤ ਵਿੱਚ 1.2 ਤੋਂ ਵੱਧ ਹੈ। ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਬੇਰੁਜ਼ਗਾਰੀ-ਤੋਂ-ਨੌਕਰੀ ਖਾਲੀ ਅਸਾਮੀਆਂ ਦੇ ਅਨੁਪਾਤ ਵਿੱਚ ਵਾਧਾ ਘੱਟ ਅਸਾਮੀਆਂ ਵਿੱਚ ਭਰਤੀ ਕਾਰਨ ਹੋਇਆ। ਇਹਨਾਂ ਅੰਕੜਿਆਂ ਦੇ ਸਾਹਮਣੇ ਆਉਣ ਨਾਲ ਸਪੱਸ਼ਟ ਹੈ ਕਿ ਉੱਥੇ ਰਹਿ ਰਹੇ ਪੰਜਾਬੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਪ੍ਰਭਾਵਿਤ ਹੋਣਗੇ।

# ਕੈਨੇਡੀਅਨ ਸਿਆਸਤਦਾਨ ਦਲਜੀਤ ਸਿੰਘ ਬਰਾੜ ਮੈਨੀਟੋਬਾ ਦੀ ਵਿਧਾਨ ਸਭਾ ਦੇ ਅਸਿਸਟੈਂਟ ਸਪੀਕਰ ਬਣੇ

## 13 ਅਪ੍ਰੈਲ ਨੂੰ ਟਰਬਨ ਡੇਅ ਬਣਾਉਣ ਦਾ ਮਤਾ ਵੀ ਕੀਤਾ ਸੀ ਪੇਸ਼



ਮੈਨੀਟੋਬਾ/ਏ.ਟੀ.ਨਿਊਜ਼ : ਕੈਨੇਡਾ ਵਿੱਚ ਇੱਕ ਹੋਰ ਪੰਜਾਬੀ ਨੇ ਸਿਆਸਤ ਵਿੱਚ ਵੱਡਾ ਮੁਕਾਮ ਹਾਸਲ ਕੀਤਾ ਹੈ। ਕੈਨੇਡੀਅਨ ਸਿਆਸਤਦਾਨ ਦਲਜੀਤ ਸਿੰਘ ਬਰਾੜ ਮੈਨੀਟੋਬਾ ਦੀ ਵਿਧਾਨਸਭਾ ਦੇ ਅਸਿਸਟੈਂਟ ਸਪੀਕਰ ਚੁਣੇ ਗਏ ਹਨ। ਉਹ ਇਸ ਅਹੁਦੇ ਦੇ ਬੈਠਣ ਵਾਲੇ ਪਹਿਲੇ ਸਿੱਖ ਬਣ ਗਏ ਹਨ। ਦਲਜੀਤ ਸਿੰਘ ਬਰਾੜ ਮੁਕਤਸਰ ਦੇ ਭੰਚਾਰੀ ਪਿੰਡ ਦੇ ਰਹਿਣ ਵਾਲੇ ਹਨ। ਬਰਾੜ ਦੂਜੀ ਵਾਰ ਬਰੋਜ਼ ਤੋਂ ਵਿਧਾਇਕ ਚੁਣ ਕੇ ਵਿਧਾਨ ਸਭਾ ਵਿੱਚ ਪਹੁੰਚੇ ਹਨ। ਉਨ੍ਹਾਂ ਨੇ 29 ਨਵੰਬਰ ਨੂੰ ਆਪਣਾ ਅਹੁਦਾ ਸੰਭਾਲਿਆ ਸੀ।

ਦਲਜੀਤ ਸਿੰਘ ਦੇ ਪਿਤਾ ਮੰਗਲ ਸਿੰਘ ਸ਼੍ਰੀ ਮੁਕਤਸਰ ਸਾਹਿਬ ਦੇ ਸ਼ਹਿਰ ਵਿੱਚ ਰਹਿੰਦੇ ਹਨ ਅਤੇ ਉਹ ਸਰਕਾਰੀ ਸਕੂਲ ਦੇ ਰਿਟਾਇਰਡ ਅਧਿਆਪਕ ਹਨ। ਉਨ੍ਹਾਂ ਨੇ ਕਿਹਾ ਸਾਡੇ ਪਰਿਵਾਰ ਅਤੇ ਪੰਜਾਬ ਦੇ ਲਈ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦਾ ਪੁੱਤਰ ਪਹਿਲਾਂ ਕੇਸਾਧਾਰੀ ਸਿੱਖ ਹੈ ਜੋ ਸਪੀਕਰ ਦੀ ਕੁਰਸੀ 'ਤੇ ਬੈਠਾ ਹੈ। ਦਲਜੀਤ ਸਿੰਘ ਬਰਾੜ ਪੰਜਾਬ ਤੋਂ ਕੈਨੇਡਾ 2010 ਵਿੱਚ ਗਏ ਸਨ ਅਤੇ 13 ਸਾਲ ਦੇ ਅੰਦਰ ਹੀ ਉਨ੍ਹਾਂ ਨੇ ਸਿਆਸਤ ਵਿੱਚ ਵੱਡਾ ਮੁਕਾਮ ਹਾਸਲ ਕਰ ਲਿਆ ਹੈ।

ਪਿਤਾ ਮੰਗਲ ਸਿੰਘ ਨੇ ਦੱਸਿਆ ਕਿ ਦਲਜੀਤ ਅਤੇ ਉਸ ਦੀ ਪਤਨੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਵਿਦਿਆਰਥੀ ਹਨ। ਉਨ੍ਹਾਂ ਨੇ ਉੱਥੇ ਸਹਾਇਕ ਪ੍ਰੋਫੈਸਰ ਵਜੋਂ ਕੰਮ ਕੀਤਾ ਸੀ। ਦਲਜੀਤ ਸਿੰਘ ਨੇ ਜਗਮੀਤ ਸਿੰਘ ਦੀ ਪਾਰਟੀ ਨਿਊ ਡੈਮੋਕ੍ਰੇਟਿਕ ਪਾਰਟੀ ਤੋਂ ਚੋਣ ਜਿੱਤੀ ਸੀ ਅਤੇ ਪਿਛਲੇ ਸਾਲ ਉਨ੍ਹਾਂ ਨੇ ਵਿਧਾਨਸਭਾ ਦੇ ਅੰਦਰ ਇੱਕ ਪ੍ਰਾਈਵੇਟ ਬਿੱਲ ਪੇਸ਼ ਕੀਤਾ ਸੀ ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਹਰ ਸਾਲ 13 ਅਪ੍ਰੈਲ ਵਿਸਾਖੀ ਨੂੰ ਟਰਬਨ ਡੇਅ ਦੇ ਤੌਰ 'ਤੇ ਮਨਾਇਆ ਜਾਵੇਗਾ। ਦਲਜੀਤ ਸਿੰਘ ਵਿਧਾਇਕ ਦੇ ਨਾਲ ਬੁੱਲਾ ਆਰਟ ਇੰਟਰਨੈਸ਼ਨਲ ਦੇ ਡਾਇਰੈਕਟਰ ਵੀ ਸਨ ਜੋ ਪੰਜਾਬੀ ਕਲਚਰ ਅਤੇ ਸਿੱਖਿਆ ਦੇ ਪ੍ਰੋਗਰਾਮ ਨੂੰ ਉਤਸ਼ਾਹਿਤ ਕਰਦਾ ਹੈ।

# ਪੰਜਾਬ ਦੀ ਧੀ ਨੇ ਅਮਰੀਕੀ ਫ਼ੌਜ 'ਚ ਭਰਤੀ ਹੋ ਕੇ ਚਮਕਾਇਆ ਨਾਮ




ਨਡਾਲਾ/ਏ.ਟੀ.ਨਿਊਜ਼: ਨਡਾਲਾ ਦੇ ਪਿੰਡ ਮਿਰਜ਼ਾਪੁਰ ਦੀ ਹੋਣਹਾਰ ਧੀ ਕੋਮਲ ਪੰਨੂ ਨੇ ਅਮਰੀਕਾ 'ਚ ਆਪਣੀ ਪੜ੍ਹਾਈ ਪੂਰੀ ਕਰਦਿਆਂ ਅਮਰੀਕਾ ਫ਼ੌਜ 'ਚ ਭਰਤੀ ਹੋ ਕੇ ਮਾਪਿਆਂ, ਇਲਾਕੇ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਇਸ ਸਬੰਧੀ ਅਮਰੀਕਾ ਤੋਂ ਫੋਨ 'ਤੇ ਜਾਣਕਾਰੀ ਦਿੰਦਿਆਂ ਕੋਮਲ ਪੰਨੂ ਦੇ ਪਿਤਾ ਬਿਕਰਮਜੀਤ ਸਿੰਘ ਪੰਨੂ ਨੇ ਦੱਸਿਆ ਕਿ ਉਹ ਅੱਜ ਤੋਂ 10 ਸਾਲ ਪਹਿਲਾਂ ਚੰਗੇ ਭਵਿੱਖ ਦੀ ਭਾਲ 'ਚ ਅਮਰੀਕਾ ਗਿਆ ਸੀ ਅਤੇ ਉਸ ਦੀ ਬੇਟੀ ਕੋਮਲ ਨੇ 8ਵੀਂ ਤੱਕ ਪੜ੍ਹਾਈ ਕਰਕੇ 2019 ਵਿੱਚ ਪਰਿਵਾਰ ਸਮੇਤ ਅਮਰੀਕਾ ਆ ਗਈ, ਜਿੱਥੇ ਉਸ ਨੇ ਆਪਣੀ ਗ੍ਰੈਜੂਏਸ਼ਨ ਪੂਰੀ ਕਰਕੇ ਅਮਰੀਕਾ ਦੇ ਸੈਕਰਮਿੰਟੋ ਵਿਖੇ ਰੈਂਕ ਈ-2 'ਚ ਅਮਰੀਕਾ ਫ਼ੌਜ ਨੂੰ ਜੁਆਇਨ ਕੀਤਾ ਹੈ। ਕੋਮਲ ਪੰਨੂ ਦੀ ਇਸ ਪ੍ਰਾਪਤੀ 'ਤੇ ਪਿੰਡ ਮਿਰਜ਼ਾਪੁਰ ਵਿੱਚ ਰਹਿੰਦੇ ਦਾਦਾ-ਦਾਦੀ ਨੂੰ ਲੋਕ ਵਧਾਈਆਂ ਦੇਣ ਪਹੁੰਚ ਰਹੇ ਹਨ।

# ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ




ਐਲਸਬਰਾਂਟੇ,ਕੈਲੀਫੋਰਨੀਆਂ/ਪ੍ਰਮਿੰਦਰ ਸਿੰਘ ਪ੍ਰਵਾਨਾ: ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿੱਖੇ ਸਜੇ ਹਫ਼ਤਾਵਾਰੀ ਦੀਵਾਨਾਂ ਵਿੱਚ ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਰੌਸ਼ਨੀ ਪਾਈ ਗਈ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਭਾਰਤ ਵਹਿਮਾਂ ਭਰਮਾਂ, ਤਅੱਸਬ, ਵੈਰ ਵਿਰੋਧ ਦਾ ਸ਼ਿਕਾਰ ਸੀ। ਲੋਕ ਢਹਿੰਦੀ ਕਲਾ ਵੱਲ ਜਾ ਰਹੇ ਸਨ। ਰੋਜ਼ਾਨਾਂ ਜੀਵਨ ਵਿੱਚ ਨਿਘਾਰ ਆ ਚੁੱਕਾ ਸੀ। ਲੋਕ ਜ਼ੁਲਮ ਅਤੇ ਪਾਪ ਹੇਠ ਪਿੱਸ ਰਹੇ ਸਨ।

ਉਨ੍ਹਾਂ ਦਾ ਕੋਈ ਰਹਿਬਰ ਨਹੀਂ ਸੀ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਲੁੱਟ ਰਹੇ ਸਨ। ਰਾਜਨੀਤਿਕ ਲੋਟੂ ਟੋਲਾ ਵੀ ਹਾਵੀ ਸੀ। ਲੋਕ ਉਸ ਵੇਲੇ ਦੇ ਪ੍ਰਚਲਿਤ ਧਰਮਾਂ ਤੋਂ ਨਿਰਾਸ਼ ਸਨ। ਆਮ ਜਨਤਾ ਨੂੰ ਆਸ ਸੀ ਕਿ ਕੋਈ ਸੂਰਮਾ ਮੁਕਤੀਦਾਤਾ ਉਠੇਗਾ ਜਿਹੜਾ ਦੱਬੇ ਕੁਚਲੇ ਮੰਦ ਭਾਗੇ ਲੋਕਾਂ ਨੂੰ ਮਨੁੱਖਤਾ ਦੇ ਵੈਰੀਆਂ ਤੋਂ ਛਡਾਵੇਗਾ। ਜੋ ਜਾਬਰ ਜਰਵਾਣਿਆਂ ਨੂੰ ਵੰਗਾਰੇਗਾ। ਉਹ ਮਹਾਨ ਸ਼ਖਸ਼ੀਅਤ ਗੁਰੂ ਨਾਨਕ ਦੇਵ ਜੀ ਹੀ ਤਾਂ ਸਨ।

ਧਾਰਮਿਕ ਕਵੀ ਦਰਬਾਰ ਵਿੱਚ ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਤਰਲੋਚਨ ਸਿੰਘ ਦੁਪਾਲਪੁਰੀ, ਬੀਬੀ ਬਲਵਿੰਦਰ ਕੌਰ, ਮਹਿੰਦਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਗੁਰਮਤਿ ਆਸ਼ੇ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਜੱਸ ਗਾਉਂਦੀਆਂ ਰਚਨਾਵਾਂ ਨਾਲ ਸੰਗਤ ਨੂੰ ਨਿਹਾਲ ਕੀਤਾ। ਗੁਰਦੁਆਰਾ ਕਮੇਟੀ ਦੇ ਸਕੱਤਰ ਗੁਰਜੀਤ ਸਿੰਘ ਨੇ ਇਸ ਮੌਕੇ ਕਿਹਾ ਕਿ ਅਮਰੀਕੀ ਪੰਜਾਬੀ ਕਵੀ ਅਕਸਰ ਹੀ ਗੁਰਦੁਆਰਾ ਸਾਹਿਬ ਅੰਦਰ ਧਾਰਮਿਕ ਕਵੀ ਦਰਬਾਰ ਸਜਾਉਂਦੇ ਰਹਿੰਦੇ ਹਨ। ਅੱਗੇ ਤੋਂ ਵੀ ਕਵੀਆਂ ਨੂੰ ਖੁੱਲ੍ਹਾ ਸੱਦਾ ਹੈ। ਅਗਲਾ ਪ੍ਰੋਗਰਾਮ 31 ਦਸੰਬਰ 2023 ਨੂੰ ਰਾਤ 8-9 ਵਜੇ ਹੋਵੇਗਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਵੀ ਕੀਤਾ ਗਿਆ।

## ਦਰਪਣ ਝੂਠ ਨਹੀਂ ਬੋਲਦਾ

# ਚੋਣਾਂ ਵਿੱਚ ਵਸੁੰਧਰਾ-ਸ਼ਿਵਰਾਜ, ਯੋਗੀ ਵਰਗੇ ਨੇਤਾਵਾਂ ਦੀ ਤਾਕਤ ਦਾ ਹੋਇਆ ਉਭਾਰ

ਪੰਜ ਵਿੱਚੋਂ ਤਿੰਨ ਰਾਜਾਂ ਵਿੱਚ ਭਾਜਪਾ ਦੀ ਜਿੱਤ ਦਾ ਜਸ਼ਨ ਜਾਰੀ ਹੈ। ਇਨ੍ਹਾਂ ਰਾਜਾਂ ਦੇ ਚੋਣ ਨਤੀਜਿਆਂ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜੋੜੀ ਨੂੰ ਦਿੱਤਾ ਜਾ ਰਿਹਾ ਹੈ। ਮੱਧ ਪ੍ਰਦੇਸ਼ ਦੀ ਗੱਲ ਕਰੀਏ ਤਾਂ ਉੱਥੇ ਭਾਜਪਾ ਹੁਣ ਮੁੱਖ ਮੰਤਰੀ ਸ਼ਿਵਰਾਜ ਸਿੰਘ ਨੂੰ ਪਾਸੇ ਕਰਨ ਦਾ ਖੱਤਰਾ ਮੁਲ ਨਹੀਂ ਲੈ ਸਕਦੀ। ਦੱਸ ਦੇਈਏ ਕਿ ਭਾਜਪਾ ਦੀ ਰਾਸ਼ਟਰੀ ਲੀਡਰਸ਼ਿਪ ਨੇ ਚੋਣਾਂ ਦੇ ਐਲਾਨ ਤੋਂ ਪਹਿਲਾਂ ਹੀ ਸ਼ਿਵਰਾਜ ਨੂੰ ਪਾਸੇ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਭਾਜਪਾ ਲੀਡਰਸ਼ਿਪ ਨੂੰ ਲੱਗਦਾ ਸੀ ਕਿ ਸ਼ਿਵਰਾਜ ਦਾ ਪੱਤਾ ਸਿਆਸਤ ਵਿੱਚ ਨਹੀਂ ਚਲੇਗਾ। ਇਸੇ ਲਈ ਮੋਦੀ ਦੇ ਨਿਰਦੇਸ਼ਾਂ 'ਤੇ ਵਾਰ-ਵਾਰ ਭੋਪਾਲ ਪਹੁੰਚਣ ਵਾਲੇ ਅਮਿਤ ਸ਼ਾਹ ਲੰਬੀਆਂ ਮੀਟਿੰਗਾਂ ਰਾਹੀਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਕੇਂਦਰੀ ਲੀਡਰਸ਼ਿਪ ਨੂੰ ਸ਼ਿਵਰਾਜ 'ਤੇ ਭਰੋਸਾ ਨਹੀਂ ਹੈ ਅਤੇ ਉਹ ਇਸ ਦਾ ਬਦਲ ਲਭ ਰਹੀ ਹੈ ਪਰ ਸ਼ਿਵਰਾਜ ਨੇ ਉਹ ਕਰ ਵਿਖਾਇਆ ਜਿਸ ਦੀ ਭਾਜਪਾ ਦੇ ਹਾਈਕਮਾਂਡ ਆਗੂ ਤੇ ਸੀਨੀਅਰ ਨੇਤਾ ਖ਼ੁਦ ਕਲਪਨਾ ਵੀ ਨਹੀਂ



ਕਰ ਸਕਦੇ ਸਨ ਖੁੱਲ ਮਿਲਾ ਕੇ ਭਾਜਪਾ ਨੇ ਰਾਜਸਥਾਨ ਵਿੱਚ ਵੀ ਅਜਿਹਾ ਹੀ ਕੀਤਾ ਸੀ। ਉੱਥੇ ਵਸੁੰਧਰਾ ਰਾਜੇ ਪਿਛਲੇ ਵੀਹ ਸਾਲਾਂ ਤੋਂ ਭਾਜਪਾ ਦਾ ਪ੍ਰਮੁੱਖ ਚਿਹਰਾ ਰਹੀ ਹੈ। ਪਰ ਇਸ ਵਾਰ ਭਾਜਪਾ ਲੀਡਰਸ਼ਿਪ ਨੇ ਉਸ ਨੂੰ ਪਾਸੇ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਹਾਲਾਂ ਕਿ ਰਾਜਸਥਾਨ ਵਿੱਚ ਭਾਜਪਾ ਦੀ ਜਿੱਤ ਮੱਧ ਪ੍ਰਦੇਸ਼ ਦੀ ਤਰ੍ਹਾਂ ਨਹੀਂ ਹੈ। ਮੱਧ ਪ੍ਰਦੇਸ਼ ਵਿੱਚ ਸ਼ਿਵਰਾਜ ਡੇਢ ਸਾਲ ਨੂੰ ਛੱਡ ਕੇ ਲਗਾਤਾਰ ਦੋ ਦਹਾਕਿਆਂ ਤੱਕ ਮੁੱਖ ਮੰਤਰੀ ਰਹੇ ਹਨ, ਜਦੋਂ ਕਿ ਰਾਜਸਥਾਨ ਵਿੱਚ ਹਰ ਪੰਜ ਸਾਲ ਬਾਅਦ ਸੱਤਾ ਬਦਲਦੀ ਰਹੀ ਹੈ। ਪਰ ਮੋਦੀ ਦੇ ਕਹਿਣ 'ਤੇ ਸ਼ਾਹ ਨੇ ਨਾ ਸਿਰਫ਼ ਵਸੁੰਧਰਾ ਨੂੰ ਪਾਸੇ ਕਰਨ ਦੀ ਕੋਸ਼ਿਸ਼ ਕੀਤੀ, ਸਗੋਂ ਅਜਿਹੀ ਸਥਿਤੀ ਪੈਦਾ ਕਰਨ ਦੀ ਵੀ ਕੋਸ਼ਿਸ਼ ਕੀਤੀ ਜਿੱਥੇ ਉਹ ਕਿਸੇ ਤਰ੍ਹਾਂ ਚੋਣ ਹਾਰ ਜਾਵੇ।

ਇਕ ਸਮੇਂ ਤਾਂ ਇਹ ਵੀ ਕਿਆਸ ਲਗਾਏ ਜਾ ਰਹੇ ਸਨ ਕਿ ਜੇਕਰ ਪਾਰਟੀ ਲੀਡਰਸ਼ਿਪ ਨੇ ਵਸੁੰਧਰਾ ਨਾਲ ਅਜਿਹਾ ਹੀ ਵਿਵਹਾਰ ਜਾਰੀ ਰੱਖਿਆ ਤਾਂ ਉਹ ਵੱਖਰੀ ਪਾਰਟੀ ਬਣਾ ਕੇ ਚੋਣ ਲੜ ਸਕਦੀ ਹੈ। ਪਰ ਆਖਰਕਾਰ ਭਾਜਪਾ ਲੀਡਰਸ਼ਿਪ ਨੂੰ ਵਸੁੰਧਰਾ ਅੱਗੇ ਆਤਮ ਸਮਰਪਣ ਕਰਨਾ ਪਿਆ, ਤਦ ਹੀ ਭਾਜਪਾ ਸੱਤਾ ਤੱਕ ਪਹੁੰਚ ਸਕੀ। ਇੱਥੇ ਸੱਤਾ ਸੰਘਰਸ਼ ਦਾ ਅਗਲਾ ਦੌਰ ਦਿਲਚਸਪ ਹੋਣ ਦੀ ਸੰਭਾਵਨਾ ਹੈ। ਪਾਰਟੀ ਲੀਡਰਸ਼ਿਪ ਰਾਜਸਥਾਨ ਦੇ ਉੱਚ ਅਹੁਦੇ 'ਤੇ ਪਹੁੰਚਣ ਦੇ ਰਾਹ ਵਿੱਚ ਰੁਕਾਵਟਾਂ ਖੜ੍ਹੀਆਂ ਕਰਦੀ ਰਹੇਗੀ ਅਤੇ ਇਹ ਦੇਖਣਾ ਬਾਕੀ ਹੈ ਕਿ ਮੋਦੀ-ਸ਼ਾਹ ਵਸੁੰਧਰਾ ਦੀ ਸਿਆਸੀ ਮਿਜਾਈਲ ਨਾਲ ਕਿਵੇਂ ਨਜਿੱਠਦੇ ਹਨ।ਛੱਤੀਸਗੜ੍ਹ ਨੂੰ ਵੀ ਸਹੀ ਢੰਗ ਨਾਲ ਦੇਖਣ ਦੀ ਲੋੜ ਹੈ। ਪਿਛਲੀ ਵਾਰ ਸੱਤਾ ਵਿੱਚ ਆਉਣ ਤੋਂ ਬਾਅਦ ਭਾਜਪਾ ਲੀਡਰਸ਼ਿਪ ਨੇ ਇੱਕ ਤਰ੍ਹਾਂ ਨਾਲ ਹਥਿਆਰ ਸੁਟ ਦਿਤੇ ਸਨ ਪਰ ਰਮਨ ਸਿੰਘ ਨੇ ਪਿੰਡਾਂ ਵਿੱਚ ਘੁੰਮਣਾ ਬੰਦ ਨਹੀਂ ਕੀਤਾ ਸੀ। ਉਹ ਸੂਬੇ ਵਿੱਚ ਕਿਸੇ ਵੀ ਭਾਜਪਾ ਆਗੂ ਨਾਲੋਂ ਵੱਧ ਸਰਗਰਮ ਸਨ। ਪਰ ਭਾਜਪਾ ਲੀਡਰਸ਼ਿਪ ਨੇ ਆਖਰੀ ਸਮੇਂ 'ਤੇ ਮਹਾਦੇਵ ਐਪ ਦੇ ਹਥਿਆਰ ਨਾਲ ਨਾ ਸਿਰਫ਼ ਝੂਠ ਫੈਲਾਇਆ, ਸਗੋਂ ਰਮਨ ਸਿੰਘ ਨੂੰ ਵੀ ਆਖਰੀ ਸਮੇਂ 'ਤੇ ਅਹਿਮੀਅਤ ਦਿੱਤੀ। ਰਮਨ ਸਿੰਘ ਨੇ ਇੱਕ ਤਰ੍ਹਾਂ ਨਾਲ ਭਾਜਪਾ ਲੀਡਰਸ਼ਿਪ ਨੂੰ 'ਨਿਮਰ' ਢੰਗ ਨਾਲ ਇਹ ਯਕੀਨ ਦਿਵਾਇਆ ਕਿ ਜੇਕਰ ਉਹ ਉਸ ਨੂੰ ਅਹਿਮੀਅਤ ਦੇਣਗੇ ਤਾਂ ਹੀ ਇਸ ਦਾ ਪਾਰਟੀ ਨੂੰ ਫਾਇਦਾ ਹੋਵੇਗਾ। ਮੋਦੀ-ਸ਼ਾਹ ਨੂੰ ਇਹ ਗੱਲ ਬਹੁਤ ਦੇਰ ਨਾਲ ਸਮਝ ਆਈ।ਜਿੱਤ ਦੇ ਹਾਰ ਵਿੱਚ ਹੋਰ ਤੱਥ ਹਨ। ਭਾਜਪਾ ਲੀਡਰਸ਼ਿਪ ਇਹ ਮੰਨ ਰਹੀ ਹੈ ਕਿ ਮੋਦੀ ਹੀ ਅਜਿਹਾ ਚਿਹਰਾ ਹੈ ਜੋ ਜਿੱਤ ਦਿਵਾ ਸਕਦਾ ਹੈ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਨਤੀਜਿਆਂ ਨੇ ਉਸ ਦੇ ਸਾਹਮਣੇ ਇਹ ਸੱਚਾਈ ਲਿਆ ਦਿੱਤੀ ਹੈ ਕਿ ਮੋਦੀ ਸਥਾਨਕ ਨੇਤਾਵਾਂ ਤੋਂ ਬਿਨਾਂ ਕੁਝ ਵੀ ਨਹੀਂ ਹੈ। ਮੋਦੀ ਸਭ ਤੋਂ ਵੱਡਾ ਚਿਹਰਾ ਹੋ ਸਕਦਾ ਹੈ, ਕਿਉਂਕਿ ਉਹ ਪ੍ਰਧਾਨ ਮੰਤਰੀ ਹੋਣ ਕਾਰਨ ਹੋਣਾ ਚਾਹੀਦਾ ਹੈ, ਪਰ ਰਾਜਾਂ ਦੇ ਪ੍ਰਮੁੱਖ ਨੇਤਾਵਾਂ ਦੇ ਸਰਗਰਮ ਸਮਰਥਨ ਤੋਂ ਬਿਨਾਂ ਉਹ 2024 ਦੀਆਂ ਚੋਣਾਂ ਵਿੱਚ ਕੁਝ ਚੰਗਾ ਕਰਨ ਬਾਰੇ ਸੋਚ ਵੀ ਨਹੀਂ ਸਕਦੇ।ਇਸੇ ਲਈ ਭਾਵੇਂ ਯੋਗੀ, ਸ਼ਿਵਰਾਜ ਅਤੇ ਵਸੁੰਧਰਾ ਨੂੰ ਮੁੱਖ ਮੰਤਰੀ ਦਾ ਅਹੁਦਾ ਨਹੀਂ ਮਿਲਦਾ, ਇਹ ਤਿਕੜੀ ਅਜੇ ਵੀ ਮੋਦੀ-ਸ਼ਾਹ ਦੀ 'ਇਕੋ ਛੱਤਰੀ ਸਿਆਸਤ' ਲਈ ਖ਼ਤਰੇ ਦੀ ਘੰਟੀ ਹੈ। ਰਮਨ ਸਿੰਘ ਨੂੰ ਇਨ੍ਹਾਂ ਆਗੂਆਂ ਤੋਂ ਅਲੱਗ ਰੱਖਣਾ ਚਾਹੀਦਾ ਹੈ ਕਿਉਂਕਿ ਰਮਨ ਸਿੰਘ ਨੇ ਕਦੇ ਵੀ ਪਾਰਟੀ ਲੀਡਰਸ਼ਿਪ ਨੂੰ ਚੁਣੌਤੀ ਦੇਣ ਵਾਲੀ ਰਾਜਨੀਤੀ ਨਹੀਂ ਕੀਤੀ।

# ਮੁਫ਼ਤ ਸਹੂਲਤਾਂ ਤੇ ਫਜ਼ੂਲ ਖ਼ਰਚੀ ਕਾਰਨ 'ਆਪ' ਸਰਕਾਰ ਨੇ ਪੰਜਾਬ ਸਿਰ ਚਾੜ੍ਹਿਆ ਵਿਸ਼ਾਲ ਕਰਜ਼ਾ

## 2 ਸਾਲਾਂ ਵਿੱਚ ਪੰਜਾਬ ਸਿਰ ਕਰਜ਼ਾ 4 ਲੱਖ ਕਰੋੜ ਤੋਂ ਵੀ ਵਧ ਜਾਵੇਗਾ

### ਪੰਜਾਬ ਸਰਕਾਰ ਨੇ ਪਿਛਲੇ ਡੇਢ ਸਾਲ 'ਚ ਹੀ 70 ਹਜ਼ਾਰ ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ




ਪੰਜਾਬ ਸਿਰ ਕਰਜ਼ਾ 1984 ਦੇ ਪੰਜਾਬ ਸੰਤਾਪ ਦੌਰਾਨ ਸ਼ੁਰੂ ਹੋਇਆ। 1984 ਤੋਂ 1994 ਤੱਕ ਕੇਂਦਰ ਨੇ ਪੰਜਾਬ ਸਿਰ ਸੁਰੱਖਿਆ ਦਲਾਂ ਦਾ ਖਰਚਾ 5800 ਕਰੋੜ ਰੁਪਿਆ ਕਰਜ਼ੇ ਦੇ ਰੂਪ ਵਿੱਚ ਖੜ੍ਹਾ ਕਰ ਦਿੱਤਾ ਸੀ। ਸੰਨ 2000 ਤੱਕ ਪੰਜਾਬ ਸਿਰ ਕਰਜ਼ਾ ਸਿਰਫ਼ 8500 ਕਰੋੜ ਰੁਪਏ ਸੀ। ਇਸ ਦਰਮਿਆਨ 1997-98 ਵਿੱਚ ਇੱਕ ਪੰਜਾਬੀ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ਇਹ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ, ਕੁਝ ਕਿਸ਼ਤਾਂ ਮੁਆਫ਼ ਵੀ ਹੋਈਆਂ ਪਰ ਪ੍ਰਕਾਸ਼ ਸਿੰਘ ਬਾਦਲ ਦੇ ਦੌਰ ਵਿੱਚ ਸਬਸਿਡੀਆਂ ਦਾ ਦੌਰ ਸ਼ੁਰੂ ਹੋ ਗਿਆ। ਕੈਪਟਨ ਅਮਰਿੰਦਰ ਸਿੰਘ ਵੀ ਉਸੇ ਨੀਤੀ 'ਤੇ ਚੱਲੇ ਅਤੇ ਹੁਣ ਦੀ ਭਗਵੰਤ ਮਾਨ ਸਰਕਾਰ ਉਸ ਤੋਂ ਵਧੇਰੇ ਤੇਜ਼ੀ ਨਾਲ ਕਰਜ਼ਾ ਚੁੱਕ ਕੇ ਮੁਫ਼ਤ ਸਹੂਲਤਾਂ ਦੇਣ ਦੇ ਰਾਹ 'ਤੇ ਚੱਲ ਰਹੀ ਹੈ।2006-07 ਵਿੱਚ ਪੰਜਾਬ ਸਿਰ ਕਰਜ਼ਾ 40 ਹਜ਼ਾਰ ਕਰੋੜ ਰੁਪਏ ਹੋ ਗਿਆ ਸੀ। 2009-10 ਵਿੱਚ ਇਹ ਕਰਜ਼ਾ 53,282 ਕਰੋੜ ਰੁਪਏ ਅਤੇ ਸਾਲ 2014-15 ਵਿੱਚ 88,818 ਕਰੋੜ ਰੁਪਏ 'ਤੇ ਪੁੱਜ ਗਿਆ। 2019-20 ਵਿੱਚ ਤਾਂ ਇਹ ਕਰਜ਼ਾ ਦੁੱਗਣੇ ਤੋਂ ਵੀ ਵਧੇਰੇ 1 ਲੱਖ, 93 ਹਜ਼ਾਰ ਕਰੋੜ ਰੁਪਏ ਸੀ। ਉਸ ਵੇਲੇ ਕਿਹਾ ਗਿਆ ਕਿ 31 ਮਾਰਚ, 2020 ਤੱਕ ਪੰਜਾਬ ਸਿਰ 2.48 ਲੱਖ ਕਰੋੜ ਦਾ ਕਰਜ਼ਾ ਹੋਵੇਗਾ, ਪਿਛਲੇ ਵਿੱਤੀ ਸਾਲ ਵੇਲੇ ਇਹ ਕਰਜ਼ਾ 3 ਲੱਖ, 12 ਹਜ਼ਾਰ ਕਰੋੜ ਰੁਪਏ ਸੀ, ਜੇਕਰ ਕਰਜ਼ਾ ਲੈਣ ਦੀ ਇਹ ਰਫ਼ਤਾਰ ਜਾਰੀ ਰਹੀ ਤਾਂ 2 ਸਾਲਾਂ ਵਿੱਚ ਪੰਜਾਬ ਸਿਰ ਕਰਜ਼ਾ 4 ਲੱਖ ਕਰੋੜ ਤੋਂ ਵੀ ਵਧ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦਾ ਸਾਲ 1997-98 ਵਿਚ ਬਿਜਲੀ ਸਬਸਿਡੀ ਦਾ ਬਿੱਲ 604.57 ਕਰੋੜ ਰੁਪਏ ਸਾਲਾਨਾ ਸੀ ਜੋ ਹੁਣ 20,000 ਕਰੋੜ ਰੁਪਏ ਦੇ ਨੇੜੇ ਹੋ ਜਾਵੇਗਾ। ਔਰਤਾਂ ਲਈ ਮੁਫ਼ਤ ਟਰਾਂਸਪੋਰਟ ਦੀ ਸਬਸਿਡੀ ਦਾ ਬਿੱਲ ਹੀ 547 ਕਰੋੜ ਦੱਸਿਆ ਜਾ ਰਿਹਾ ਹੈ। ਸਾਨੂੰ ਫ਼ਿਕਰ ਹੈ ਕਿ ਜਿਸ ਰਫ਼ਤਾਰ ਨਾਲ ਪੰਜਾਬ ਸਿਰ ਕਰਜ਼ਾ ਵਧ ਰਿਹਾ ਹੈ, ਉਹ ਅਦਾ ਕਿਵੇਂ ਹੋਵੇਗਾ।

ਇਕ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਪਿਛਲੇ ਡੇਢ ਸਾਲ ਵਿੱਚ ਹੀ 70 ਹਜ਼ਾਰ ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਹੈ। ਬੇਸ਼ੱਕ ਉਸ ਦਾ ਦਾਅਵਾ ਹੈ ਕਿ ਇਸ ਵਿਚੋਂ ਕਾਫ਼ੀ ਪੈਸਾ ਪਹਿਲਾਂ ਲਏ ਕਰਜ਼ੇ ਦੇ ਵਿਆਜ 'ਤੇ ਮੂਲ ਦਾ ਕੁਝ ਹਿੱਸਾ ਮੋੜਨ 'ਤੇ ਖਰਚ ਹੋਇਆ ਹੈ, ਪਰ ਜੇਕਰ ਪਹਿਲੇ ਕਰਜ਼ੇ ਦਾ ਵਿਆਜ ਮੋੜਨ ਲਈ ਹੀ ਹੋਰ ਕਰਜ਼ਾ ਲੈਣਾ ਪੈਂਦਾ ਹੈ ਤਾਂ ਪੰਜਾਬ ਦਾ ਕਰਜ਼ੇ ਦੇ ਇਸ ਮੱਕੜਜਾਲ ਵਿਚੋਂ ਨਿਕਲਣਾ ਅਸੰਭਵ ਵਰਗਾ ਹੀ ਜਾਪਦਾ ਹੈ। ਉਪਰੋਂ ਚਰਚਾ ਹੈ ਕਿ ਪੰਜਾਬ ਦੀ ਆਪ ਸਰਕਾਰ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਆਪਣੀ ਇੱਕ ਗਾਰੰਟੀ ਕਿ ਔਰਤਾਂ ਨੂੰ ਹਰ ਮਹੀਨੇ ਇੱਕ ਹਜ਼ਾਰ ਰੁਪਏ ਮੁਫ਼ਤ ਦਿੱਤੇ ਜਾਣਗੇ, ਵੀ ਪੂਰੀ ਕਰਨ ਦੀ ਤਿਆਰੀ ਵਿੱਚ ਹੈ। ਚਰਚਾ ਤਾਂ ਇਹ ਵੀ ਹੈ ਕਿ ਇਹ ਇੱਕ-ਇੱਕ ਹਜ਼ਾਰ ਚੋਣਾਂ ਤੋਂ 3 ਮਹੀਨੇ ਪਹਿਲਾਂ ਤੋਂ ਸ਼ੁਰੂ ਕੀਤੇ ਜਾਣਗੇ, ਜਿਸ ਦਾ ਸਿੱਧਾ ਤੇ ਸਾਫ਼ ਮਤਲਬ ਹੈ ਕਿ ਪੰਜਾਬ ਸਿਰ ਕਰਜ਼ਾ ਹੋਰ ਵਧੇਗਾ। ਕੰਮ ਕਰਨ ਵਾਲੇ ਹੱਥ ਹੋਰ ਘਟਣਗੇ। ਬੇਸ਼ੱਕ ਪੰਜਾਬ ਦੇ ਕਿਸੇ ਅਦਾਰੇ ਵਿੱਚ ਜਾ ਕੇ ਵੇਖ ਲਵੋ, ਹਰ ਜਗ੍ਹਾ ਪੰਜਾਬੀ ਕਾਮੇ ਬਹੁਤ ਘੱਟ ਹੀ ਨਜ਼ਰ ਆਉਣਗੇ। ਹਰ ਥਾਂ ਪ੍ਰਵਾਸੀਆਂ ਦੀ ਬਹੁਤਾਤ ਹੈ। ਸ਼ਾਇਦ ਇਹ ਮੁਫ਼ਤ ਦੀਆਂ ਚੀਜ਼ਾਂ ਦਾ ਹੀ ਅਸਰ ਹੈ। ਭਾਵੇਂ ਇਸ ਵਿੱਚ ਕੁਝ ਅਸਰ ਵਿਦੇਸ਼ਾਂ ਵਿੱਚ ਜਾ ਰਹੇ ਪੰਜਾਬੀ ਨੌਜਵਾਨਾਂ ਦਾ ਵੀ ਹੈ।

# ਯੂਨੈਸਕੋ ਦੀ ਚੋਣ ਵਿੱਚ ਨਹੀਂ ਵੱਜਿਆ ਮੋਦੀ ਸਰਕਾਰ ਦਾ ਡੰਕਾ

## ਸੰਯੁਕਤ ਰਾਸ਼ਟਰ ਵਿੱਦਿਅਕ, ਵਿਗਿਆਨਕ ਤੇ ਸੱਭਿਆਚਾਰਕ ਸੰਗਠਨ ਦੇ ਕਾਰਜਕਾਰੀ ਬੋਰਡ ਵਿੱਚ ਉਪ ਪ੍ਰਧਾਨ ਦੀ ਚੋਣ ਦੌਰਾਨ ਪਾਕਿਸਤਾਨ ਨੇ ਭਾਰਤ ਨੂੰ ਹਰਾਇਆ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਤਮਾਮ ਭਾਜਪਾ ਨੇਤਾ ਅਕਸਰ ਹੀ ਦਾਅਵਾ ਕਰਦੇ ਰਹਿੰਦੇ ਹਨ ਕਿ ਪੂਰੀ ਦੁਨੀਆ 'ਚ ਭਾਰਤ ਦਾ ਡੰਕਾ ਵੱਜ ਰਿਹਾ ਹੈ। ਸੋਸ਼ਲ ਮੀਡੀਆ 'ਚ ਭਾਜਪਾ ਸਮਰਥਕਾਂ ਦੀ ਫ਼ੌਜ ਤਾਂ ਇਹ ਵੀ ਕਹਿੰਦੀ ਹੈ ਕਿ ਭਾਰਤ ਤੋਂ ਪੁੱਛੇ ਬਿਨਾਂ ਦੁਨੀਆਂ ਦਾ ਕੋਈ ਵੀ ਨੇਤਾ ਕੋਈ ਫ਼ੈਸਲਾ ਨਹੀਂ ਕਰਦਾ। ਪਰ ਹਾਲ ਹੀ 'ਚ ਸੰਯੁਕਤ ਰਾਸ਼ਟਰ ਸੰਘ ਦੀ ਸੰਸਥਾ ਯੂਨੈਸਕੋ ਭਾਵ ਸੰਯੁਕਤ ਰਾਸ਼ਟਰ ਵਿੱਦਿਅਕ, ਵਿਗਿਆਨਕ ਤੇ ਸੱਭਿਆਚਾਰਕ ਸੰਗਠਨ ਦੇ ਕਾਰਜਕਾਰੀ ਬੋਰਡ 'ਚ ਉਪ ਪ੍ਰਧਾਨ ਦੀ ਚੋਣ ਹੋਈ, ਜਿਸ 'ਚ ਪਾਕਿਸਤਾਨ ਨੇ ਭਾਰਤ ਨੂੰ ਹਰਾ ਦਿੱਤਾ।

ਇਸ ਚੋਣ 'ਚ ਭਾਰਤੀ ਉਮੀਦਵਾਰ ਵਿਸ਼ਾਲ ਸ਼ਰਮਾ ਨੂੰ ਸਿਰਫ਼ 18 ਵੋਟਾਂ ਮਿਲੀਆਂ, ਜਦਕਿ ਪਾਕਿਸਤਾਨੀ ਉਮੀਦਵਾਰ ਨੂੰ 38 ਵੋਟਾਂ ਮਿਲੀਆਂ। ਹੁਣ ਇਸ ਗੱਲ ਦੀ ਜਾਂਚ ਹੋ ਰਹੀ ਹੈ ਕਿ ਭਾਰਤ ਕਿਉਂ ਕਾਰਜਕਾਰੀ ਬੋਰਡ ਦੇ ਅੱਧੇ ਮੈਂਬਰਾਂ, ਇੱਥੋਂ ਤੱਕ ਕਿ ਗਲੋਬਲ ਸਾਊਥ ਬਲਾਕ ਦੀਆਂ ਵੋਟਾਂ ਵੀ ਨਹੀਂ ਲੈ ਸਕਿਆ? ਜ਼ਿਕਰਯੋਗ ਹੈ ਕਿ ਭਾਰਤੀ ਲੀਡਰਸ਼ਿਪ ਖ਼ੁਦ ਨੂੰ ਗਲੋਬਲ ਸਾਊਥ ਦੇ ਨੇਤਾ ਵਜੋਂ ਪੇਸ਼ ਕਰਦੀ ਰਹੀ ਹੈ। ਯੂਨੈਸਕੋ ਵਿਚ ਭਾਰਤ ਦੇ ਪ੍ਰਤੀਨਿਧੀ ਵਿਸ਼ਾਲ ਸ਼ਰਮਾ ਦੀ ਰਾਜਨੀਤਕ ਨਿਯੁਕਤੀ ਹੋਈ ਸੀ। ਉਹ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ 'ਚ ਨਰਿੰਦਰ ਮੋਦੀ ਦੇ ਵਿਸ਼ੇਸ਼ ਕਰਤੱਵ ਅਧਿਕਾਰੀ ਸਨ। ਇਸ ਲਈ ਸਵਾਲ ਹੈ ਕਿ, ਕੀ ਵਿਦੇਸ਼ ਸੇਵਾ ਦੇ ਅਧਿਕਾਰੀਆਂ ਨੇ ਉਨ੍ਹਾਂ ਦੇ ਨਾਲ ਸਹਿਯੋਗ ਨਹੀਂ ਕੀਤਾ? ਸਾਰਿਆਂ ਨੂੰ ਪਤਾ ਹੈ ਕਿ ਅੰਤਰਰਾਸ਼ਟਰੀ ਬਰਾਦਰੀ 'ਚ ਭਾਰਤ ਦੇ ਮੁਕਾਬਲੇ ਪਾਕਿਸਤਾਨ ਦੀ ਹੈਸੀਅਤ ਬਹੁਤ ਖ਼ਰਾਬ ਹੈ।

ਇਸ ਦੇ ਬਾਵਜੂਦ ਯੂਨੈਸਕੋ ਦੇ ਉਪ ਪ੍ਰਧਾਨ ਦੇ ਅਹੁਦੇ 'ਤੇ ਉਸ ਦੇ ਉਮੀਦਵਾਰ ਨੇ ਭਾਰਤ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਭਾਰਤ ਨੂੰ ਯਕੀਨਨ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਕਿਹੜੀ ਵਿਸ਼ਵ ਸ਼ਕਤੀ ਭਾਰਤ ਦੇ ਮੁਕਾਬਲੇ ਪਾਕਿਸਤਾਨ ਨੂੰ ਉਤਸ਼ਾਹਿਤ ਕਰ ਰਹੀ ਹੈ?

ਐਨ.ਸੀ.ਆਰ.ਬੀ ਦੀ ਰਿਪੋਰਟ ਨੇ ਕੀਤੇ ਹੈਰਾਨਕੁਨ ਖ਼ੁਲਾਸੇ

# ਪੰਜਾਬ 'ਚ ਨਾਬਾਲਗਾਂ ਵੱਲੋਂ ਕੀਤੇ ਅਪਰਾਧਾਂ ਦੇ ਮਾਮਲਿਆਂ ਵਿੱਚ 45 ਫ਼ੀਸਦੀ ਵਾਧਾ

ਚੰਡੀਗੜ੍ਹ/ਏ.ਟੀ.ਨਿਊਜ਼ : ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਵਿੱਚ ਨਾਬਾਲਗਾਂ ਵੱਲੋਂ ਅਪਰਾਧ ਦੇ ਮਾਮਲਿਆਂ ਵਿੱਚ 45 ਫ਼ੀਸਦੀ ਵਾਧਾ ਹੋਇਆ ਹੈ। 2021 ਵਿੱਚ ਨਾਬਾਲਗ ਅਪਰਾਧ ਦੇ 311 ਮਾਮਲੇ ਸਨ। ਇਸ ਦੇ ਮੁਕਾਬਲੇ 2022 ਵਿੱਚ 452 ਮਾਮਲੇ ਸਾਹਮਣੇ ਆਏ। ਇਨ੍ਹਾਂ ਜੁਰਮਾਂ ਵਿੱਚ ਕਤਲ, ਨਿਰਦੋਸ਼ ਕਤਲ ਅਤੇ ਕਤਲ ਦੀ ਕੋਸ਼ਿਸ਼ ਦੇ ਮਾਮਲੇ ਸ਼ਾਮਲ ਹਨ। ਸਾਲ 2021 ਵਿੱਚ ਪੰਜਾਬ ਵਿੱਚ ਬਜ਼ੁਰਗਾਂ ਵਿਰੁੱਧ ਅਪਰਾਧਾਂ ਦੇ 335 ਮਾਮਲੇ ਸਾਹਮਣੇ ਆਏ ਹਨ। ਇਹ 2022 ਵਿੱਚ ਘੱਟ ਕੇ 314 ਰਹਿ ਗਏ। ਇਨ੍ਹਾਂ ਵਿੱਚ ਕਤਲ ਦੇ 62 ਮਾਮਲੇ ਸ਼ਾਮਲ ਹਨ।ਇਸ ਦੇ ਨਾਲ ਹੀ, ਪੰਜਾਬ ਵਿੱਚ ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧਾਂ ਵਿੱਚ 2021 ਦੇ ਮੁਕਾਬਲੇ 2022 ਵਿੱਚ ਕਮੀ ਆਈ ਹੈ, ਜਦੋਂ ਕਿ ਸੂਬੇ ਵਿੱਚ ਸਮੁੱਚੇ ਅਪਰਾਧ ਦੀਆਂ ਘਟਨਾਵਾਂ ਵਿੱਚ ਮਾਮੂਲੀ ਵਾਧਾ ਹੋਇਆ ਹੈ। ਐਨ.ਸੀ.ਆਰ.ਬੀ ਦੀ ਇਹ ਰਿਪੋਰਟ ਰਾਜਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਕੇਂਦਰੀ ਏਜੰਸੀਆਂ ਤੋਂ ਇਕੱਤਰ ਕੀਤੀ ਜਾਣਕਾਰੀ 'ਤੇ ਆਧਾਰਿਤ ਹੈ। ਇਸ ਦਾ ਸਿਰਲੇਖ 'ਕ੍ਰਾਈਮ ਇਨ ਇੰਡੀਆ-2022' ਹੈ।

ਰਿਪੋਰਟ ਦੇ ਅਨੁਸਾਰ, ਪੰਜਾਬ ਵਿੱਚ ਭਾਰਤੀ ਦੰਡ ਵਿਧਾਨ (ਆਈਪੀਸੀ) ਅਤੇ ਵਿਸ਼ੇਸ਼ ਅਤੇ ਸਥਾਨਕ ਕਾਨੂੰਨਾਂ (ਐਸਐਲਐਲ) ਦੇ ਤਹਿਤ 2021 ਵਿੱਚ ਕੁੱਲ ਅਪਰਾਧ ਦੀਆਂ ਘਟਨਾਵਾਂ 73,581 ਸਨ ਅਤੇ 2022 ਵਿੱਚ ਇਹ ਅੰਕੜਾ 73,625 ਤੱਕ ਪਹੁੰਚ ਗਿਆ ਸੀ। ਹਾਲਾਂਕਿ ਇਹ ਮਾਮੂਲੀ ਵਾਧਾ ਹੈ।



ਰਿਪੋਰਟ ਮੁਤਾਬਕ ਕਤਲ ਦੇ ਮਾਮਲਿਆਂ ਵਿੱਚ ਮਾਮੂਲੀ ਗਿਰਾਵਟ ਦਰਜ ਕੀਤੀ ਗਈ ਹੈ। 2021 ਵਿੱਚ ਕਤਲ ਦੇ 723 ਮਾਮਲੇ ਸਾਹਮਣੇ ਆਏ। ਜਦੋਂ ਕਿ 2022 ਵਿੱਚ 670 ਮਾਮਲੇ ਸਾਹਮਣੇ ਆਏ ਸਨ। ਅਗਵਾ ਦੇ ਮਾਮਲਿਆਂ ਵਿੱਚ 7.44 ਫ਼ੀਸਦੀ ਦੀ ਗਿਰਾਵਟ ਆਈ ਹੈ। ਰਾਜ ਵਿੱਚ ਹਿੰਸਕ ਅਪਰਾਧ ਵੀ 2021 ਵਿੱਚ 6,322 ਤੋਂ ਘਟ ਕੇ 2022 ਵਿੱਚ 6,230 ਰਹਿ ਗਏ ਔਰਤਾਂ ਵਿਰੁੱਧ ਅਪਰਾਧਾਂ ਦੀ ਗੱਲ ਕਰੀਏ ਤਾਂ 2021 ਵਿੱਚ 5,662 ਮਾਮਲੇ ਸਾਹਮਣੇ ਆਏ। ਜਦੋਂ ਕਿ 2022 ਵਿੱਚ ਇਹ ਅੰਕੜਾ 5,572 ਸੀ। ਰਿਪੋਰਟ ਵਿੱਚ ਇਨ੍ਹਾਂ ਘਟਨਾਵਾਂ ਵਿੱਚ 1.50 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। 2022 ਵਿੱਚ ਔਰਤਾਂ ਨੂੰ ਅਗਵਾ ਕਰਨ ਦੇ 1478 ਅਤੇ ਬਲਾਤਕਾਰ ਅਤੇ ਕਤਲ ਦੇ ਤਿੰਨ ਮਾਮਲੇ ਸਾਹਮਣੇ ਆਏ ਹਨ। ਦਾਜ ਲਈ ਮੌਤ ਦੇ 71 ਅਤੇ ਤੇਜ਼ਾਬ ਹਮਲੇ ਦੇ ਦੋ ਮਾਮਲੇ ਸਾਹਮਣੇ ਆਏ ਹਨ। ਜਦੋਂ ਕਿ 2022 ਵਿੱਚ ਬਲਾਤਕਾਰ ਦੇ 517 ਮਾਮਲੇ ਦਰਜ ਹੋਏ ਸਨ।ਪੰਜਾਬ ਵਿੱਚ ਔਰਤਾਂ ਤੋਂ ਇਲਾਵਾ ਬੱਚਿਆਂ ਨਾਲ ਹੋਣ ਵਾਲੇ ਜੁਰਮਾਂ ਦੇ ਮਾਮਲੇ ਵੀ ਘਟੇ ਹਨ। ਰਿਪੋਰਟ ਵਿੱਚ 2.42 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। 2021 ਵਿੱਚ, ਬੱਚਿਆਂ ਵਿਰੁੱਧ 2,556 ਮਾਮਲੇ ਸਾਹਮਣੇ ਆਏ। ਇਸ ਦੇ ਮੁਕਾਬਲੇ 2022 ਵਿੱਚ 2,494 ਮਾਮਲੇ ਦਰਜ ਕੀਤੇ ਗਏ। ਬੱਚਿਆਂ ਵਿਰੁੱਧ ਅਪਰਾਧਾਂ ਦੇ ਤਹਿਤ, 2022 ਵਿੱਚ ਕਤਲ ਦੇ 41 ਅਤੇ ਅਗਵਾ ਦੇ 1,338 ਮਾਮਲੇ ਸਨ। ਐਨ.ਸੀ.ਆਰ.ਬੀ ਦੀ ਰਿਪੋਰਟ ਦੇ ਅਨੁਸਾਰ, 2022 ਵਿੱਚ ਪੋਸਕੋ ਦੇ ਤਹਿਤ 883 ਮਾਮਲੇ ਦਰਜ ਕੀਤੇ ਗਏ ਸਨ।

# ਨਸ਼ਾ ਤਸਕਰੀ ਦੇ ਮਾਮਲਿਆਂ 'ਚ ਪੰਜਾਬ ਪਹਿਲੇ ਨੰਬਰ 'ਤੇ

## ਐਨ.ਡੀ.ਪੀ.ਐਸ. ਤਹਿਤ ਸਾਰੇ ਵਰਗਾਂ 'ਚ ਦਰਜ ਕੀਤੇ ਗਏ ਕੁੱਲ ਕੇਸਾਂ 'ਚ ਪੰਜਾਬ ਦਾ ਤੀਜਾ ਸਥਾਨ

ਚੰਡੀਗੜ੍ਹ/ਏ.ਟੀ.ਨਿਊਜ਼ : ਦੇਸ਼ ਭਰ ਵਿੱਚ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਪੰਜਾਬ ਪਹਿਲੇ ਨੰਬਰ 'ਤੇ ਹੈ। ਹਾਲਾਂਕਿ, ਨਾਰਕੋਟਿਕਸ ਡਰੱਗਜ਼ ਐਂਡ ਸਾਈਕੋਟਰੌਪਿਕਸ (ਐਨ.ਡੀ.ਪੀ.ਐਸ.) ਤਹਿਤ ਸਾਰੇ ਵਰਗਾਂ ਵਿੱਚ ਦਰਜ ਕੀਤੇ ਗਏ ਕੁੱਲ ਕੇਸਾਂ ਵਿੱਚ ਪੰਜਾਬ ਦਾ ਤੀਜਾ ਸਥਾਨ ਹੈ। ਇਹ ਖੁਲਾਸਾ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੈਨ.ਸੀ.ਆਰ.ਬੀ.) ਵੱਲੋਂ ਹੁਣੇ ਜਿਹੇ ਰਿਲੀਜ਼ ਕੀਤੀ ਰਿਪੋਰਟ ਵਿੱਚ ਹੋਇਆ ਹੈ। ਐਨ.ਡੀ.ਪੀ.ਐਸ. ਕੇਸਾਂ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਨਸ਼ਾ ਤਸਕਰੀ ਲਈ ਇੱਕ ਲੱਖ ਦੀ ਆਬਾਦੀ ਪਿੱਛੇ 24.3 ਕੇਸ ਦਰਜ ਕੀਤੇ ਗਏ ਹਨ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹਨ। ਇਸ ਵਿੱਚ ਹਿਮਾਚਲ ਪ੍ਰਦੇਸ਼ ਦਾ ਦੂਜਾ ਨੰਬਰ ਹੈ ਜਿੱਥੇ ਇੱਕ ਲੱਖ ਦੀ ਆਬਾਦੀ ਪਿੱਛੇ 14.8 ਐੈਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ। ਐਨ.ਡੀ.ਪੀ.ਐਸ. ਐਕਟ ਤਹਿਤ ਸਭ ਤੋਂ ਵੱਧ 26,619 ਕੇਸ ਕੇਰਲਾ ਵਿੱਚ ਦਰਜ ਹੋਏ ਹਨ। ਇਸ ਤੋਂ ਪਹਿਲਾਂ ਇਹ ਸੂਬਾ ਨਸ਼ਾ ਤਸਕਰੀ ਕਰਨ ਵਾਲੇ ਮੋਹਰੀ ਤਿੰਨ ਸੂਬਿਆਂ ਵਿੱਚ ਕਦੇ ਸ਼ੁਮਾਰ ਨਹੀਂ ਰਿਹਾ। ਪੰਜਾਬ ਵਿੱਚ ਐੈਨਡੀਪੀਐੈਸ ਐਕਤ ਤਹਿਤ ਸਾਰੇ ਵਰਗਾਂ




(ਬਾਕੀ ਸਫ਼ਾ 30 'ਤੇ)

## ਕਰਨੀ ਸੈਨਾ ਦੇ ਮੁਖੀ ਦੀ ਗੋਲੀਆਂ ਮਾਰ ਕੇ ਹੱਤਿਆ



ਜੈਪੁਰ/ਏ.ਟੀ.ਨਿਊਜ਼ :-ਇਥੇ ਸੱਜੇ ਪੱਖੀ ਸਮੂਹ ਸ੍ਰੀ ਰਾਸ਼ਟਰੀ ਰਾਜਪੂਤ ਕਰਨੀ ਸੈਨਾ ਦੇ ਮੁਖੀ ਸੁਖਦੇਵ ਸਿੰਘ ਗੋਗਾਮੇੜੀ ਦੀ ਇਥੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲੀਸ ਨੇ ਦੱਸਿਆ ਕਿ ਮੰਗਲਵਾਰ ਨੂੰ ਤਿੰਨ ਹਥਿਆਰਬੰਦ ਵਿਅਕਤੀਆਂ ਨੇ ਸੁਖਦੇਵ ਸਿੰਘ ਗੋਗਾਮੇਡੀ ਦੇ ਘਰ 'ਤੇ ਗੋਲੀਆਂ ਚਲਾ ਦਿੱਤੀਆਂ ਜਿਨ੍ਹਾਂ 'ਚੋਂ ਇਕ ਦੀ ਜਵਾਬੀ ਗੋਲੀਬਾਰੀ 'ਚ ਮੌਤ ਹੋ ਗਈ। ਜਵਾਬੀ ਗੋਲੀਬਾਰੀ 'ਚ ਗੋਗਾਮੇੜੀ ਦੇ ਸੁਰੱਖਿਆ ਕਰਮੀਆਂ 'ਚੋਂ ਇਕ ਦੇ ਗੋਲੀਆਂ ਲੱਗੀਆਂ ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਸਾਰੀ ਘਟਨਾ ਸੀਸੀਟੀਵੀ 'ਚ ਕੈਦ ਹੋ ਗਈ।

ਗੋਗਾਮੇੜੀ ਨੂੰ ਸ੍ਰੀ ਰਾਜਪੂਤ ਕਰਨੀ ਸੈਨਾ ਦੇ ਸੰਸਥਾਪਕ ਲੋਕੇਂਦਰ ਸਿੰਘ ਕਲਵੀ ਨਾਲ ਮਤਭੇਦਾਂ ਮਗਰੋਂ 2015 ਸੰਗਠਨ 'ਚੋਂ ਕੱਢ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਗੋਗਾਮੇੜੀ ਨੇ ਸ੍ਰੀ ਰਾਸ਼ਟਰੀ ਰਾਜਪੂਤ ਕਰਨੀ ਸੈਨਾ ਦਾ ਗਠਨ ਕੀਤਾ। ਇਨ੍ਹਾਂ ਦੋਵਾਂ ਸੰਗਠਨਾਂ ਨੇ ਰਾਜਪੂਤ ਭਾਈਚਾਰੇ ਬਾਰੇ ਇਤਿਹਾਸਕ ਤੱਥਾਂ ਨੂੰ ਕਥਿਤ ਤੌਰ 'ਤੇ ਤੋੜ-ਮਰੋੜ ਕੇ ਪੇਸ਼ ਕਰਨ 'ਤੇ 2018 ਵਿੱਚ ਫਿਲਮ 'ਪਦਮਾਵਤ' ਦਾ ਵਿਰੋਧ ਕੀਤਾ ਸੀ ਜਿਸ 'ਚ ਅਦਾਕਾਰਾ ਦੀਪਿਕਾ ਪਾਦੂਕੋਨ ਨੇ ਅਹਿਮ ਭੂਮਿਕਾ ਨਿਭਾਈ ਸੀ। ਜੈਪੁਰ ਦੇ ਪੁਲੀਸ ਕਮਿਸ਼ਨਰ ਬੀਜੂ ਜੌਰਜ ਜੋਸੇਫ ਨੇ ਦੱਸਿਆ, "ਤਿੰਨ ਵਿਅਕਤੀ ਗੋਗਾਮੇੜੀ ਦੇ ਘਰ ਗਏ ਅਤੇ ਉਨ੍ਹਾਂ ਦੇ ਸੁਰੱਖਿਆ ਕਰਮੀਆਂ ਨੂੰ ਕਿਹਾ ਕਿ ਉਹ ਉਸ ਨੂੰ ਮਿਲਣਾ ਚਾਹੁੰਦੇ ਹਨ। ਸੁਰੱਖਿਆ ਕਰਮੀ ਉਨ੍ਹਾਂ ਨੂੰ ਅੰਦਰ ਲੈ ਗਏ ਅਤੇ ਉਨ੍ਹਾਂ ਨੇ ਗੋਗਾਮੇੜੀ 'ਤੇ ਗੋਲੀ

(ਬਾਕੀ ਸਫ਼ਾ 30 'ਤੇ)

# ਸਿੱਖਾਂ ਨੂੰ ਆਪਣੀ ਅੰਦਰੂਨੀ ਕਤਾਰਬੰਦੀ ਗੁਰਮਤੇ ਅਤੇ ਪੰਚ ਪ੍ਰਧਾਨੀ ਪ੍ਰਣਾਲੀ ਅਨੁਸਾਰ ਕਾਇਦਾਬੱਧ ਕਰਨ ਦੀ ਲੋੜ : ਪੰਥ ਸੇਵਕ ਸ਼ਖ਼ਸੀਅਤਾਂ

ਪੰਥ ਸੇਵਕ ਜੁਝਾਰੂ ਸ਼ਖ਼ਸੀਅਤਾਂ ਨੇ ਇੱਕ ਸਾਂਝੇ ਬਿਆਨ ਰਾਹੀਂ ਕਿਹਾ ਕਿ 'ਕੈਨੇਡਾ ਦੀ ਧਰਤੀ ਉੱਤੇ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਵਾਰਦਾਤ ਵਿੱਚ ਇੰਡੀਆ ਦੀ ਸ਼ਮੂਲੀਅਤ ਦੇ ਕੀਤੇ ਖ਼ੁਲਾਸੇ ਅਤੇ ਅਮਰੀਕਾ ਵਿੱਚ ਇੰਡੀਆ ਵੱਲੋਂ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਦੀ ਸਾਜ਼ਿਸ਼ ਰਚਣ ਤੋਂ ਬਾਅਦ ਅਮਰੀਕਾ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਦਿੱਤੀ ਗਈ ਚਿਤਾਵਨੀ 'ਤੇ ਕੀਤੀ ਗਈ ਕਾਰਵਾਈ ਨਾਲ ਇੰਡੀਅਨ ਸਟੇਟ ਦੀ ਗੈਰ-ਨਿਆਇਕ ਕਤਲਾਂ ਦੀ ਦਹਿਸ਼ਤਵਾਦੀ ਨੀਤੀ ਅਤੇ ਕੌਮਾਂਤਰੀ ਪੱਧਰ ਉੱਤੇ ਲਾਗੂ ਕੀਤੀ ਜਾ ਰਹੀ ਸਿੱਖਾਂ ਦੇ ਕਤਲਾਂ ਦੀ ਯੋਜਨਾਬੱਧ ਮੁਹਿੰਮ ਦੁਨੀਆ ਸਾਹਮਣੇ ਬੇਪਰਦ ਹੋਈ ਹੈ'।

ਇਸ ਬਿਆਨ ਵਿੱਚ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਕਿਹਾ ਕਿ 'ਹਾਲੀਆ ਘਟਨਾਵਾਂ ਦਰਸਾਉਂਦੀਆਂ ਹਨ ਕਿ ਬੀਤੇ ਵਿੱਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਅਤੇ ਪੰਜਾਬ ਵਿੱਚ ਕੀਤੇ ਗਏ ਮਨੁੱਖਤਾ ਖ਼ਿਲਾਫ਼ ਜੁਰਮਾਂ ਪਿੱਛੇ ਕੰਮ ਕਰਦੀ ਇੰਡੀਆ ਸਟੇਟ ਵਿਚਲੀ 'ਨਸਲਕੁਸ਼ੀ ਦੀ ਤਰੰਗ' (ਜਿਨੋਸਾਈਲ ਇਮਪਲਸ) ਅਜੇ ਵੀ ਸਰਗਰਮ ਹੈ'। ਉਹਨਾਂ ਕਿਹਾ ਕਿ ਸਿੱਖ ਇਹ ਗੱਲ ਲੰਮੇ ਸਮੇਂ ਤੋਂ ਕਹਿ ਰਹੇ ਹਨ ਕਿ ਇੰਡੀਅਨ ਸਟੇਟ ਧਰਮ ਨਿਰਪੱਖ ਰਾਸ਼ਟਰ ਦੇ ਛਲਾਵੇ ਹੇਠ ਬਿਪਰਵਾਦੀ ਹਿੰਦੂ ਰਾਸ਼ਟਰ ਵੱਲ ਵਧ ਰਹੀ ਹੈ, ਖ਼ਿੱਤੇ ਦੇ ਸੰਘਾਤਮਿਕ ਢਾਂਚੇ ਨੂੰ ਏਕਾਤਮਿਕ ਢਾਂਚੇ ਵਿੱਚ ਬਦਲਿਆ ਜਾ ਰਿਹਾ ਹੈ, ਖੇਤਰ ਦੀਆਂ ਕੌਮਾਂ ਦੀ ਅਜ਼ਾਦ, ਵਿਲੱਖਣ, ਨਿਆਰੀ ਤੇ ਅੱਡਰੀ ਹੋਂਦ ਹਸਤੀ ਨੂੰ ਮਿਟਾਉਣ ਤੇ ਉਹਨਾਂ ਨੂੰ ਹਿੰਦੂਤਵ ਵਿੱਚ ਜਜ਼ਬ ਕਰਨ ਲਈ ਵਿਧਾਨਪਾਲਿਕਾ, ਨਿਆਂਪਾਲਿਕਾ ਅਤੇ ਕਾਰਜਪਾਲਿਕਾ ਦੀ ਗੈਰ-ਸੰਵਿਧਾਨਕ ਵਰਤੋਂ ਕੀਤੀ ਜਾ ਰਹੀ ਹੈ। ਸਾਂਝੇ ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਪੰਜਾਬ ਦੇ ਖ਼ਿੱਤੇ ਵਿੱਚ ਆਪਣੀ ਮਹੱਤਵਪੂਰਨ ਭੂ-ਰਣਨੀਤਕ ਸਥਿਤੀ, ਸਾਂਝੀਵਾਲਤਾ ਵਾਲੇ ਆਦਰਸ਼ਾਂ, ਨਿਆਂਕਾਰੀ ਰਾਜ ਪ੍ਰਬੰਧ ਦੇਣ ਦੇ ਇਤਿਹਾਸ ਅਤੇ ਸਾਂਝੇ ਸੰਘਰਸ਼ ਦੀ ਅਗਵਾਈ ਕਰਨ ਦੀ ਮੌਜੂਦਾ ਸਮਰੱਥਾ, ਜਿਸ ਨੂੰ ਹਾਲ ਵਿਚ ਹੋਏ ਕਿਰਸਾਨੀ ਅੰਦੋਲਨ ਨੇ ਸਪਸ਼ਟ ਕਰ ਦਿੱਤਾ ਹੈ, ਕਾਰਨ ਸਿੱਖ ਇੰਡੀਆ ਦੀ ਫਾਸ਼ੀਵਾਦੀ ਹਕੂਮਤ ਲਈ ਇਕ ਵੱਡੀ ਚੁਣੌਤੀ ਹਨ। ਸਿੱਖਾਂ ਦੀ ਇਸੇ ਸਮਰੱਥਾ ਤੋਂ ਭੈਭੀਤ ਹੋਈ ਇੰਡੀਆ ਸਟੇਟ ਸਿੱਖਾਂ ਉੱਤੇ ਹਮਲਾਵਰ ਹੋ ਰਹੀ ਹੈ।



ਪੰਥ ਸੇਵਕਾਂ ਨੇ ਕਿਹਾ ਕਿ ਨਿੱਝਰ ਅਤੇ ਪੰਨੂ ਮਾਮਲੇ ਤੋਂ ਸਾਫ ਹੁੰਦਾ ਹੈ ਇੱਕ ਜਿੱਥੇ ਇੱਕ ਪਾਸੇ ਭਾਰਤ ਸਰਕਾਰ ਜਰਾਇਮ-ਪੇਸ਼ਾ ਲੋਕਾਂ ਤੇ ਸੰਗਠਿਤ ਤੌਰ ਉੱਤੇ ਮੁਜ਼ਰਮਾਨਾਂ ਕਾਰਵਾਈਆਂ ਕਰਨ ਵਾਲੇ ਅਨਸਰਾਂ ਤੋਂ ਭਾੜੇ ਉੱਤੇ ਸਿੱਖਾਂ ਵਿਰੁਧ

(ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਮਰੀਕਾ 'ਚ ਬਜ਼ੁਰਗਾਂ ਦੀ ਦੇਖਭਾਲ ਕਰਨੀ ਹੋਈ ਮਹਿੰਗੀ

## ਘਰਾਂ 'ਚ ਜਗ੍ਹਾ ਨਾ ਹੋਣ ਕਾਰਨ ਟੁੱਟਣ ਲੱਗੇ ਪਰਿਵਾਰ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ 'ਚ ਬਜ਼ੁਰਗਾਂ ਦੀ ਦੇਖਭਾਲ ਕਰਨਾ ਮਹਿੰਗਾ ਹੁੰਦਾ ਜਾ ਰਿਹਾ ਹੈ। ਬੁਢਾਪਾ ਘਰਾਂ ਦਾ ਕਿਰਾਇਆ ਵਧ ਗਿਆ ਹੈ। ਜਿਸ ਕਾਰਨ ਬਜ਼ੁਰਗ ਘਰ ਪਰਤ ਰਹੇ ਹਨ ਪਰ ਪੂਰੇ ਪਰਿਵਾਰ ਲਈ ਘਰ ਛੋਟੇ ਹੁੰਦੇ ਜਾ ਰਹੇ ਹਨ। ਜਿਸ ਕਾਰਨ ਪਰਿਵਾਰ ਵੀ ਟੁੱਟ ਰਹੇ ਹਨ। ਬਜ਼ੁਰਗਾਂ ਦੀ ਦੇਖਭਾਲ ਕਰਨ ਲਈ, ਦੋਸਤ ਅਤੇ ਰਿਸ਼ਤੇਦਾਰ ਸਮੂਹਿਕ ਪ੍ਰਬੰਧ ਕਰ ਰਹੇ ਹਨ ਜਿੱਥੇ ਉਨ੍ਹਾਂ ਦੇ ਪਰਿਵਾਰ ਦੇ ਬਜ਼ੁਰਗ ਰਹਿ ਸਕਦੇ ਹਨ।ਵਧਦੀ ਮਹਿੰਗਾਈ ਦਰਮਿਆਨ ਸਰਕਾਰੀ ਸਹਾਇਤਾ ਵੀ ਕਾਫ਼ੀ ਘਟ ਗਈ ਹੈ। ਜੇਕਰ ਉਹ ਗਰੀਬੀ ਰੇਖਾ ਤੋਂ ਹੇਠਾਂ ਨਹੀਂ ਆਉਂਦੇ ਤਾਂ ਉਨ੍ਹਾਂ ਨੂੰ ਸਰਕਾਰ ਤੋਂ ਕੋਈ ਮਦਦ ਨਹੀਂ ਮਿਲਦੀ। ਦੂਜੇ ਪਾਸੇ ਬਜ਼ੁਰਗਾਂ ਦੀ ਦੇਖਭਾਲ ਲਈ ਨਿਯੁਕਤ ਕੀਤੇ ਗਏ ਲੋਕਾਂ ਦੀਆਂ ਤਨਖ਼ਾਹਾਂ ਘੱਟ ਹਨ, ਜਿਸ ਕਾਰਨ ਉਹ ਅਲਜ਼ਾਈਮਰ ਵਰਗੀਆਂ ਬੀਮਾਰੀਆਂ ਤੋਂ ਪੀੜਤ ਬਜ਼ੁਰਗਾਂ ਦੀ ਦੇਖਭਾਲ ਕਰਨ ਲਈ ਤਿਆਰ ਨਹੀਂ ਹਨ। ਅਜਿਹੇ 'ਚ ਬਜ਼ੁਰਗ ਆਪਣੇ ਪਰਿਵਾਰ 'ਤੇ ਨਿਰਭਰ ਹਨ ਪਰ ਉਨ੍ਹਾਂ ਦੀ ਦੇਖਭਾਲ ਕਰਨ ਦੇ ਯੋਗ ਨਹੀਂ ਹਨ।

ਇੱਕ ਬਿਰਧ ਆਸ਼ਰਮ ਵਿੱਚ ਬਜ਼ੁਰਗਾਂ ਦੀ ਦੇਖਭਾਲ ਦਾ ਖਰਚਾ ਲਗਭਗ 2500 ਰੁਪਏ ਪ੍ਰਤੀ ਘੰਟਾ ਹੈ। ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੇ ਅਨੁਸਾਰ, 2022 ਵਿੱਚ ਲਗਭਗ 3.7 ਮਿਲੀਅਨ ਲੋਕਾਂ ਕੋਲ ਦੇਖਭਾਲ ਸਹਾਇਕ ਵਜੋਂ ਨੌਕਰੀਆਂ ਸਨ। ਇਨ੍ਹਾਂ ਵਿੱਚੋਂ ਅੱਧੇ ਪ੍ਰਤੀ ਸਾਲ 25 ਲੱਖ ਰੁਪਏ ਜਾਂ ਪ੍ਰਤੀ ਘੰਟਾ 1200 ਰੁਪਏ ਤੋਂ ਘੱਟ ਕਮਾ ਰਹੇ ਸਨ। ਅਗਲੇ ਦਹਾਕੇ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਵਿੱਚ 20% ਵਾਧਾ ਹੋਣ ਦੀ ਸੰਭਾਵਨਾ ਹੈ। ਪਰ ਕੰਮ ਕਰਨ ਦੇ ਹਾਲਾਤ ਔਖੇ ਹਨ। ਤਨਖ਼ਾਹਾਂ ਆਮ ਤੌਰ 'ਤੇ ਘੱਟ ਹੁੰਦੀਆਂ ਹਨ ਅਤੇ ਕੰਮ ਦੇ ਘੰਟੇ ਨਿਸ਼ਚਿਤ ਨਹੀਂ ਹੁੰਦੇ ਹਨ।

ਦ ਨਿਊਯਾਰਕ ਟਾਈਮਜ਼ ਅਤੇ ਕੇ.ਐਫ.ਐਫ. ਹੈਲਥ ਨਿਊਜ਼ ਦੁਆਰਾ ਕੀਤੇ ਗਏ ਇੱਕ ਸਰਵੇਖਣ ਅਨੁਸਾਰ 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲਗਭਗ 8 ਮਿਲੀਅਨ ਅਮਰੀਕੀਆਂ ਨੂੰ ਅਲਜ਼ਾਈਮਰ ਹੈ। ਅਜਿਹੇ 10 ਲੱਖ ਲੋਕਾਂ ਨੂੰ ਹੀ ਨਰਸਿੰਗ ਹੋਮ ਦੀ ਸਹੂਲਤ ਮਿਲੀ ਹੈ ਜਦੋਂਕਿ 30 ਲੱਖ ਬੇਸਹਾਰਾ ਹਨ।

# ਨੇਤਨਯਾਹੂ ਤੋਂ ਨਾਰਾਜ਼ ਇਜ਼ਰਾਈਲੀ ਜਨਤਾ, ਫਿਰ ਵੀ ਬਣੇ ਰਹਿਣਗੇ ਪ੍ਰਧਾਨ ਮੰਤਰੀ



ਯੇਰੂਸ਼ਲਮ/ਏ.ਟੀ.ਨਿਊਜ਼ :- ਇਜ਼ਰਾਈਲ ਦੇ ਸਭ ਤੋਂ ਲੰਬੇ ਸਮੇਂ ਤੱਕ ਪ੍ਰਧਾਨ ਮੰਤਰੀ ਰਹੇ ਬੈਂਜਾਮਿਨ ਨੇਤਨਯਾਹੂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਸਮੇਤ ਕਈ ਵਿਵਾਦਾਂ ਦਾ ਸਾਹਮਣਾ ਕਰਨਾ ਪਿਆ ਹੈ। ਪਰ, ਹੁਣ ਉਹ ਆਪਣੇ ਸਿਆਸੀ ਕਰੀਅਰ ਦੇ ਸਭ ਤੋਂ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਸਰਕਾਰ ਵੱਲੋਂ 7 ਅਕਤੂਬਰ ਨੂੰ ਹਮਾਸ ਦੇ ਹਮਲੇ ਨੂੰ ਰੋਕਣ ਅਤੇ ਸਾਰੇ ਬੰਧਕਾਂ ਨੂੰ ਆਜ਼ਾਦ ਕਰਵਾਉਣ ਵਿੱਚ ਨਾਕਾਮ ਰਹਿਣ ਕਾਰਨ ਲੋਕਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ। ਨੇਤਨਯਾਹੂ ਸਰਕਾਰ ਦੇ ਅੰਦਰ ਅਤੇ ਬਾਹਰ ਦੇ ਲੋਕਾਂ ਦਾ ਕਹਿਣਾ ਹੈ ਕਿ ਨੇਤਨਯਾਹੂ ਇਜ਼ਰਾਈਲੀ ਜਨਤਾ ਵਿੱਚ ਕਦੇ ਵੀ ਜ਼ਿਆਦਾ ਅਪ੍ਰਸਿੱਧ ਨਹੀਂ ਰਹੇ। ਫਿਰ ਵੀ, ਇਜ਼ਰਾਈਲ ਦੀ ਸੰਸਦੀ ਪ੍ਰਣਾਲੀ ਅਤੇ ਯੁੱਧ ਦੀ ਗੁੰਝਲਦਾਰ ਸਥਿਤੀ ਦੇ ਮੱਦੇਨਜ਼ਰ, ਨੇਤਨਯਾਹੂ ਨੂੰ ਕਿਸੇ ਵੀ ਸਮੇਂ ਜਲਦੀ ਹੀ ਅਹੁਦੇ ਤੋਂ ਹਟਾਏ ਜਾਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ। ਵਿਸ਼ਲੇਸ਼ਕਾਂ ਦਾ ਕਹਿਣਾ ਹੈ, ਉਸ ਦੀ ਭਵਿੱਖੀ ਸਿਆਸੀ ਸੰਭਾਵਨਾ ਆਉਣ ਵਾਲੇ ਦਿਨਾਂ ਵਿਚ ਸਥਿਤੀ ਨੂੰ ਸੰਭਾਲਣ ਦੀ ਉਸ ਦੀ ਯੋਗਤਾ 'ਤੇ ਨਿਰਭਰ ਕਰਦੀ ਹੈ। ਨੇਤਨਯਾਹੂ ਤੋਂ ਹਮਾਸ ਦੇ ਹਮਲੇ ਦਾ ਅੰਦਾਜ਼ਾ ਲਗਾਉਣ ਵਿੱਚ ਖੁਫੀਆ ਵਿਭਾਗ ਦੀ

(ਬਾਕੀ ਸਫ਼ਾ 31 'ਤੇ)

# ਅਮਰੀਕਾ 'ਚ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਦੌਰਾਨ 1 ਮੌਤ ਤੇ 4 ਜ਼ਖ਼ਮੀ



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ)-ਅਮਰੀਕਾ ਦੇ ਨੇਵਾਡਾ ਰਾਜ ਦੇ ਸ਼ਹਿਰ ਪੂਰਬੀ ਲਾਸ ਵੇਗਾਸ ਵਿੱਚ ਬੇਘਰਿਆਂ ਦੇ ਬਸੇਰੇ ਵਿਖੇ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੇ ਮਾਰੇ ਜਾਣ ਤੇ 4 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖ਼ਬਰ ਹੈ।

ਲਾਸ ਵੇਗਾਸ ਪੁਲਿਸ ਦੇ ਲੈਫਟੀਨੈਂਟ ਜੈਸਨ ਜੌਹਨਸਨ ਨੇ ਇਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਸ਼ਾਮ 5.35 ਵਜੇ ਦੇ ਕਰੀਬ ਚਾਰਲਸਟਨ ਬੋਲੇਵਾਰਡ ਅਤੇ ਹੋਨੋਲੂਲੂ ਸਟਰੀਟ ਦੇ ਚੁਰਾਹੇ ਨੇੜੇ ਵਾਪਰੀ। ਸ਼ੁਰੂ ਵਿੱਚ ਪੁਲਿਸ ਨੇ ਕਿਹਾ ਸੀ ਕਿ 2 ਲੋਕ ਮਾਰੇ ਗਏ ਹਨ ਤੇ 3 ਹੋਰ ਜ਼ਖਮੀ ਹੋਏ ਹਨ ਅਤੇ ਸਾਰੇ ਪੀੜਤ ਬੇਘਰੇ ਹਨ। ਜੌਹਨਸਨ ਨੇ ਕਿਹਾ ਕਿ ਉਹ ਨਹੀਂ ਕਹਿ ਸਕਦਾ ਕਿ ਗੋਲੀਬਾਰੀ ਤੋਂ ਪੀੜਤ ਸਾਰੇ 5 ਜਣੇ ਬੇਘਰੇ ਸਨ। ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਜੌਹਨਸਨ ਨੇ ਕਿਹਾ ਕਿ ਗੋਲੀਬਾਰੀ ਵਿੱਚ ਮਾਰੇ ਗਏ ਵਿਅਕਤੀ ਦੀ ਉਮਰ 50 ਸਾਲ ਦੇ ਕਰੀਬ ਹੈ

# ਇਜ਼ਰਾਈਲ ਵੱਲੋਂ ਹਮਾਸ ਨੇਤਾਵਾਂ ਨੂੰ ਲੱਭਕੇ ਮਾਰਨ ਦੇ ਜਾਰੀ ਹੋਏ ਆਦੇਸ਼

## ਅਖ਼ਬਾਰ ਵਾਲ ਸਟ੍ਰੀਟ ਜਰਨਲ ਦੀ ਰਿਪੋਰਟ ਵਿੱਚ ਹੋਇਆ ਖ਼ੁਲਾਸਾ

ਨਿਊਯਾਰਕ/ਏ.ਟੀ.ਨਿਊਜ਼: ਇਜ਼ਰਾਈਲ ਅਤੇ ਹਮਾਸ ਦਰਮਿਆਨ ਇੱਕ ਹਫ਼ਤੇ ਤੱਕ ਚੱਲੀ ਜੰਗਬੰਦੀ ਤੋਂ ਬਾਅਦ ਮੁੜ ਜੰਗ ਸ਼ੁਰੂ ਹੋ ਚੁੱਕੀ ਹੈ। ਇਸ ਦੌਰਾਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਥਿਤ ਤੌਰ 'ਤੇ ਖ਼ੁਫ਼ੀਆ ਏਜੰਸੀਆਂ ਨੂੰ ਹਮਾਸ ਨੇਤਾਵਾਂ ਨੂੰ ਲੱਭਣ ਅਤੇ ਮਾਰਨ ਦੇ ਆਦੇਸ਼ ਦਿੱਤੇ ਹਨ। ਅਮਰੀਕੀ ਅਖ਼ਬਾਰ ਵਾਲ ਸਟ੍ਰੀਟ ਜਰਨਲ ਦੀ ਰਿਪੋਰਟ ਮੁਤਾਬਕ ਨੇਤਨਯਾਹੂ ਨੇ ਖ਼ੁਫ਼ੀਆ ਏਜੰਸੀਆਂ ਨੂੰ ਗ਼ਾਜ਼ਾ 'ਚ ਹੀ ਨਹੀਂ ਸਗੋਂ ਦੁਨੀਆ ਭਰ ਵਿੱਚ ਹਮਾਸ ਦੇ ਨੇਤਾਵਾਂ ਦੀ ਭਾਲ ਕਰਨ ਅਤੇ ਉਨ੍ਹਾਂ ਨੂੰ ਮਾਰਨ ਲਈ ਕਿਹਾ ਹੈ।



ਇਸ ਹੁਕਮ ਤੋਂ ਬਾਅਦ ਇਜ਼ਰਾਇਲੀ ਖ਼ੁਫ਼ੀਆ ਏਜੰਸੀਆਂ ਇਸ ਹੁਕਮ ਨੂੰ ਪੂਰਾ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀਆਂ ਹਨ। ਇਸ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਨੂੰ ਇੱਕ ਸਾਲ ਤੱਕ ਦਾ ਸਮਾਂ ਲੱਗ ਸਕਦਾ ਹੈ। ਵਾਲ ਸਟਰੀਟ ਜਰਨਲ ਦੀ ਰਿਪੋਰਟ ਵਿੱਚ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਖ਼ੁਫ਼ੀਆ ਏਜੰਸੀਆਂ ਤੁਰਕੀ, ਲੇਬਨਾਨ ਅਤੇ ਕਤਰ ਵਿੱਚ ਹਮਾਸ ਨੇਤਾਵਾਂ ਨੂੰ ਮਾਰਨ ਦੀ ਯੋਜਨਾ ਬਣਾ ਰਹੀਆਂ ਹਨ।

ਮੰਨਿਆ ਜਾ ਰਿਹਾ ਹੈ ਕਿ ਹਮਾਸ ਦੇ ਕਈ ਨੇਤਾ ਕਤਰ ਵਿੱਚ ਰਹਿੰਦੇ ਹਨ। ਹਮਾਸ ਦੇ ਸਿਆਸੀ ਮੁਖੀ ਇਸਮਾਈਲ ਹਨੀਏ, ਹਮਾਸ ਦੇ ਮੁਖੀ ਯਾਹਿਆ ਸਿਨਵਰ ਅਤੇ ਖਾਨ ਯੂਨਿਸ ਦੇ ਸਲਾਹਕਾਰ ਵਜੋਂ ਜਾਣੇ ਜਾਂਦੇ ਹਨ, ਵੀ ਕਤਰ ਵਿੱਚ ਰਹਿੰਦੇ ਹਨ। ਹਮਾਸ ਦਾ ਕਤਰ ਵਿੱਚ ਰਾਜਨੀਤਿਕ ਦਫ਼ਤਰ ਵੀ ਹੈ। ਇਹ ਦਫ਼ਤਰ ਸਾਲ 2013 ਵਿੱਚ ਖੋਲ੍ਹਿਆ ਗਿਆ ਸੀ, ਜਦੋਂ ਅਮਰੀਕਾ ਨੇ ਇਸ ਨੂੰ ਬੰਦ ਕਰਨ ਦੀ ਹਰ ਕੋਸ਼ਿਸ਼ ਕੀਤੀ ਸੀ। ਗ਼ਾਜ਼ਾ ਵਿੱਚ ਸੱਤ ਦਿਨਾਂ ਦੀ ਜੰਗਬੰਦੀ ਨੂੰ ਅਮਲ ਵਿੱਚ ਲਿਆਉਣ ਵਿੱਚ ਕਤਰ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ, ਜਿਸ ਕਾਰਨ ਹਮਾਸ ਨੇ ਗ਼ਾਜ਼ਾ ਤੋਂ 100 ਤੋਂ ਵੱਧ ਬੰਧਕਾਂ ਨੂੰ ਰਿਹਾਅ ਕਰਵਾਇਆ ਸੀ।

ਅਮਰੀਕੀ ਅਖ਼ਬਾਰ ਲਿਖਦਾ ਹੈ ਕਿ ਨੇਤਨਯਾਹੂ ਨੇ ਖ਼ੁਫ਼ੀਆ ਅਧਿਕਾਰੀਆਂ ਨੂੰ ਇਹ ਕੰਮ ਗੁਪਤ ਤਰੀਕੇ ਨਾਲ ਕਰਨ ਲਈ ਕਿਹਾ ਹੈ। ਹਾਲਾਂਕਿ 22 ਨਵੰਬਰ ਨੂੰ ਨੇਤਨਯਾਹੂ ਨੇ ਜਨਤਕ ਤੌਰ 'ਤੇ ਕੁਝ ਅਜਿਹਾ ਹੀ ਕਿਹਾ ਸੀ। ਉਸ ਨੇ ਕਿਹਾ ਸੀ ਕਿ ਉਸ ਨੇ ਇਜ਼ਰਾਈਲੀ ਖ਼ੁਫ਼ੀਆ ਏਜੰਸੀ ਮੋਸਾਦ ਨੂੰ ਹਮਾਸ ਨੇਤਾਵਾਂ ਨੂੰ ਮਾਰਨ ਦਾ ਹੁਕਮ ਦਿੱਤਾ ਸੀ। ਜਦੋਂ ਨੇਤਨਯਾਹੂ ਇਹ ਸਭ ਕਹਿ ਰਹੇ ਸਨ ਤਾਂ ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਉਨ੍ਹਾਂ ਦੇ ਨਾਲ ਖੜ੍ਹੇ ਸਨ। ਉਨ੍ਹਾਂ ਨੇ ਕਿਹਾ ਸੀ, ਹਮਾਸ ਦੇ ਨੇਤਾ ਉਧਾਰ ਦੀ ਜ਼ਿੰਦਗੀ ਜੀ ਰਹੇ ਹਨ, ਉਨ੍ਹਾਂ ਦੀ ਮੌਤ ਤੈਅ ਹੋ ਚੁੱਕੀ ਹੈ।

# ਅਮਰੀਕਾ ਵਿੱਚ ਖ਼ਾਲਿਸਤਾਨੀ ਪੰਨੂ ਕਤਲ ਸਾਜ਼ਿਸ਼ ਮਾਮਲੇ ਵਿੱਚ ਦੋਸ਼ਾਂ ਦਾ ਚਿੱਠਾ ਤਿਆਰ ਕਰਨ ਵਾਲਾ ਡੇਮੀਅਨ ਵਿਲੀਅਮਜ਼

## ਨਿਊਯਾਰਕ ਦੇ ਸਾਊਥ ਡਿਸਟ੍ਰਿਕਟ ਇਲਾਕੇ ਦਾ ਸਭ ਤੋਂ ਤਾਕਤਵਰ ਕਾਨੂੰਨੀ ਅਧਿਕਾਰੀ

ਅਮਰੀਕਾ ਵਿੱਚ ਇੱਕ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਇਲਜ਼ਾਮ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਖ਼ਿਲਾਫ਼ ਮੁਕੱਦਮਾ ਸ਼ੁਰੂ ਹੋਇਆ ਹੈ। ਇਸ ਮੁਕੱਦਮੇ ਨੇ ਭਾਰਤ ਤੇ ਅਮਰੀਕਾ ਦੇ ਡਿਪਲੋਮੈਟਿਕ ਰਿਸ਼ਤਿਆਂ ਨੂੰ ਵੀ ਸੰਵੇਦਨਸ਼ੀਲ ਕਰ ਦਿੱਤਾ ਹੈ। ਰਿਪੋਰਟਾਂ ਮੁਤਾਬਕ ਅਮਰੀਕਾ ਨੇ ਭਾਰਤ ਨੂੰ ਇਸ 'ਸਾਜ਼ਿਸ਼' ਤੋਂ ਜਾਣੂ ਕਰਵਾਇਆ ਸੀ ਅਤੇ ਆਪਣੀ ਨਾਰਾਜ਼ਗੀ ਜਤਾਈ ਸੀ। ਦੂਜੇ ਪਾਸੇ ਭਾਰਤ ਦਾ ਕਹਿਣਾ ਹੈ ਕਿ ਇਸ ਘਟਨਾ ਦੀ ਜਾਂਚ ਲਈ ਕਮੇਟੀ ਬਣਾ ਦਿੱਤੀ ਗਈ ਹੈ।

ਭਾਰਤੀ ਨਾਗਰਿਕ ਨਿਖਿਲ ਗੁਪਤਾ ਖ਼ਿਲਾਫ਼ ਅਮਰੀਕੀ ਅਦਾਲਤ ਵਿੱਚ ਇਹ ਇਲਜ਼ਾਮ ਅਮਰੀਕੀ ਅਟਾਰਨੀ ਡੇਮੀਅਨ ਵਿਲਿਅਮਜ਼ ਨੇ ਦਾਇਰ ਕੀਤਾ ਹੈ। ਅਮਰੀਕਾ ਦਾ ਦਾਅਵਾ ਸੀ ਕਿ ਕਤਲ ਲਈ 15 ਹਜ਼ਾਰ ਡਾਲਰ ਐਡਵਾਂਸ ਦਿੱਤੇ ਗਏ ਸਨ ਅਤੇ ਸੌਦਾ ਇੱਕ ਲੱਖ ਡਾਲਰ ਵਿੱਚ ਤੈਅ ਹੋਇਆ ਸੀ।

42 ਸਾਲ ਦੇ ਡੇਮੀਅਨ ਅਮਰੀਕਾ ਦੇ ਸਰਕਾਰੀ ਵਕੀਲ ਹਨ ਅਤੇ ਇਹ ਮੁਕੱਦਮਾ ਨਿਊਯਾਰਕ ਦੇ ਡਿਸਟ੍ਰਿਕਟ ਕੋਰਟ ਵਿੱਚ ਦਾਇਰ ਕੀਤਾ ਗਿਆ ਹੈ। ਡੇਮੀਅਨ ਵਿਲਿਅਮਜ਼ ਨੂੰ ਨਿਊਯਾਰਕ ਦੇ ਸਾਊਥ ਡਿਸਟ੍ਰਿਕਟ ਇਲਾਕੇ ਦਾ ਸਭ ਤੋਂ ਤਾਕਤਵਰ ਕਾਨੂੰਨੀ ਅਧਿਕਾਰੀ ਮੰਨਿਆ ਜਾਂਦਾ ਹੈ।

ਇਲਜ਼ਾਮ ਵਿੱਚ ਇੱਕ ਭਾਰਤੀ ਅਧਿਕਾਰੀ ਦਾ ਵੀ ਜ਼ਿਕਰ ਹੈ ਜਿਸ ਨੇ



ਕਥਿਤ ਤੌਰ 'ਤੇ ਨਿਖਿਲ ਗੁਪਤਾ ਨੂੰ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ 'ਸੁਪਾਰੀ ਦਿੱਤੀ ਸੀ।'ਹਾਲਾਂ ਕਿ ਭਾਰਤੀ ਅਧਿਕਾਰੀ ਦਾ ਨਾਮ ਇਲਜ਼ਾਮ ਪੱਤਰ ਵਿੱਚ ਨਹੀਂ ਹੈ ਅਤੇ ਭਾਰਤ ਦਾ ਕਹਿਣਾ ਹੈ ਕਿ ਇਸ 'ਮੁਕੱਦਮੇ ਵਿੱਚ ਕਿਸੇ ਭਾਰਤੀ ਅਧਿਕਾਰੀ ਨੂੰ ਮੁਲਜ਼ਮ ਨਹੀਂ ਬਣਾਇਆ ਗਿਆ ਹੈ।'

ਇਹ ਇਲਜ਼ਾਮ ਦਾਇਰ ਕਰਨ ਵਾਲੇ ਸਰਕਾਰੀ ਵਕੀਲ ਡੇਮੀਅਨ ਵਿਲਿਅਮਜ਼ ਨਿਊ ਯਾਰਕ ਵਿੱਚ ਚਰਚਿਤ ਨਾਮ ਹਨ ਅਤੇ ਕਈ ਹਾਈ ਪ੍ਰੋਫ਼ਾਈਲ ਇਲਜ਼ਾਮ ਪੱਤਰ ਦਾਇਰ ਕਰ ਚੁੱਕੇ ਹਨ।

ਡੇਮੀਅਨ ਵਿਲਿਅਮਜ਼ ਨੂੰ ਸਾਲ 2021 ਵਿੱਚ ਡਿਸਟ੍ਰਿਕਟ ਆਫ਼ ਨਿਊ ਯਾਰਕ ਲਈ ਅਟਾਰਨੀ ਯਾਨੀ ਸਰਕਾਰੀ ਵਕੀਲ ਨਿਯੁਕਤ ਕੀਤਾ ਗਿਆ ਸੀ। ਉਹ 'ਸਫ਼ੈਦਪੋਸ਼' ਲੋਕਾਂ ਖ਼ਿਲਾਫ਼ ਕਾਰਵਾਈਆਂ ਨਾਲ ਮਸ਼ਹੂਰ ਹੋਏ। ਹਾਲ ਹੀ ਵਿੱਚ ਡੇਮੀਅਨ ਵਿਲਿਅਮਜ਼ ਨੇ ਕ੍ਰਿਪਟੋ ਕਰੰਸੀ ਐਕਸਚੇਂਜ ਐਫ਼ਟੀਐਕਸ ਦੇ ਸੰਸਥਾਪਕ ਸੈਮ ਬੈਂਕਮੈਨ ਫ੍ਰਾਇਡ ਦੇ ਖ਼ਿਲਾਫ਼ ਜਾਂਚ ਕੀਤੀ। ਇਹ ਜਾਂਚ ਅਮਰੀਕਾ ਦੇ ਮੀਡੀਆ ਦੀਆਂ ਸੁਰਖ਼ੀਆਂ ਵਿੱਚ ਰਹੀ ਅਤੇ ਡੇਮੀਅਨ ਦੀ ਵੀ ਕਾਫ਼ੀ ਚਰਚਾ ਹੋਈ। ਸੈਮ ਉੱਤੇ ਸੱਤ ਇਲਜ਼ਾਮ ਤੈਅ ਕੀਤੇ ਗਏ ਹਨ। ਸਰਕਾਰੀ ਵਕੀਲ ਸਾਰੇ ਸੱਤਾਂ ਅਪਰਾਧੀਆਂ ਵਿੱਚ ਮੁਲਜ਼ਮ ਦਾ ਇਲਜ਼ਾਮ ਸਾਬਤ ਕਰਨ ਵਿੱਚ ਸਫ਼ਲ ਰਹੇ।

ਡੇਮੀਅਨ ਵਿਲਿਅਮਜ਼ ਨੇ ਹਾਰਵਰਡ ਯੂਨੀਵਰਸਿਟੀ ਅਤੇ ਯੇਲ ਲਾਅ ਸਕੂਲ ਤੋਂ ਪੜ੍ਹਾਈ ਕੀਤੀ ਹੈ। ਉਨ੍ਹਾਂ ਨੇ ਹਾਰਵਰਡ ਤੋਂ ਅਰਥਸ਼ਾਸਤਰ ਵਿੱਚ ਗ੍ਰੈਜੁਏਸ਼ਨ ਕੀਤੀ ਹੈ ਤੇ ਕੈਂਬਰਿਜ ਯੂਨੀਵਰਸਿਟੀ ਤੋਂ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ ਹੈ।

ਕ੍ਰਿਪਟੋ ਕਰੰਸੀ ਖੇਤਰ ਵਿੱਚ ਸੈਮ ਬੈਂਕਮੈਨ ਤੋਂ ਇਲਾਵਾ ਉਨ੍ਹਾਂ ਨੇ ਕਈ ਹੋਰ ਲੋਕਾਂ ਉੱਤੇ ਕਾਰਵਾਈਆਂ ਕੀਤੀਆਂ। ਉਨ੍ਹਾਂ ਨੇ ਏਲੇਕਸ ਮੈਸ਼ਿੰਸਕੀ ਉੱਤੇ ਵੀ ਕਾਰਵਾਈ ਕੀਤੀ। ਏਲੇਕਸ ਹੁਣ ਦਿਵਾਲੀਆ ਹੋ ਚੁੱਕੇ ਕ੍ਰਿਪਟੋ ਪਲੇਟਫ਼ਾਰਮ ਸੇਲੇਸਿਸ ਦੇ ਸੰਸਥਾਪਕ ਹਨ। ਯੇਲ ਵਿੱਚ ਵਿਦਿਆਰਥੀ ਰਹਿੰਦਿਆਂ ਦਿ ਯੇਲ ਲਾਅ ਜਰਨਲ ਦੇ ਸੰਪਾਦਕ ਵੀ ਰਹੇ। ਡੇਮੀਅਨ ਵਿਲਿਅਮਜ਼ ਨੂੰ ਨਿਊ ਯਾਰਕ ਸਾਊਥ ਡਿਸਟ੍ਰਿਕਟ ਦਾ ਸਭ ਤੋਂ ਤਾਕਤਵਰ ਕਾਨੂੰਨੀ ਅਧਿਕਾਰੀ ਮੰਨਿਆ ਜਾਂਦਾ ਹੈ। ਉਹ ਸਾਊਥ ਡਿਸਟ੍ਰਿਕਟ ਦੀ ਕਾਨੂੰਨੀ ਟੀਮ ਦੇ 233 ਸਾਲ ਦੇ ਇਤਿਹਾਸ ਵਿੱਚ ਇਸ ਦੀ ਅਗਵਾਈ ਕਰਨ ਵਾਲੇ ਪਹਿਲੇ ਕਾਲੇ ਵਿਅਕਤੀ ਹਨ।

(ਬਾਕੀ ਸਫ਼ਾ 30 'ਤੇ)

# ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਸਮਾਗਮ

## ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੇ ਪਰਿਵਾਰਕ ਮੈਂਬਰ ਹੋਏ ਸ਼ਾਮਲ

### ਅਗਲੀ ਅਰਦਾਸ 17 ਦਸੰਬਰ ਨੂੰ ਤਖ਼ਤ ਪਟਨਾ ਸਾਹਿਬ ਵਿਖੇ ਹੋਵੇਗੀ





ਤਲਵੰਡੀ ਸਾਬੋ/ਏ.ਟੀ.ਨਿਊਜ਼ : ਕੌਮੀ ਸੁਰੱਖਿਆ ਐਕਟ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਹੋਰ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖ਼ਤ ਸਾਹਿਬਾਨ 'ਤੇ ਸ਼ੁਰੂ ਕੀਤੀ ਗਈ ਅਰਦਾਸ ਸਮਾਗਮਾਂ ਦੀ ਲੜੀ ਤਹਿਤ ਤੀਜਾ ਅਰਦਾਸ ਸਮਾਗਮ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਕੀਤਾ ਗਿਆ। ਇਸ ਅਰਦਾਸ ਸਮਾਗਮ ਵਿੱਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ, ਹੋਰਨਾਂ ਬੰਦੀ ਸਿੰਘਾਂ ਦੇ ਪਰਿਵਾਰ, ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਸਭ ਤੋਂ ਪਹਿਲਾਂ ਤਖ਼ਤ ਸਾਹਿਬ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਬਾਬਾ ਧੀਰ ਸਿੰਘ ਵਿੱਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਤਖ਼ਤ ਸਾਹਿਬ ਦੀ ਫਸੀਲ ਅੱਗੇ ਵਧੀਕ ਮੁੱਖ ਗ੍ਰੰਥੀ ਗਿਆਨੀ ਗੁਰਜੰਟ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ। ਅਰਦਾਸ ਸਮਾਗਮ ਮਗਰੋਂ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਖਾਲਸਾ ਵਹੀਰ ਨੇ ਨੌਜਵਾਨੀ ਨੂੰ ਧਰਮ ਨਾਲ ਜੋੜ ਕੇ ਨਸ਼ਿਆਂ ਦੀ ਦਲਦਲ 'ਚੋਂ ਕੱਢਿਆ ਅਤੇ ਸਰਕਾਰਾਂ ਵੱਲੋਂ ਦਹਾਕਿਆਂ ਤੋਂ ਸਿੱਖ ਨੌਜਵਾਨਾਂ ਨੂੰ ਬਰਬਾਦ ਕਰਨ ਲਈ ਬੁਣੇ ਗਏ ਨਸ਼ਿਆਂ ਦੇ ਜਾਲ ਨੂੰ ਖ਼ਾਲਸਾ ਵਹੀਰ ਨੇ ਐਸਾ ਕੱਟਿਆ ਕਿ ਇਸ ਤੋਂ ਘਬਰਾ ਕੇ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਐੱਨਐੱਸਏ ਲਗਾ ਕੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਕੈਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਨੂੰ ਇੱਕ ਪਲੈਟਫਾਰਮ 'ਤੇ ਇਕੱਠੇ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਗਲਾ ਅਰਦਾਸ ਸਮਾਗਮ 17 ਦਸੰਬਰ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹੋਵੇਗਾ। ਅੱਜ ਦੇ ਸਮਾਗਮਾਂ ਦੇ ਮੱਦੇਨਜ਼ਰ ਇੱਥੇ ਭਾਰੀ ਪੁਲੀਸ ਬਲ ਤਾਇਨਾਤ ਕੀਤਾ ਗਿਆ ਸੀ। 'ਅਰਦਾਸ ਸਮਾਗਮ' ਮਗਰੋਂ ਕੁਝ ਸਿੱਖ ਨੌਜਵਾਨਾਂ ਨੇ ਖ਼ਾਲਿਸਤਾਨ ਪੱਖੀ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਨਾਅਰਿਆਂ ਦੀ ਗੂੰਜ ਸੁਣ ਕੇ ਇੱਥੇ ਤਾਇਨਾਤ ਭਾਰੀ ਪੁਲੀਸ ਬਲ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਜ਼ਿਕਰਯੋਗ ਹੈ ਕਿ ਅੱਜ ਦੇ ਅਰਦਾਸ ਸਮਾਗਮ ਦੇ ਮੱਦੇਨਜ਼ਰ ਤਖ਼ਤ ਸਾਹਿਬ ਕੰਪਲੈਕਸ 'ਚ ਵੱਡੀ ਗਿਣਤੀ ਵਿੱਚ ਪੁਲੀਸ ਮੁਲਾਜ਼ਮ ਤੇ ਅਧਿਕਾਰੀ ਸਾਦੇ ਕੱਪੜਿਆਂ ਵਿੱਚ ਤਾਇਨਾਤ ਰਹੇ।

**ਸਿੱਖਾਂ ਖ਼ਿਲਾਫ਼ ਭੇਦਭਾਵ ਵਾਲਾ ਮਾਹੌਲ ਸਿਰਜਿਆ ਜਾ ਰਿਹੈ: ਗਿਆਨੀ ਹਰਪ੍ਰੀਤ ਸਿੰਘ**

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਇੱਥੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਦੇਸ਼ ਭਰ ਵਿੱਚ ਸਿੱਖਾਂ ਖ਼ਿਲਾਫ਼ ਭੇਦਭਾਵ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਇੱਕ ਪਾਸੇ ਹਰਿਆਣਾ ਦੇ ਨੂਹ ਵਿੱਚ ਥਾਣੇ ਨੂੰ ਅੱਗ ਲਗਾ ਕੇ ਦੰਗਾ ਕਰਨ ਵਾਲਿਆਂ ਖ਼ਿਲਾਫ਼ ਦਰਜ ਕੇਸ ਰੱਦ ਕਰਨੇ ਅਤੇ ਦੂਜੇ ਪਾਸੇ ਸਿੱਖ ਨੌਜਵਾਨਾਂ ਨੂੰ ਐੱਨਐੱਸਏ ਤਹਿਤ ਜੇਲ੍ਹਾਂ ਵਿੱਚ ਡੱਕਣਾ ਸਰਾਸਰ ਧੱਕਾ ਹੈ। ਉਨ੍ਹਾਂ ਕਿਹਾ ਕਿ ਜੇਕਰ ਨੂਹ ਵਿੱਚ ਘਟਨਾ ਮਗਰੋਂ ਦਰਜ ਕੀਤੇ ਗਏ ਕੇਸ ਰੱਦ ਹੋ ਸਕਦੇ ਹਨ ਤਾਂ ਸਿੱਖ ਨੌਜਵਾਨਾਂ ਖ਼ਿਲਾਫ਼ ਦਰਜ ਕੇਸ ਰੱਦ ਕਿਉਂ ਨਹੀਂ ਕੀਤੇ ਜਾਂਦੇ। ਤਖ਼ਤ ਸਾਹਿਬ ਵਿਖੇ ਕਰਵਾਏ ਗਏ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਖ਼ਿਲਾਫ਼ ਇੱਕ ਖਾਸ ਸਾਜਿਸ਼ ਤਹਿਤ ਭੜਕਾਹਟ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਜਿਵੇਂ ਨੂਹ ਵਿੱਚ ਦੰਗਾ ਫਸਾਦ ਕਰਨ ਵਾਲਿਆਂ ਦੇ ਕੇਸ ਰੱਦ ਕੀਤੇ ਗਏ ਹਨ, ਉਸੇ ਤਰ੍ਹਾਂ ਸਰਕਾਰ ਸਿੱਖ ਨੌਜਵਾਨਾਂ 'ਤੇ ਦਰਜ ਪਰਚੇ ਵੀ ਰੱਦ ਕਰੇ ਅਤੇ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖਾਂ ਨੂੰ ਤੁਰੰਤ ਰਿਹਾਅ ਕਰੇ।

**ਵੱਡੀ ਗਿਣਤੀ ਸਿੱਖ ਆਗੂ ਘਰਾਂ 'ਚ ਨਜ਼ਰਬੰਦ ਕੀਤੇ**

ਬੰਦੀ ਸਿੰਘਾਂ ਦੀ ਰਿਹਾਈ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕੀਤੇ ਗਏ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਪੁਲਿਸ ਨੇ ਕਈ ਸਿੱਖ ਆਗੂਆਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਇਸ ਕਾਰਵਾਈ ਦੇ ਵਿਰੋਧ ਵਿੱਚ ਕਈ ਸਿੱਖ ਜਥੇਬੰਦੀਆਂ ਨੇ ਸਥਾਨਕ ਖੰਡਾ ਚੌਕ ਵਿੱਚ ਧਰਨਾ ਲਗਾ ਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਨਸ਼ਾ ਰੋਕੂ ਐਕਸ਼ਨ ਮੁਹਿੰਮ ਦੇ ਆਗੂ ਪਰਮਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ, ਨਿਹੰਗ ਸਿੰਘ ਆਗੂ ਜਬਰਜੰਗ ਸਿੰਘ, ਅਕਾਲੀ ਦਲ (ਅ) ਦੇ ਗੁਰਚਰਨ ਸਿੰਘ ਕੋਟਲੀ ਤੇ ਯਾਦਵਿੰਦਰ ਸਿੰਘ ਭਾਗੀਵਾਂਦਰ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕਰਨੀ ਜਾਂ ਇਸ ਅਰਦਾਸ ਵਿੱਚ ਸ਼ਾਮਲ ਹੋਣਾ ਕੋਈ ਜੁਰਮ ਨਹੀਂ ਹੈ ਪਰ ਪੰਜਾਬ ਸਰਕਾਰ ਨੇ ਅਕਾਲੀ ਦਲ (ਅ) ਦੇ ਜਨਰਲ ਸਕੱਤਰ ਭਾਈ ਗੁਰਸੇਵਕ ਸਿੰਘ ਜਵਾਹਰਕੇ, ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ, ਨਸ਼ਾ ਰੋਕੂ ਮੁਹਿੰਮ ਦੇ ਆਗੂ ਪਰਮਿੰਦਰ ਸਿੰਘ ਝੋਟਾ ਸਣੇ ਕਈ ਹੋਰ ਆਗੂਆਂ ਨੂੰ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਘਰਾਂ ਵਿੱਚ ਨਜ਼ਰਬੰਦ ਕਰਵਾ ਦਿੱਤਾ। (ਬਾਕੀ ਸਫ਼ਾ 31 'ਤੇ)



ਤਖ਼ਤ ਸ੍ਰੀ ਦਮਦਮਾ ਸਹਿਬ ਵਿਖੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਮੂਹ ਬੰਦੀ ਸਿੰਘਾਂ ਦੇ ਪਰਿਵਾਰਾਂ ਦੇ ਨਾਲ ਸਮੂਹ ਜਥੇਬੰਦੀਆਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਲਗਵਾਈ। ਬਾਬਾ ਬਖਸ਼ੀਸ ਸਿੰਘ ਵੀ ਲਿਬਰਟੀ ਇਲਾਇਸ ਵੱਲੋਂ ਹਾਜ਼ਰ ਹੋਏ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਮੀਡੀਆ ਸਲਾਹਕਾਰ ਬਣੇ ਤਲਵਿੰਦਰ ਸਿੰਘ ਬੁੱਟਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਕਮੇਟੀ ਵੱਲੋਂ ਲੇਖਕ ਤੇ ਪੱਤਰਕਾਰ ਤਲਵਿੰਦਰ ਸਿੰਘ ਬੁੱਟਰ ਨੂੰ ਸ੍ਰੀ ਅਕਾਲ



ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਬੁੱਟਰ ਨੂੰ ਅਹੁਦੇ 'ਤੇ ਬਿਠਾਇਆ। ਇਸ ਮੌਕੇ ਬੁੱਟਰ ਨੇ ਆਖਿਆ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਤਲਵਿੰਦਰ ਸਿੰਘ ਬੁੱਟਰ ਪਿਛਲੇ ਦੋ ਦਹਾਕਿਆਂ ਤੋਂ ਪੰਜਾਬੀ ਪੱਤਰਕਾਰੀ ਨਾਲ ਜੁੜੇ ਹੋਏ ਹਨ ਅਤੇ ਉਹ ਸਿੱਖਾਂ ਦੇ ਧਾਰਮਿਕ ਤੇ ਪੰਥਕ ਮਾਮਲਿਆਂ 'ਤੇ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਵਿੱਚ ਨਿਰੰਤਰ ਲਿਖਦੇ ਆ ਰਹੇ ਹਨ।

## ਭਾਰਤੀ ਖ਼ੁਫ਼ੀਆ ਏਜੰਸੀਆਂ ਪ੍ਰਤੀ ਪੱਛਮੀ ਮੁਲਕਾਂ ਦਾ ਰੁਖ ਸਖ਼ਤ

ਨਵੀਂ ਦਿੱਲੀ/ਏ.ਟੀ.ਨਿਊਜ਼ : ਅਮਰੀਕਾ ਤੇ ਉਸ ਦੇ ਭਾਈਵਾਲ ਮੁਲਕ ਭਾਰਤੀ ਖ਼ੁਫ਼ੀਆ ਏਜੰਸੀਆਂ ਦੀਆਂ ਗਤੀਵਿਧੀਆਂ ਨੂੰ ਭਾਵੇਂ ਸ਼ੱਕ ਦੀ ਨਜ਼ਰ ਨਾਲ ਵੇਖ ਰਹੇ ਹਨ ਪਰ ਇਸ ਦੇ ਨਾਲ ਹੀ ਉਹ ਨਵੀਂ ਦਿੱਲੀ ਨਾਲ ਕੂਟਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਰੌਂਅ ਵਿੱਚ ਵੀ ਹਨ। ਇਸੇ ਦੌਰਾਨ ਵ੍ਹਾਈਟ ਹਾਊਸ ਨੇ ਭਾਰਤ ਸਰਕਾਰ ਦੇ ਉਸ ਐਲਾਨ ਦਾ ਸਵਾਗਤ ਕੀਤਾ ਹੈ ਜਿਸ ਵਿੱਚ ਇਕ ਸਿੱਖ ਆਗੂ ਦੀ ਹੱਤਿਆ ਦੀ ਸਾਜ਼ਿਸ਼ ਵਿੱਚ ਭਾਰਤੀ ਅਧਿਕਾਰੀ ਦੀ ਸ਼ਮੂਲੀਅਤ ਬਾਰੇ ਉਚ ਪੱਧਰੀ ਜਾਂਚ ਕਰਨ ਦੀ ਗੱਲ ਕਹੀ ਗਈ ਹੈ। ਇਸ ਦੇ ਨਾਲ ਹੀ ਅਮਰੀਕਾ ਤੇ ਇਸ ਦੇ ਭਾਈਵਾਲਾਂ ਨੇ ਰਿਸਰਚ ਤੇ ਅਨੈਲਸਿਸ ਵਿੰਗ (ਰਾਅ) ਦੇ ਅਧਿਕਾਰੀਆਂ ਲਈ ਆਪਣੇ ਮੁਲਕਾਂ ਵਿਚਲੇ ਸਫਾਰਤਖਾਨਿਆਂ ਤੱਕ ਪਹੁੰਚ ਔਖੀ ਬਣਾ ਦਿੱਤੀ ਹੈ। ਸੂਤਰਾਂ ਨੇ ਕਿਹਾ ਕਿ ਭਾਰਤ ਦੀ ਬਾਹਰੀ ਖ਼ੁਫ਼ੀਆ ਏਜੰਸੀ ਅਤੇ ਸਿੱਖ ਵੱਖਵਾਦੀਆਂ ਨੂੰ ਪਨਾਹ ਦੇਣ ਵਾਲੇ ਪੱਛਮੀ ਮੁਲਕਾਂ ਵਿਚਾਲੇ ਟਕਰਾਅ ਉਦੋਂ ਸ਼ੁਰੂ ਹੋਇਆ ਜਦੋਂ 'ਰਾਅ' ਦੇ ਇੱਕ ਸੀਨੀਅਰ ਅਧਿਕਾਰੀ 'ਤੇ ਮੁਹਿੰਮਾਂ ਦੀ ਅਗਵਾਈ ਕਰਨ ਦਾ ਦੋਸ਼ ਲੱਗਾ। ਨਿੱਝਰ ਅਤੇ ਪੰਨੂ ਨਾਲ ਸਬੰਧਤ ਤਾਜ਼ਾ ਘਟਨਾਕ੍ਰਮ ਵਿੱਚ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਮੁਲਕਾਂ ਨੇ




ਰੱਖਿਆ, ਵਪਾਰ ਅਤੇ ਸੁਰੱਖਿਆ ਦੇ ਖੇਤਰਾਂ ਵਿੱਚ ਭਾਰਤ ਨਾਲ ਸਬੰਧਾਂ ਵਿੱਚ ਸੁਧਾਰ 'ਤੇ ਜ਼ੋਰ ਦਿੱਤਾ ਅਤੇ ਦੂਜੇ ਪਾਸੇ ਭਾਰਤ ਦੀਆਂ ਖੁਫੀਆ ਕਾਰਵਾਈਆਂ ਨੂੰ ਲੈ ਕੇ ਆਪਣਾ ਰੋਸ ਪ੍ਰਗਟਾਇਆ ਹੈ। ਹੁਣ ਜਦੋਂ ਸਿਆਟਲ ਵਿੱਚ ਇੱਕ ਭਾਰਤੀ ਦੂਤਾਵਾਸ ਖੁੱਲ੍ਹਣ ਲਈ ਤਿਆਰ ਹੈ ਅਤੇ ਸੀਨੀਅਰ ਡਿਪਲੋਮੈਟ ਪ੍ਰਕਾਸ਼ ਗੁਪਤਾ ਇਸ ਦੀ ਅਗਵਾਈ ਕਰਨਗੇ ਤਾਂ ਸਾਂ ਫਰਾਂਸਿਸਕੋ ਦੇ ਕੌਂਸੁਲੇਟ ਵਿੱਚ ਕੰਮ ਕਰ ਰਹੇ ਇੱਕ 'ਰਾਅ' ਅਧਿਕਾਰੀ ਨੂੰ ਜੂਨ ਵਿੱਚ ਉਥੋਂ ਜਾਣ ਲਈ ਆਖ ਦਿੱਤਾ ਗਿਆ ਸੀ। ਇਹ ਬਰਖਾਸਤਗੀ ਉਦੋਂ ਕੀਤੀ ਗਈ ਜਦੋਂ ਐੱਫਬੀਆਈ ਨੇ ਕੈਨੇਡੀਅਨ ਖੁਫੀਆ ਵਿਭਾਗ ਨੂੰ 'ਰਾਅ' ਅਧਿਕਾਰੀਆਂ ਦੀ ਨਸ਼ਾ ਤਸਕਰ ਨਿਖਿਲ ਗੁਪਤਾ ਨਾਲ ਕਥਿਤ ਗੱਲਬਾਤ ਬਾਰੇ ਵੀਡੀਓ ਜਾਰੀ ਕੀਤਾ। ਨਿਖਿਲ ਗੁਪਤਾ ਉੱਤੇ ਨਿੱਝਰ ਦੀ ਹੱਤਿਆ ਅਤੇ ਨਿਊਯਾਰਕ ਵਿੱਚ ਗੁਰਪਤਵੰਤ ਸਿੰਘ ਪੰਨੂ ਉਪਰ ਹਮਲੇ ਦੀ ਸਾਜ਼ਿਸ਼ ਘੜਨ ਦਾ ਦੋਸ਼ ਹੈ। ਸੂਤਰਾਂ ਨੇ ਕਿਹਾ ਕਿ ਨਿਊਜ਼ੀਲੈਂਡ ਨੂੰ ਛੱਡ ਕੇ 'ਫਾਈਵ ਆਈਜ਼' ਮੁਲਕਾਂ 'ਚ 'ਰਾਅ' ਖ਼ਿਲਾਫ਼ ਮਾਹੌਲ ਬਣ ਗਿਆ ਹੈ ਪਰ ਅਮਰੀਕਾ, ਯੂਕੇ ਅਤੇ ਕੈਨੇਡਾ ਦੇ ਮਾਮਲੇ 'ਚ ਇਹ ਗੱਲ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਨਿੱਝਰ ਦੀ ਹੱਤਿਆ 'ਚ ਭਾਰਤ ਦਾ ਹੱਥ ਹੋਣ ਦੇ ਲਾਏ ਗਏ ਦੋਸ਼ਾਂ ਮਗਰੋਂ ਕੈਨੇਡਾ ਨੇ 'ਰਾਅ' ਦੇ ਸਥਾਨਕ ਮੁਖੀ ਪਵਨ ਕੁਮਾਰ ਰਾਏ ਨੂੰ ਮੁਲਕ 'ਚੋਂ ਕੱਢ ਦਿੱਤਾ ਸੀ ਜੋ 1997 ਬੈਚ ਦੇ (ਬਾਕੀ ਸਫ਼ਾ 30 'ਤੇ)

## ਭਾਈ ਲਖਬੀਰ ਸਿੰਘ ਰੋਡੇ ਪਾਕਿਸਤਾਨ 'ਚ ਗੁਰਪੁਰੀ ਸਿਧਾਰੇ

### ਐਨ.ਆਈ.ਏ. ਦੀ ਮੋਸਟ ਵਾਂਟੇਡ ਸੂਚੀ 'ਚ ਸ਼ਾਮਲ ਸੀ ਨਾਮ

ਲਾਹੌਰ/ਏ.ਟੀ.ਨਿਊਜ਼: ਖਾਲਿਸਤਾਨ ਸਮਰਥਕ ਲਖਬੀਰ ਸਿੰਘ ਰੋਡੇ ਦੀ ਪਾਕਿਸਤਾਨ ਵਿੱਚ ਮੌਤ ਹੋ ਗਈ ਹੈ। ਲਖਬੀਰ ਸਿੰਘ ਰੋਡੇ 72 ਸਾਲ ਦਾ ਸੀ। ਮੀਡੀਆ ਰਿਪੋਰਟਾਂ ਅਨੁਸਾਰ ਰੋਡੇ ਦੀ 2 ਦਸੰਬਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਦੱਸ ਦਈਏ ਕਿ ਭਾਈ ਲਖਬੀਰ ਸਿੰਘ ਰੋਡੇ ਭਾਰਤ ਵਿੱਚ ਪਾਬੰਦੀਸ਼ੁਦਾ ਖਾੜਕੂ ਸੰਗਠਨ ਖਾਲਿਸਤਾਨ



ਲਿਬਰੇਸ਼ਨ ਫੋਰਸ ਤੇ ਪਾਕਿਸਤਾਨ ਤੋਂ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨੂੰ ਸੰਚਾਲਿਤ ਕਰ ਰਿਹਾ ਸੀ। ਲਖਬੀਰ ਰੋਡੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਭਤੀਜਾ ਸੀ ਤੇ ਉਸ ਦਾ ਪਰਿਵਾਰ ਕੈਨੇਡਾ ਵਿੱਚ ਰਹਿੰਦਾ ਹੈ।

ਤੁਹਾਨੂੰ ਦੱਸ ਦੇਈਏ ਕਿ ਐੱਨਆਈਏ ਨੇ ਅਕਤੂਬਰ ਮਹੀਨੇ ਮੋਗਾ 'ਚ ਛਾਪੇਮਾਰੀ ਤੋਂ ਬਾਅਦ ਖ਼ਾਲਿਸਤਾਨੀ ਲਖਬੀਰ ਸਿੰਘ ਰੋਡੇ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਸਨ। ਰੋਡੇ ਆਰ.ਡੀ.ਐਕਸ. ਹਥਿਆਰਾਂ ਤੇ ਵਿਸਫੋਟਕਾਂ ਦੀ ਤਸਕਰੀ, ਨਵੀਂ ਦਿੱਲੀ 'ਚ ਨੇਤਾਵਾਂ 'ਤੇ ਹਮਲਾ ਕਰਨ ਦੀ ਸਾਜ਼ਿਸ਼ ਤੇ ਪੰਜਾਬ ਵਿੱਚ ਨਫ਼ਰਤ ਫੈਲਾਉਣ ਸਮੇਤ ਕਈ ਮਾਮਲਿਆਂ 'ਚ ਭਾਰਤ ਸਰਕਾਰ ਨੂੰ ਲੋੜੀਂਦਾ ਸੀ। ਲਖਬੀਰ ਸਿੰਘ ਨੂੰ ਯੂਏਪੀਏ ਐਕਟ ਤਹਿਤ 'ਖਾੜਕੂ' ਕਰਾਰ ਦਿੱਤਾ ਗਿਆ ਸੀ, ਜਿਸ ਕਾਰਨ ਉਹ ਪਾਕਿਸਤਾਨ ਭੱਜ ਗਿਆ ਸੀ। ਖਾਲਿਸਤਾਨੀ ਸਮਰਥਕ ਰੋਡੇ 'ਤੇ 1985 ਵਿੱਚ ਏਅਰ ਇੰਡੀਆ ਦੇ ਜਹਾਜ਼ ਨੂੰ ਬੰਬ ਨਾਲ ਉਡਾਉਣ ਦਾ ਵੀ ਦੋਸ਼ ਹੈ।

# ਤਬਾਹ ਹੋ ਰਹੀਆਂ ਨੇ ਖ਼ਾਲਸਾ ਰਾਜ ਦੀ ਗਰਮੀਆਂ ਦੀ ਰਾਜਧਾਨੀ ਦੀਆਂ ਇਮਾਰਤਾਂ, ਰਸਤਿਆਂ ’ਤੇ ਵੀ ਹੋ ਗਏ ਕਬਜ਼ੇ

## ‘ਆਪ’ ਸਰਕਾਰ ਵੱਲੋਂ ਵਿਰਾਸਤ ਦੀ ਸਾਂਭ-ਸੰਭਾਲ ਲਈ ਜਾਰੀ ਕੀਤਾ 1.6 ਕਰੋੜ ਰੁਪਿਆ ਖ਼ਰਚ ਵੀ ਨਹੀਂ ਕੀਤਾ ਗਿਆ

ਦੀਨਾਨਗਰ/ਏ.ਟੀ.ਨਿਊਜ਼ : ਕਦੇ ਸਾਂਝੇ ਪੰਜਾਬ ਤੋਂ ਲੈ ਕੇ ਚੀਨ ਦੀਆਂ ਸਰਹੱਦਾਂ, ਦੱਰਾ ਖੈਬਰ ਤੇ ਸਿੰਧ ਤੱਕ ਖ਼ਾਲਸਾ ਰਾਜ ਦਾ ਝੰਡਾ ਲਹਿਰਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਵੇਲੇ ਦੀਆਂ ਦੀਨਾਨਗਰ ਸ਼ਹਿਰ ਅੰਦਰ ਮੌਜੂਦ ਨਿਸ਼ਾਨੀਆਂ ਨਾਲ ਉਸ ਦੇ ਆਪਣਿਆਂ ਵੱਲੋਂ ਹੀ ਮਤਰੇਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ।

ਜਿਸ ਮਹਾਰਾਜੇ ਦੇ ਰਹਿੰਦਿਆਂ ਕਦੇ ਦੁਸ਼ਮਣ ਨੇ ਵੀ ਉਸ ਦੀ ਧਰਤੀ ’ਤੇ ਪੈਰ ਪਾਉਣ ਬਾਰੇ ਸੋਚਿਆ ਵੀ ਨਹੀਂ ਸੀ ਅੱਜ ਉਸ ਦੇ ਆਪਣਿਆਂ ਨੇ ਹੀ ਉਸ ਦੀਆਂ ਯਾਦਗਾਰਾਂ ਤੱਕ ਪੁਹੰਚਣ ਲਈ ਰਸਤੇ ਤੱਕ ਨਹੀਂ ਛੱਡੇ। ਇਸ ਕਾਰਨ ਖ਼ਾਲਸੇ ਦੇ ਰਾਜ ਦੌਰਾਨ ਕਦੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਦੀ ਗਰਮੀਆਂ ਦੀ ਰਾਜਧਾਨੀ ਰਹਿ ਚੁੱਕੇ ਸ਼ਹਿਰ ਦੀਨਾਨਗਰ ਅੰਦਰ ਮੌਜੂਦ ਉਸ ਵੇਲੇ ਦੀਆਂ ਬਣੀਆਂ ਆਲੀਸ਼ਾਨ ਇਮਾਰਤਾਂ ਅੱਜ ਆਪਣਿਆਂ ਦੇ ਹੱਥੋਂ ਤਬਾਹ ਹੁੰਦੀਆਂ ਨਜ਼ਰ ਆ ਰਹੀਆਂ ਹਨ। ਪਿਛਲੀਆਂ ਸਰਕਾਰਾਂ ਨੇ ਇਨ੍ਹਾਂ ਅਨਮੋਲ ਵਿਰਾਸਤਾਂ ਨੂੰ ਸੰਭਾਲਣਾ ਤਾਂ ਕੀ ਸੀ ਸਗੋਂ ਇਨ੍ਹਾਂ ਇਮਾਰਤਾਂ ਨੂੰ ਉਜਾੜਣ ਵਿੱਚ ਵੀ ਕੋਈ ਕਸਰ ਨਹੀਂ ਛੱਡੀ ਅਤੇ ਹੁਣ ਜੇਕਰ ਮੌਜੂਦਾ ਸਰਕਾਰ ਵੱਲੋਂ ਇਨ੍ਹਾਂ ਇਮਾਰਤਾਂ ਦੀ ਦਿੱਖ ਨੂੰ ਮੁੜ ਸੁਰਜੀਤ ਕਰਨ ਲਈ ਰਕਮ ਜਾਰੀ ਕੀਤੀ ਵੀ ਗਈ ਹੈ ਤਾਂ ਉਸ ਰਾਸ਼ੀ ਨੂੰ ਖਰਚਣ ਵਿੱਚ ਅਨੇਕਾਂ ਅੜਿੱਕੇ ਪੈਦਾ ਹੋ ਰਹੇ ਹਨ।

ਕਦੇ ਅੰਬਾਂ ਦੇ ਬਾਗਾਂ ਦੇ ਸ਼ਹਿਰ ਵਜੋਂ ਜਾਣਿਆਂ ਜਾਂਦਾ ਦੀਨਾਨਗਰ ਸਿੱਖ ਮਿਸਲਾਂ ਦੇ ਰਾਜ ਵੇਲੇ ਘਨੱਈਆ ਅਤੇ ਰਾਮਗੜ੍ਹੀਆ ਮਿਸਲਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਵੱਲੋਂ 1808 ਵਿੱਚ ਪਹਿਲਾਂ ਰਾਮਗੜ੍ਹੀਆ ਮਿਸਲ ਅਤੇ ਫਿਰ 1811 ਵਿੱਚ ਘਨੱਈਆ ਮਿਸਲ ਨੂੰ ਆਪਣੇ ਅਧੀਨ ਕਰ ਲੈਣ ਮਗਰੋਂ ਇਸ ਸ਼ਹਿਰ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਅਪਣੇ ਅਧੀਨ ਕਰ ਲਿਆ ਗਿਆ ਸੀ।

ਅੰਬਾਂ ਦੇ ਸ਼ੌਕੀਨ ਅਤੇ ਇੱਥੋਂ ਦੀ ਆਬੋ ਹਵਾ ਪਸੰਦ ਆਉਣ ’ਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਸ਼ਹਿਰ ਨੂੰ ਰਾਜਨੀਤਕ ਗਤੀਵਿਧੀਆਂ ਦੇ ਕੇਂਦਰ ਵਜੋਂ ਆਪਣੇ ਰਾਜਭਾਗ ਦੀ ਗਰਮੀਆਂ ਦੀ ਰਾਜਧਾਨੀ ਬਣਾ ਲਿਆ, ਜਿਸ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਦੀਨਾਨਗਰ ਅਤੇ ਇਸ ਦੇ ਆਲੇ-ਦੁਆਲੇ ਕਈ ਆਲੀਸ਼ਾਨ ਇਮਾਰਤਾਂ ਦਾ ਨਿਰਮਾਣ ਕਰਵਾਇਆ। ਇਨ੍ਹਾਂ ਵਿੱਚ ਬਾਰਾਂਦਰੀ, ਵੈਨਤਰਾ ਹਾਊਸ, ਹਮਾਮ, ਸ਼ਿਵਾਲਾ, ਗਊਸ਼ਾਲਾ, ਅਸਤਬਲ ਅਤੇ ਫੌਜੀ ਠਹਿਰਾਓ ਲਈ ਤਿਆਰ ਕੀਤੀਆਂ ਗਈਆਂ ਇਮਾਰਤਾਂ ਸ਼ਾਮਲ ਸਨ। ਇਹ ਇਮਾਰਤਾਂ ਯੂਰਪੀਅਨ ਤੇ ਮੁਗਲ ਕਲਾ ਦਾ ਸ਼ਾਨਦਾਰ ਸੁਮੇਲ ਸਨ, ਜੋ ਭੂਮੀਗਤ ਸੁਰੰਗਾਂ ਰਾਹੀਂ ਆਪਸ ਵਿੱਚ ਇਕ-ਦੂਜੀ ਨਾਲ ਜੁੜਦੀਆਂ ਸਨ। ਹੁਣ ਭਾਵੇਂ ਸਮੇਂ ਦੇ ਨਾਲ-ਨਾਲ ਇਹ ਸੁਰੰਗਾਂ ਜ਼ਮੀਂਦੋਜ਼ ਹੋ ਗਈਆਂ ਹਨ, ਪਰ ਕੁਝ ਕੁ ਥਾਵਾਂ ’ਤੇ ਇਨ੍ਹਾਂ ਸੁਰੰਗਾਂ ਦੇ ਮੁਹਾਨੇ ਅੱਜ ਵੀ ਮੌਜੂਦ ਹਨ।




### ਬਾਰਾਂਦਰੀ ਤੱਕ ਪਹੁੰਚਣ ਦਾ ਰਸਤਾ ਵੀ ਨਹੀਂ ਛੱਡਿਆ

ਸਰਕਾਰਾਂ ਦਾ ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਨਾਲ ਜੁੜੀਆਂ ਯਾਦਗਾਰਾਂ ਪ੍ਰਤੀ ਰਵੱਈਆ ਇਸ ਗੱਲ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਕਦੇ ਯਮੁਨਾ ਨਦੀ ਤੋਂ ਲੈ ਕੇ ਦੱਰਾ ਖੈਬਰ ਤੱਕ ਜਿਸ ਦਾ ਸਿੱਕਾ ਚੱਲਦਾ ਸੀ ਅੱਜ ਉਸ ਮਹਾਰਾਜੇ ਦੇ ਖੰਡਰਨੁਮਾ ਮਹੱਲ ਤੱਕ ਪਹੁੰਚਣ ਲਈ ਕਿਸੇ ਨੇ ਰਸਤਾ ਵੀ ਨਹੀਂ ਛੱਡਿਆ। ਇਹੀ ਕਾਰਨ ਹੈ ਕਿ ਮੌਜੂਦਾ ਸਰਕਾਰ ਵੱਲੋਂ ਬਾਰਾਂਦਰੀ ਦੀ ਸਾਂਭ-ਸੰਭਾਲ ਲਈ ਜਾਰੀ ਕੀਤਾ ਗਿਆ 1.6 ਕਰੋੜ ਰੁਪਿਆ ਖਰਚ ਵੀ ਨਹੀਂ ਕੀਤਾ ਜਾ ਰਿਹਾ। ਇਹ ਬਾਰਾਂਦਰੀ ਜਿੱਥੇ ਕਦੇ ਗਰਮੀਆਂ ਦੇ ਦਿਨਾਂ ਵਿੱਚ ਦੋ ਮਹੀਨੇ ਮਹਾਰਾਜਾ ਰਣਜੀਤ ਸਿੰਘ ਆ ਕੇ ਠਹਿਰਿਆ ਕਰਦੇ ਸਨ ਅਤੇ ਇੱਥੇ ਹੀ ਉਨ੍ਹਾਂ ਦਾ ਦਰਬਾਰ ਲੱਗਦਾ ਸੀ, ਦੇ ਆਲੇ ਦੁਆਲੇ ਦਾ 46 ਕਨਾਲ 15 ਮਰਲੇ ਕਰਬੇ ਅੰਦਰ ਅੰਬਾਂ ਦਾ ਵੱਡਾ ਬਾਗ ਹੋਇਆ ਕਰਦਾ ਸੀ। ਦੇਸ਼ ਦੀ ਵੰਡ ਮਗਰੋਂ ਪਤਾ ਨਹੀਂ ਕਿਸ ਤਰੀਕੇ ਉਕਤ 46 ਕਨਾਲ 15 ਮਰਲੇ ਜ਼ਮੀਨ ਸ਼ਹਿਰ ਦੇ ਇਕ ਰਈਸ ਪਰਿਵਾਰ ਕੋਲ ਚਲੀ ਗਈ। ਹਾਲਾਂਕਿ ਪੰਜਾਬ ਹੈਰੀਟੇਜ ਐਂਡ ਕਲਚਰਲ ਸੁਸਾਇਟੀ ਬਟਾਲਾ ਵੱਲੋਂ ਮਾਮਲਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦੇ ਜਾਣ ਅਤੇ ਅਦਾਲਤਾਂ ਵਿੱਚ ਪੈਰਵਾਈ ਕੀਤੇ ਜਾਣ ਮਗਰੋਂ ਹੁਣ ਇਸ ਅਨਮੋਲ ਵਿਰਾਸਤ ਨਾਲ ਇਨਸਾਫ ਹੋਣ ਦੀ ਆਸ ਬੱਝੀ ਹੈ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਪੰਜਾਬੀਆਂ ਦੀਆਂ ਅਨਮੋਲ ਵਿਰਾਸਤਾਂ ਦੀ ਸਾਂਭ-ਸੰਭਾਲ ਲਈ ਵਚਨਬੱਧ ਹੈ ਅਤੇ ਪੰਜਾਬ ਸਰਕਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਮਹੱਲ ਦੀ ਸਾਂਭ-ਸੰਭਾਲ ਲਈ ਵੀ 1.6 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਜਿਸ ਦੀ ਟੈਂਡਰ ਪ੍ਰਕਿਰਿਆ ਵੀ ਪੂਰੀ ਹੋ ਚੁੱਕੀ ਹੈ ਅਤੇ ਜਲਦੀ ਹੀ ਇਸ ਸ਼ਾਨਾਮੱਤੀ ਵਿਰਾਸਤ ਦੀ ਗਵਾਹ ਇਮਾਰਤ ਦੀ ਸਾਂਭ-ਸੰਭਾਲ ਦਾ ਕੰਮ ਸ਼ੁਰੂ ਹੋ ਜਾਵੇਗਾ।

### ਸਿੱਖ ਰਾਜ ਦੇ ਕਈ ਮਹੱਤਵਪੂਰਨ ਫ਼ੈਸਲੇ ਦੀਨਾਨਗਰ ’ਚ ਹੋਏ

ਦੀਨਾਨਗਰ ਨੂੰ ਸਿੱਖ ਰਾਜ ਦੀ ਗਰਮੀਆਂ ਦੀ ਰਾਜਧਾਨੀ ਬਣਾਉਣ ਮਗਰੋਂ ਮਹਾਰਾਜਾ ਰਣਜੀਤ ਸਿੰਘ ਰਾਜ ਦੇ ਕਈ ਅਹਿਮ ਫ਼ੈਸਲੇ ਇਸੇ ਸ਼ਹਿਰ ਅੰਦਰ ਹੋਏ ਸਨ, ਜਿਨ੍ਹਾਂ ਵਿੱਚੋਂ ਕਸ਼ਮੀਰ ’ਤੇ ਚੜ੍ਹਾਈ ਤੋਂ ਪਹਿਲਾਂ ਹਮਲੇ ਦੀ ਰੂਪਰੇਖਾ ਤਿਆਰ ਕਰਨੀ, ਅਕਤੂਬਰ 1831 ਵਿੱਚ ਰੋਪੜ ਵਿਖੇ ਲਾਰਡ ਵਿਲੀਅਮ ਬੈਂਟੇਕ ਨਾਲ ਮੁਲਾਕਾਤ ਦਾ ਫੈਸਲਾ ਅਤੇ ਮੈਕਨਾਟਨ ਮਿਸ਼ਨ ਨਾਲ ਸ਼ਾਹ ਸੁਜਾ ਨੂੰ ਅਫਗਾਨਿਸਤਾਨ ਦਾ ਉੱਤਰਾਧਿਕਾਰੀ ਬਣਾਉਣ ਬਾਰੇ ਕੀਤਾ ਗਿਆ ਮਹੱਤਵਪੂਰਨ ਫੈਸਲਾ ਵੀ ਇੱਥੇ ਹੀ ਕੀਤੇ ਗਏ ਸਨ। ਦੀਨਾਨਗਰ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਆਖਰੀ ਦਰਬਾਰ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਇੱਕ ਸਾਲ ਪਹਿਲਾਂ 1838 ਵਿੱਚ ਲੱਗਾ ਸੀ।

### ਪੁਰਾਤੱਤਵ ਵਿਭਾਗ ਨੇ ਕੋਸ਼ਿਸ਼ ਤਾਂ ਕੀਤੀ ਪਰ ਆਪਣੇ ਹੀ ਦਗਾ ਕਮਾਉਂਦੇ ਰਹੇ

ਭਾਵੇਂ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਦੇ ਐਲਾਨ ਤਾਂ ਕੀਤੇ ਜਾਂਦੇ ਰਹੇ ਪਰ ਸਥਾਨਕ ਸ਼ਹਿਰ ਅੰਦਰ ਮੈਜੂਦ ਸਿੱਖ ਰਾਜ ਦੀਆਂ ਵਿਰਾਸਤਾਂ ਨਾਲ ਹਰ ਪੱਖੋਂ ਅਣਦੇਖੀ ਹੀ ਹੁੰਦੀ ਰਹੀ ਹੈ। ਪੁਰਾਤੱਤਵ ਵਿਭਾਗ ਵੱਲੋਂ ਸਾਲ 2010 ਵਿੱਚ ਬਾਰਾਂਦਰੀ, ਜਿੱਥੇ ਕਦੇ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਲੱਗਦਾ ਹੁੰਦਾ ਸੀ, ਸਮੇਤ ਕੁਝ ਹੋਰ ਇਮਾਰਤਾਂ ਨੂੰ ਸੁਰੱਖਿਅਤ ਐਲਾਨ ਦਿੱਤਾ ਗਿਆ ਪਰ ਦੀਨਾਨਗਰ ਸ਼ਹਿਰ ਦੇ ਸੁਨਹਿਰੀ ਇਤਿਹਾਸ ਦੀ ਗਵਾਹੀ ਭਰਦੀਆਂ ਇਨ੍ਹਾਂ ਵਿਰਾਸਤੀ ਇਮਾਰਤਾਂ ਪ੍ਰਤੀ ਕਿਸੇ ਨੇ ਵੀ ਸੰਜੀਦਗੀ ਨਹੀਂ ਵਿਖਾਈ ਜਿਸ ਕਾਰਨ ਸਿੱਖ ਰਾਜ ਦੀ ਅਨਮੋਲ ਵਿਰਾਸਤ ਹੌਲੀ-ਹੌਲੀ ਆਪਣੀ ਹੋਂਦ ਗੁਆਉਂਦੀ ਜਾ ਰਹੀ ਹੈ। ਕਿਸੇ ਇਮਾਰਤ ਵਿੱਚ ਸਕੂਲ, ਕਿਸੇ ਵਿੱਚ ਪੁਲਿਸ ਸਟੇਸ਼ਨ ਤਾਂ ਕਿਤੇ ਲੋਕਾਂ ਵੱਲੋਂ ਕਬਜ਼ੇ ਕਰ ਲਏ ਗਏ ਹਨ। ਵੈਨਤਰਾ ਹਾਊਸ, ਜਿਸ ਨੂੰ ਡਾਕਬੰਗਲਾ ਕਿਹਾ ਜਾਂਦਾ ਸੀ, ਇੱਕੋ-ਇੱਕ ਅਜਿਹੀ ਇਮਾਰਤ ਹੈ ਜਿਸ ਨੂੰ ਛੱਤ ਨਸੀਬ ਹੋ ਸਕੀ। ਇਸ ਇਮਾਰਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਜਾ ਚੁੱਕਾ ਹੈ ਅਤੇ ਇਹ ਸ਼ਹਿਰ ਦੀ ਇੱਕੋ-ਇਕ ਅਜਿਹੀ ਥਾਂ ਹੈ ਜਿਸ ਦੀ ਇਮਾਰਤ ਉਪਰ ਉਕਰੇ ਗੁਰਦੁਆਰਾ ਯਾਦਗਾਰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅੱਖਰ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਇਸ ਸ਼ਹਿਰ ਨਾਲ ਜੁੜੇ ਹੋਣ ਦਾ ਅਹਿਸਾਸ ਕਰਵਾਉਂਦੇ ਹਨ। ਇਸ ਤੋਂ ਇਲਾਵਾ ਖੰਡਰ ਇਮਾਰਤਾਂ ਵਜੋਂ ਸਿਰਫ ਬਾਰਾਂਦਰੀ ਅਤੇ ਇਸ਼ਨਾਨ ਘਰ ਹੀ ਬਚੇ ਹੋਏ ਹਨ, ਜੋ ਅਪਣਿਆਂ ਦੀ ਸਵੱਲੀ ਨਜ਼ਰ ਦੇ ਇੰਤਜਾਰ ਵਿੱਚ ਆਖਰੀ ਸਾਹ ਗਿਣ ਰਹੇ ਹਨ।

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947


Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


# ਬੰਦੀ ਸਿੰਘਾਂ ਦੀ ਰਿਹਾਈ ਲਈ ਜਥੇਦਾਰ ਬਣਾਉਣ ਵਿਸ਼ਵ ਸਿੱਖ ਕਮੇਟੀ : ਪੁਰੇਵਾਲ, ਖ਼ਾਲਸਾ

## ਅਕਾਲ ਤਖ਼ਤ ਤੋਂ ਪਾਖੰਡੀ ਸਾਧਾਂ ਬਾਰੇ ਸਿੱਖ ਲੀਡਰਸ਼ਿਪ ਤੇ ਸਿਆਸਤਦਾਨਾਂ ਨੂੰ ਆਦੇਸ਼ ਦਿੱਤੇ ਜਾਣ



ਜਲੰਧਰ/ਏ.ਟੀ.ਨਿਊਜ਼ : ਯੂਕੇ ਤੋਂ ਆਏ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਚੇਅਰਮੈਨ ਰਜਿੰਦਰ ਸਿੰਘ ਪੁਰੇਵਾਲ, ਸੂਬਾ ਪ੍ਰਧਾਨ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਇੱਕ ਪੱਤਰਕਾਰ ਸੰਮੇਲਨ ਵਿੱਚ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਵਿਸ਼ਵ ਸਿੱਖ ਕਮੇਟੀ ਦੀ ਸਥਾਪਨਾ ਕਰਨ ਜੋ ਇਹ ਮਸਲੇ ਲੈ ਕੇ ਭਾਰਤ ਸਰਕਾਰ ਨਾਲ ਗੱਲਬਾਤ ਕਰੇ। ਇਸ ਸਬੰਧੀ ਅਕਾਲ ਤਖ਼ਤ ਵੱਲੋਂ ਗੁਰਦੁਆਰਿਆਂ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਇਸ ਮੁੱਦੇ ਬਾਰੇ ਮਤੇ ਪਾਸ ਕਰ ਕੇ ਅਕਾਲ ਤਖ਼ਤ ਸਾਹਿਬ ਭੇਜੇ ਜਾਣ। ਕਾਨਫਰੰਸਾਂ ਕਰ ਕੇ ਸੰਗਤ ਨੂੰ ਜਾਗਰੂਕ ਕੀਤਾ ਜਾਵੇ। ਅਮਰੀਕਾ, ਕੈਨੇਡਾ, ਯੂਕੇ, ਆਸਟ੍ਰੇਲੀਆ ਤੇ ਹੋਰ ਪੱਛਮੀ ਦੇਸ਼ਾਂ ਵਿਚ ਆਪਣਾ ਕੇਸ ਰੱਖ ਕੇ ਭਾਰਤ ਸਰਕਾਰ ’ਤੇ ਦਬਾਅ ਬਣਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਪ੍ਰੋਗਰਾਮ ਵਿਚ ਸਿੱਖ ਪੱਖੀ ਹਿੰਦੂ ਸੰਤਾਂ, ਬੁੱਧੀਜੀਵੀਆਂ, ਬੁੱਧ ਧਰਮ, ਦਲਿਤ ਆਗੂਆਂ, ਸਿਆਸੀ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਜਾਵੇ। ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦਿਆਂ ਕਿਹਾ ਕਿ ਡੇਰਾ ਸੱਚਾ ਸੌਦਾ ਮੁਖੀ ਨੂੰ ਵਾਰ-ਵਾਰ ਪੈਰੋਲ ਦੇਣੀ ਲੋਕ ਨਿਆਂ ਦੇ ਵਿਰੁੱਧ ਹੈ। ਉਹ ਹੁਣ ਤੱਕ 8 ਵਾਰ ਉਹ ਪੈਰੋਲ ’ਤੇ ਬਾਹਰ ਆ ਚੁੱਕਾ ਹੈ ਜਦਕਿ ਆਪਣੀਆਂ ਸਾਰੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੂੰ ਇਹ ਕੇਸ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ।ਪੁਰੇਵਾਲ ਤੇ ਖ਼ਾਲਸਾ ਨੇ ਕਰਤਾਰਪੁਰ ਸਾਹਿਬ ਦੀ ਘਟਨਾ ਬਾਰੇ ਕਿਹਾ ਕਿ ਇਸ ਘਟਨਾ ਬਾਰੇ ਪੰਜਾਬ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਗ੍ਰੰਥੀ ਨੇ ਸਥਿਤੀ ਸਪੱਸ਼ਟ ਕਰ ਕੇ ਯੋਗ ਕਾਰਜ ਕੀਤਾ ਹੈ ਕਿ ਵਿਵਾਦਤ ਚਰਚਿਤ ਪਾਰਟੀ ਗੁਰਦੁਆਰਾ ਸਾਹਿਬ ਤੋਂ ਡੇਢ-ਦੋ ਕਿਲੋਮੀਟਰ ਦੂਰ ਵੱਖਰੇ ਕੰਪਲੈਕਸ ਵਿੱਚ ਹੋਈ ਸੀ। ਉਹ ਪਾਕਿਸਤਾਨ ਦੀ ਗੁਰਦੁਆਰਾ ਕਾਰ ਸੇਵਾ ਕਮੇਟੀ ਦੇ ਮੈਂਬਰ ਰਹੇ ਹਨ, ਉਹ ਪੂਰੀ ਤਰ੍ਹਾਂ ਇਸ ਘਟਨਾ ਬਾਰੇ ਵਾਕਫ ਹਨ ਕਿ ਗੁਰਦੁਆਰੇ ’ਚ ਅਜਿਹੀ ਘਟਨਾ ਨਹੀਂ ਵਾਪਰੀ। ਉਨ੍ਹਾਂ ਕਿਹਾ ਕਿ ਮੀਡੀਆ ਤੇ ਲੀਡਰਾਂ ਨੂੰ ਅਜਿਹੀ ਘਟਨਾ ਦੀ ਪਰਖ ਕਰਕੇ ਬਿਆਨਬਾਜ਼ੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਾਖੰਡੀ ਸਾਧਾਂ ਬਾਰੇ ਪੰਥਕ ਲੀਡਰਸ਼ਿਪ ਤੇ ਪੰਜਾਬ ਦੀ ਸਿਆਸੀ ਲੀਡਰਸ਼ਿਪ ਨੂੰ ਆਦੇਸ਼ ਜਾਰੀ ਹੋਣੇ ਚਾਹੀਦੇ ਹਨ ਕਿ ਉਹ ਪਾਖੰਡੀ, ਗੁਰੂ ਡੰਮੀ ਡੇਰਿਆਂ ਵਿਚ ਨਾ ਜਾਣ।ਇਸ ਮੌਕੇ ਸੰਤੋਖ ਸਿੰਘ, ਮਨਜੀਤ ਸਿੰਘ ਗੱਤਕਾ ਮਾਸਟਰ, ਸਾਹਿਬ ਸਿੰਘ ਆਰਟਿਸਟ, ਸੰਦੀਪ ਸਿੰਘ ਚਾਵਲਾ, ਕਮਲਚਰਨਜੀਤ ਸਿੰਘ ਹੈਪੀ, ਬਾਵਾ ਖਰਬੰਦਾ, ਹਰਦੇਵ ਸਿੰਘ ਗਰਚਾ, ਹਰਿਭਜਨ ਸਿੰਘ ਬੈਂਸ, ਹਰਪ੍ਰੀਤ ਸਿੰਘ, ਦਲਬੀਰ ਸਿੰਘ ਰਿਹਾੜ, ਇੰਦਰਜੀਤ ਸਿੰਘ ਚੱਡਾ, ਨਵਤੇਜ ਸਿੰਘ ਟਿੰਮੀ, ਦਵਿੰਦਰ ਸਿੰਘ ਆਨੰਦ, ਸੰਦੀਪ ਸਿੰਘ ਚਾਵਲਾ, ਵਾਲੀਆ, ਗੁਰਮਤਿ ਕਾਲਜ ਸੁਰਜੀਤ ਸਿੰਘ ਸੇਵਕ ਗੁਰਮਤਿ ਸੰਗੀਤ ਵਿਦਿਆਲਿਆ ਆਦਿ ਹਾਜ਼ਰ ਸਨ।

# ਨੌਕਰੀ ਬਹਾਨੇ ਖਾੜੀ ਦੇਸ਼ਾਂ ’ਚ ਕੀਤਾ ਜਾ ਰਿਹੈ ਲੜਕੀਆਂ ਦਾ ਸੌਦਾ

## ਇਰਾਕ ਤੋਂ ਪਰਤੀਆਂ ਲੜਕੀਆਂ ਨੇ ਸੰਤ ਸੀਚੇਵਾਲ ਨੂੰ ਮਿਲ ਕੇ ਹੱਡਬੀਤੀ ਸੁਣਾਈ



ਜਲੰਧਰ/ਏ.ਟੀ.ਨਿਊਜ਼: ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਇਰਾਕ ਤੋਂ ਪਰਤੀਆਂ ਦੋ ਲੜਕੀਆਂ ਨੇ ਆਪਣੀ ਹੱਡਬੀਤੀ ਸੁਣਾਈ। ਉਨ੍ਹਾਂ ਦੱਸਿਆ ਕਿ ਟਰੈਵਲ ਏਜੰਟਾਂ ਨੇ ਉਨ੍ਹਾਂ ਦਾ ਇਰਾਕ ਵਿੱਚ ਸੌਦਾ ਕੀਤਾ ਸੀ। ਇਨ੍ਹਾਂ ਲੜਕੀਆਂ ਨਾਲ ਮਲੇਸ਼ੀਆ ਤੋਂ ਇੱਕ ਲੜਕਾ ਵੀ ਵਤਨ ਪਰਤਿਆ ਹੈ, ਜੋ ਕਿ ਉੱਥੇ ਜੇਲ੍ਹ ਵਿੱਚ ਬੰਦ ਸੀ। ਇਨ੍ਹਾਂ ਲੜਕੀਆਂ ਨੇ ਸੁਲਤਾਨਪੁਰ ਲੋਧੀ ਸਥਿਤ ਨਿਰਮਲ ਕੁਟੀਆ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦਾ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ ਅਕਤੂਬਰ ਤੇ ਨਵੰਬਰ ਮਹੀਨੇ ਦੌਰਾਨ ਹੁਣ ਤੱਕ 12 ਲੜਕੀਆਂ ਨੂੰ ਓਮਾਨ ਤੇ ਇਰਾਕ ’ਚੋਂ ਵਾਪਸ ਭਾਰਤ ਲਿਆਂਦਾ ਗਿਆ ਹੈ। ਰਾਜ ਸਭਾ ਮੈਂਬਰ ਬਣਨ ਮਗਰੋਂ ਸੰਤ ਸੀਚੇਵਾਲ ਦੇ ਯਤਨਾਂ ਸਕਦਾ ਹੁਣ ਤੱਕ 60 ਲੜਕੀਆਂ ਵਤਨ ਪਰਤੀਆਂ ਹਨ। ਟਰੈਵਲ ਏਜੰਟਾਂ ਦੇ ਇਸ ਗੰਭੀਰ ਜੁਰਮ ਦਾ ਸਖ਼ਤ ਨੋਟਿਸ ਲੈਂਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਅਜਿਹੇ ਟਰੈਵਲ ਏਜੰਟ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਨੂੰ ਖਾੜੀ ਦੇਸ਼ਾਂ ਵਿੱਚ ਲਿਜਾ ਕੇ ਵੇਚ ਰਹੇ ਹਨ। ਇਰਾਕ ਤੋਂ ਪਰਤੀਆਂ ਦੋਵੇਂ ਲੜਕੀਆਂ ਨੇ ਦੱਸਿਆ ਕਿ ਉਹ ਬੀਤੀ 10 ਜੁਲਾਈ ਨੂੰ ਇਰਾਕ ਗਈਆਂ ਸਨ। ਦੋਹਾਂ ਨੂੰ ਫਗਵਾੜਾ ਦੀ ਵਸਨੀਕ ਮਨਦੀਪ ਕੌਰ ਨਾਂ ਦੀ ਟਰੈਵਲ ਏਜੰਟ ਨੇ 80-80 ਹਜ਼ਾਰ ਰੁਪਏ ਲੈ ਕੇ ਪਹਿਲਾਂ ਦੁਬਈ ਭੇਜਿਆ ਤੇ ਉੱਥੇ ਅੱਠ ਘੰਟੇ ਹਵਾਈ ਅੱਡੇ ’ਤੇ ਰੁਕਣ ਮਗਰੋਂ ਇਰਾਕ ਭੇਜ ਦਿੱਤਾ ਗਿਆ। ਦੋਹਾਂ ਨੂੰ ਰੈਸਤਰਾਂ ਵਿੱਚ ਪੰਜਾਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਵਾਲੀ ਨੌਕਰੀ ਦਿਵਾਉਣ ਦੀ ਗੱਲ ਆਖੀ ਗਈ ਸੀ, ਪਰ ਲੜਕੀਆਂ ਨੂੰ ਇਰਾਕ ਪੁੱਜ ਕੇ ਪਤਾ ਲੱਗਿਆ ਕਿ ਉਨ੍ਹਾਂ ਦਾ ਸੌਦਾ ਕੀਤਾ ਗਿਆ ਹੈ। ਇਨ੍ਹਾਂ ਲੜਕੀਆਂ ਕੋਲੋਂ ਦੇਰ ਰਾਤ ਤੱਕ ਕੰਮ ਕਰਵਾਇਆ ਜਾਂਦਾ ਸੀ ਤੇ ਕੰਮ ਨਾ ਕਰਨ ਦੀ ਸੂਰਤ ਵਿੱਚ ਕੁੱਟਮਾਰ ਕੀਤੀ ਜਾਂਦੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਵਿਰੋਧ ਕਰਨ ਵਾਲੀਆਂ ਲੜਕੀਆਂ ਨੂੰ ਨਿਰਵਸਤਰ ਕਰ ਕੇ ਗੁਸਲਖਾਨਿਆਂ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ। ਸੰਤ ਸੀਚੇਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀਜੀਪੀ ਗੌਰਵ ਯਾਦਵ ਨੂੰ ਅਪੀਲ ਕੀਤੀ ਕਿ ਅਜਿਹੇ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

*ਮਾਮਲਾ ਦੇਸ਼ ਖ਼ਿਲਾਫ਼ ਸਾਜ਼ਿਸ਼ ਰਚਣ ਅਤੇ ਆਰਮਸ ਐਕਟ ਦਾ*

## 10 ਦਿਨਾਂ ’ਚ ਭਾਈ ਹਵਾਰਾ ਨੂੰ ਮਿਲੀ ਦੂਜੀ ਵੱਡੀ ਰਾਹਤ, ਚੰਡੀਗੜ੍ਹ ਅਦਾਲਤ ਨੇ ਕੀਤਾ ਬਰੀ




ਚੰਡੀਗੜ੍ਹ/ਏ.ਟੀ.ਨਿਊਜ਼: ਬੰਦੀ ਸਿੰਘ ਭਾਈ ਜਗਤਾਰ ਸਿੰਘ ਹਵਾਰਾ ਨੂੰ 10 ਦਿਨਾਂ ਦੇ ਅੰਦਰ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਨੇ ਦੂਜੇ ਮਾਮਲੇ ਵਿੱਚ ਬਰੀ ਕਰ ਦਿੱਤਾ ਗਿਆ ਹੈ । ਪੁਲਿਸ ਇਸ ਮਾਮਲੇ ਵਿੱਚ ਵੀ ਪੁੱਖਤਾ ਸਬੂਤ ਪੇਸ਼ ਨਹੀਂ ਕਰ ਸਕੀ ਸੀ। ਮਾਮਲੇ ਵਿੱਚ ਵੀ ਗਵਾਹ ਦੀ ਮੌਤ ਹੋ ਗਈ ਸੀ । 2005 ਵਿੱਚ ਚੰਡੀਗੜ੍ਹ ਦੇ ਸੈਕਟਰ 17 ਵਿੱਚ ਹਵਾਰਾ ਦੇ ਖ਼ਿਲਾਫ਼ ਦੇਸ਼ ਖਿਲਾਫ ਸਾਜਿਸ਼ ਰੱਚਣ ਅਤੇ ਆਰਮਸ ਐਕਟ ਅਤੇ ਧਮਾਕਾਖੇਜ ਸਮੱਗਰੀ ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਪਿਛਲੇ ਮਹੀਨੇ 22 ਨਵੰਬਰ ਨੂੰ ਚੰਡੀਗੜ੍ਹ ਦੀ ਕੋਰਟ ਨੇ ਹਵਾਰਾ ਨੂੰ ਆਪਣੇ ਸਾਥੀ ਕਮਲਜੀਤ ਸਿੰਘ ਅਤੇ ਪਰਮਜੀਤ ਸਿੰਘ ਨੂੰ ਆਰ.ਡੀ.ਐਕਸ. ਪਹੁੰਚਾਉਣ ਦੇ ਇਲਜ਼ਾਮ ਵਿੱਚ ਬਰੀ ਕੀਤਾ ਸੀ । ਇਸ ਮਾਮਲੇ ਵਿੱਚ ਵੀ ਗਵਾਹ ਦੀ ਮੌਤ ਹੋ ਗਈ ਸੀ। ਜਗਤਾਰ ਸਿੰਘ ਹਵਾਰਾ ਇਸ ਵੇਲੇ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਹੈ ।

(ਬਾਕੀ ਸਫ਼ਾ 31 ’ਤੇ)

# ਫਾਜ਼ਿਲਕਾ ਦੇ ਅਨੇਕਾਂ ਪਿੰਡਾਂ ’ਚ ਵੱਡੀ ਗਿਣਤੀ ਬੱਚੇ ਬਣੇ ਮਾਨਸਿਕ ਰੋਗੀ

## ਪਾਣੀ ਵਿੱਚ ਭਾਰੀ ਧਾਤਾਂ ਦਾ ਵੱਡੀ ਮਾਤਰਾ ’ਚ ਮੌਜੂਦ ਹੋਣ ਕਾਰਨ ਲੱਗਦੀ ਹੈ ਇਹ ਬਿਮਾਰੀ





ਫਾਜ਼ਿਲਕਾ/ਏ.ਟੀ.ਨਿਊਜ਼ : ਵਿਧਾਨ ਸਭਾ ਹਲਕਾ ਜਲਾਲਬਾਦ ਅਤੇ ਫਾਜ਼ਿਲਕਾ ਅਧੀਨ ਆਉਂਦੇ ਪਿੰਡ ਬਿਲਾਸਰਾ, ਕਾਂਵਾਂਵਾਲੀ, ਤੇਜਾ ਰਹੇਲਾ, (3- ਨੰਬਰ ਪੱਟੀ ), ਦੋਨਾ ਨਾਨਕਾ, ਦੋਨਾ ਸਕੰਦਰੀ, ਝੰਗੜ ਭੈਣੀ, ਸ਼ਮਸ਼ਾਬਾਦ, ਗੁਲਾਬ ਭੈਣੀ, ਮਨਸਾ ਭਵਾਨੀ, ਮਾਤਮ ਨਗਰ ਅਤੇ ਗੋਦੜ ਭੈਣੀ ਆਦਿ ਦਰਜਨ ਦੇ ਕਰੀਬ ਪਿੰਡ ਪਾਕਿਸਤਾਨ ਦੀ ਸਰਹੱਦ ਦੇ ਨਾਲ ਅਤੇ ਪੰਜਾਬ ਦੇ ਦਰਿਆ ਸਤਲੁਜ ਅਤੇ ਲੁਧਿਆਣਾ, ਬਠਿੰਡਾ ਅਤੇ ਹੋਰ ਸ਼ਹਿਰਾਂ ਦੀਆਂ ਫੈਕਟਰੀਆਂ ਵਿੱਚੋਂ ਨਿਕਲਣ ਵਾਲੇ ਗੰਦੇ ਜ਼ਹਿਰੀਲੇ ਪਾਣੀ ਵਾਲੀ ਲਾਦੂਕਾ ਡਰੇਨ (ਮੋਜਮ ਡਰੇਨ) ਦੇ ਵਿਚਕਾਰ ਵਸਦੇ ਹਨ। ਇਹਨਾਂ ਪਿੰਡਾਂ ਦੇ ਲੋਕਾਂ ਦਾ ਰਹਿਣ ਸਹਿਣ ਪੰਜਾਬ ਦੇ ਹੋਰ ਹਲਕਿਆਂ ਨਾਲੋਂ ਅਲੱਗ ਹੀ ਕਿਹਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੈ। ਇਹਨਾਂ ਪਿੰਡਾਂ ਨੂੰ ਜਾਣ ਲਈ ਕੋਈ ਵੀ ਪੱਕੀ ਸੜਕ ਨਹੀਂ ਅਤੇ ਨਾ ਹੀ ਪਿੰਡਾਂ ਵਿੱਚ ਗਲੀਆਂ ਅਤੇ ਨਾਲੀਆਂ ਹਨ।ਦਰਿਆ ਅਤੇ ਡਰੇਨ ਵਿੱਚ ਵਗਦੇ ਜ਼ਹਿਰੀਲੇ ਪਾਣੀ ਨੇ ਉਕਤ ਪਿੰਡਾਂ ਦੀ ਜ਼ਮੀਨ ਨੂੰ ਅਜਿਹਾ ਕੈਂਸਰ ਬਣਾਕੇ ਬਾਂਝ ਕੀਤਾ ਕਿ ਹੁਣ ਇਹਨਾਂ ਪਿੰਡਾਂ ਦੇ ਲੋਕ ਖੁਦ ਕੈਂਸਰ, ਪੋਲੀਓ, ਕੋਹੜ, ਅੰਨ੍ਹੇਪਣ ਅਤੇ ਦੰਦਾਂ ਦੀਆਂ ਭਿਆਨਕ ਬਿਮਾਰੀਆਂ ਦੇ ਮਰੀਜ਼ ਬਣੇ ਹੋਏ ਹਨ। ਡਰੇਨ ਵਿੱਚ ਵਗਦਾ ਪਾਣੀ ਐਨਾ ਤੇਜ਼ਾਬੀ ਹੈ ਕਿ ਉਕਤ ਪਾਣੀ ਵਿੱਚ ਕੋਈ ਵੀ ਕੀੜਾ ਜਿਉਂਦਾ ਦਿਖਾਈ ਨਹੀਂ ਦਿੰਦਾ।

ਫਾਜ਼ਿਲਕਾ ਦਾ ਇੱਕ ਪਿੰਡ ਦੋਨਾ ਨਾਨਕਾ ਹੈ ਜਿੱਥੇ ਬੱਚੇ ਜੰਮਦੇ ਹੀ ਬੁੱਢੇ ਹੋ ਜਾਂਦੇ ਹਨ । ਸੁਣ ਕੇ ਹੈਰਾਨੀ ਹੋਵੇਗੀ ਪਰ ਇਹ ਸੱਚ ਹੈ। ਸੂਬੇ ਦੇ ਸਰਹੱਦੀ ਇਲਾਕੇ ਦਾ ਪਿੰਡ ਵਿੱਚ ਕੁਝ ਇਸੇ ਤਰ੍ਹਾਂ ਦੇ ਹਾਲਾਤ ਹਨ। 3 ਤੋਂ 4 ਸਾਲ ਦੇ ਬੱਚਿਆਂ ਦੇ ਵਾਲ ਸਫੇਦ ਹੁੰਦੇ ਜਾ ਰਹੇ ਹਨ । ਨੌਬਤ ਇੱਥੋ ਤੱਕ ਆ ਗਈ ਹੈ ਕਿ ਸਕੂਲ ਭੇਜਣ ਤੋਂ ਪਹਿਲਾਂ ਮਾਪਿਆਂ ਨੂੰ ਬੱਚਿਆਂ ਦੇ ਵਾਲ ਰੰਗਣੇ ਪੈਂਦੇ ਹਨ । ਇੱਥੇ 6 ਸਾਲ ਦਾ ਬੱਚਾ ਵੀ ਆਪਣੇ ਵਾਲਾਂ ਤੇ ਡਾਈ ਲਗਾਉਂਦਾ ਹੈ । ਇਹ ਕੋਈ ਇੱਕ ਜਾਂ ਫਿਰ 2 ਬੱਚਿਆਂ ਦੀ ਗੱਲ ਨਹੀਂ ਹੈ ਜ਼ਿਆਦਾਤਰ ਬੱਚਿਆਂ ਦਾ ਇਹ ਹੀ ਹਾਲ ਹੈ । ਇਸ ਦਾ ਅਸਰ ਬੱਚਿਆਂ ਦੀ ਪੜ੍ਹਾਈ ’ਤੇ ਵੀ ਪੈ ਰਿਹਾ ਹੈ ਉਹ ਮਾਨਸਿਕ ਦਬਾਅ ਹੇਠ ਹਨ । ਸਿਰਫ਼ ਏਨਾ ਹੀ ਨਹੀਂ ਮੁੱਖ ਮੰਤਰੀ ਭਗਵੰਤ ਮਾਨ ਵੀ ਕਈ ਵਾਰ ਆਪਣੀ ਸਪੀਚ ਵਿੱਚ ਫਾਜ਼ਿਲਕਾ ਦੇ ਦੋਨਾ ਨਾਨਕਾ ਪਿੰਡ ਦਾ ਜ਼ਿਕਰ ਕਰ ਚੁੱਕੇ ਹਨ ਅਤੇ ਲੋਕਾਂ ਨੂੰ ਅਗਾਹ ਕਰਦੇ ਹਨ ਕਿ ਤੁਹਾਡੇ ਪਿੰਡ ਵਿੱਚ ਅਜਿਹੇ ਹਾਲਾਤ ਨਾ ਬਣਨ ਇਸ ਲਈ ਸਬਕ ਸਿਖਣ ਦੀ ਜ਼ਰੂਰਤ ਹੈ।

ਮਿਡਲ ਸਕੂਲ ਵਿੱਚ ਪੜ੍ਹਦੇ ਪਿੰਡ ਦੇ ਇੱਕ ਵਿਦਿਆਰਥੀ ਨੇ ਦੱਸਿਆ ਕਿ ਉਹ ਤਿੰਨ ਸਾਲ ਤੋਂ ਸਫੇਦ ਵਾਲਾਂ ਦੀ ਵਜ੍ਹਾ ਕਰਕੇ ਡਾਈ ਲੱਗਾ ਰਿਹਾ ਹੈ । ਬੱਚੇ ਦੀ ਮਾਂ ਦੱਸਦੀ ਹੈ ਕਿ ਉਸ ਦੇ ਬੱਚੇ ਦੇ ਵਾਲ ਵੀ ਆਮ ਲੋਕਾਂ ਵਾਂਗ ਕਾਲੇ ਸਨ ਪਰ ਜਦੋਂ ਉਹ 9 ਸਾਲ ਦਾ ਹੋਇਆ ਤਾਂ ਉਹ ਸਫ਼ੇਦ ਹੋਣੇ ਸ਼ੁਰੂ ਹੋ ਗਏ । ਹੁਣ ਜਦੋਂ ਬੱਚਾ ਸਕੂਲ ਜਾਂਦਾ ਹੈ ਤਾਂ ਵਿਦਿਆਰਥੀ ਉਸ ਨੂੰ ਬੁੱਢਾ ਕਹਿਕੇ ਛੇੜਦੇ ਹਨ । ਇਸੇ ਲਈ ਉਸ ਨੇ ਡਾਈ ਲਗਾਉਣੀ ਸ਼ੁਰੂ ਕਰ ਦਿੱਤੀ ਹੈ । ਮਾਂ ਨੇ ਦੱਸਿਆ ਕਿ ਇਸ ਦੀ ਵਜ੍ਹਾ ਕਰਕੇ ਬੱਚੇ ਨੇ ਪਹਿਲਾਂ ਸਕੂਲ ਜਾਣਾ ਬੰਦ ਕਰ ਦਿੱਤਾ ਸੀ ਉਸ ਦੀ ਮਾਨਸਿਕ ਹਾਲਤ ’ਤੇ ਵੀ ਇਸ ਦਾ ਬੁਰਾ ਅਸਰ ਪਿਆ ਹੈ । ਮਨੋਵਿਗਿਆਨੀ ਡਾਕਟਰ ਵੀ ਇਸ ਨੂੰ ਗੰਭੀਰ ਪਰੇਸ਼ਾਨੀ ਦੱਸਦੇ ਹਨ ।

### ਇਹ ਹੈ ਰੋਗ ਦਾ ਕਾਰਨ

ਦਰਅਸਲ ਬੱਚਿਆਂ ਦੇ ਜਿਹੜੇ ਵਾਲ ਸਫ਼ੇਦ ਹੋ ਰਹੇ ਹਨ ਉਸ ਦੇ ਪਿੱਛੇ ਵੱਡੀ ਵਜ੍ਹਾ ਹੈ ਇਲਾਕੇ ਦਾ ਪਾਣੀ। ਦੋਨਾ ਨਾਨਕਾ ਪਿੰਡ ਦੀ ਪੰਚਾਇਤ ਦੇ ਮੈਂਬਰ ਓਮ ਪ੍ਰਕਾਸ਼ ਨੇ ਦੱਸਿਆ ਸਾਡੇ ਇਲਾਕੇ ਦਾ ਪਾਣੀ ਬਹੁਤ ਹੀ ਮਾੜਾ ਹੈ। ਓਮ ਪ੍ਰਕਾਸ਼ ਨੇ ਕਿਹਾ ਅਸੀਂ ਪੀਣ ਲਈ ਆਰ. ਓ. ਦੀ ਵਰਤੋਂ ਕਰਦੇ ਹਾਂ ਪਰ ਹੋਰ ਕੰਮਾਂ ਦੇ ਲਈ ਇਸੇ ਪਾਣੀ ਨੂੰ ਵਰਤਨਾ ਪੈਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਦੋਂ ਐੱਮ. ਪੀ. ਸਨ ਤਾਂ ਉਨ੍ਹਾਂ ਨੇ ਪਿੰਡ ਦਾ ਦੌਰਾ ਕੀਤਾ ਸੀ ਅਤੇ ਪਿੰਡ ਦੇ ਸਕੂਲਾਂ ਨੂੰ ਮੋਟਰ ਲਈ 50 ਲੱਖ ਰੁਪਏ ਦੀ ਗਰਾਂਟ ਦਿੱਤੀ ਸੀ। ਪੰਚਾਇਤ ਮੈਂਬਰ ਨੇ ਦੱਸਿਆ ਕਿ ਸਤਲੁਜ ਦਾ ਡਰੇਨ ਪਿੰਡ ਦੇ ਨਾਲੋਂ ਲੰਘਦਾ ਹੈ । ਉਸ ਵਿੱਚ ਦੂਸ਼ਿਤ ਪਾਣੀ ਹੈ ।

(ਬਾਕੀ ਸਫ਼ਾ 31 ’ਤੇ)

### ਕੀ ਕਹਿਣਾ ਹੈ ਮਾਹਿਰਾਂ ਦਾ

ਡਾਕਟਰਾਂ ਦਾ ਕਹਿਣਾ ਹੈ ਕਿ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਮਰੀਜ਼ ਪੌਜ਼ੀਟਿਵ ਆਉਂਦੇ ਹਨ। ਅਸੀਂ ਪਿੰਡ ਦੇ ਬੱਚਿਆਂ ਦੀ ਸਿਹਤ ਦੀ ਨਿਗਰਾਨੀ ਕਰ ਰਹੇ ਹਾਂ। ਬੱਚਿਆਂ ਵਿੱਚ ਖਣਿਜ ਅਤੇ ਵਿਟਾਮਿਨ ਦੀ ਕਮੀ ਉਨ੍ਹਾਂ ਦੇ ਸਫੇਦ ਵਾਲਾਂ ਦਾ ਇੱਕ ਸੰਭਾਵੀ ਕਾਰਨ ਹੋ ਸਕਦਾ ਹੈ। ਫਰੀਦਕੋਟ ਸਥਿਤ ਸੰਸਥਾ ਬਾਬਾ ਫਰੀਦ ਸੈਂਟਰ ਫਾਰ ਸਪੈਸ਼ਲ ਚਿਲਡਰਨ ਬੱਚਿਆਂ ਦੀ ਸਿਹਤ ਦੇ ਸਬੰਧ ਵਿੱਚ ਕੰਮ ਕਰਦੀ ਹੈ। ਇਸ ਕੇਂਦਰ ਦੇ ਮਾਹਿਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਬੱਚਿਆਂ ਦੇ ਸਫੈਦ ਵਾਲਾਂ ਦਾ ਮੁੱਖ ਕਾਰਨ ਪਾਣੀ ਵਿੱਚ ਭਾਰੀ ਧਾਤਾਂ ਦਾ ਵੱਡੀ ਮਾਤਰਾ ਵਿੱਚ ਮੌਜੂਦ ਹੋਣਾ ਹੈ, ਜਿਸ ਨਾਲ ਹੋਰ ਵੀ ਭਿਆਨਕ ਬਿਮਾਰੀਆਂ ਹੋ ਰਹੀਆਂ ਹਨ। ਉਨ੍ਹਾਂ ਮੁਤਾਬਕ ਤਾਜ਼ਾ ਅਧਿਐਨ ਇਹ ਵੀ ਇਸ਼ਾਰਾ ਕਰਦੇ ਹਨ ਕਿ ਇਹ ਸਮੱਸਿਆ ਡੀ.ਐੱਨ.ਏ. ਕਾਰਨ ਵੀ ਹੁੰਦੀ ਹੈ। ਉਨ੍ਹਾਂ ਕਿਹਾ, “ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਕਾਰਨ ਜ਼ਮੀਨੀ ਪਾਣੀ ਵੀ ਜ਼ਹਿਰੀਲਾ ਹੋ ਗਿਆ ਹੈ। ਚਮੜੀ ਦੇ ਰੋਗਾਂ ਦਾ ਵੱਡਾ ਕਾਰਨ ਪਾਣੀ ਵਿੱਚ ਆਰਸੈਨਿਕ ਦਾ ਹੋਣਾ ਹੈ ਅਤੇ ਇਸ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਦਵਾਈਆਂ ਕਾਰਨ ਲੋਕਾਂ ਨੂੰ ਗੁਰਦੇ ਨਾਲ ਸਬੰਧਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।”

## ਭਾਈ ਬਲਵੰਤ ਸਿੰਘ ਰਾਜੋਆਣਾ ਨੇ ਜੇਲ੍ਹ 'ਚ ਸ਼ੁਰੂ ਕੀਤੀ ਭੁੱਖ ਹੜਤਾਲ

# ਅਪੀਲ ਵਾਪਸ ਹੋਣ ਤਕ ਜਾਰੀ ਰਹੇਗੀ ਹੜਤਾਲ: ਭਾਈ ਰਾਜੋਆਣਾ



ਪਟਿਆਲਾ/ਏ.ਟੀ.ਨਿਊਜ਼ :- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ 28 ਸਾਲ ਤੋਂ ਜੇਲ੍ਹ ਵਿੱਚ ਬੰਦ ਅਤੇ ਕਰੀਬ 17 ਸਾਲ ਤੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰਦਿਆਂ ਅੱਠ ਫੁੱਟ ਦੀ ਚੱਕੀ ਵਿੱਚ ਰਹਿ ਕੇ ਫੈਸਲੇ ਦਾ ਇੰਤਜ਼ਾਰ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ 5 ਦਸੰਬਰ ਤੋਂ ਸ਼ੁਰੂ ਕੀਤੀ ਗਈ ਭੁੱਖ ਹੜਤਾਲ ਨੇ ਭਾਰਤ ਦੀ ਨਿਆਂਪਾਲਿਕਾ ਅਤੇ ਭਾਰਤ ਸਰਕਾਰ 'ਤੇ ਕਈ ਸਵਾਲ ਖੜੇ ਕਰ ਦਿੱਤੇ ਹਨ। ਰਾਜੋਆਣਾ ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਬੇਅੰਤ ਸਿੰਘ ਮਾਮਲੇ ਵਿੱਚ ਇੱਕ ਅਗਸਤ 2007 ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਨੂੰ 31 ਮਾਰਚ 2012 ਨੂੰ ਫਾਂਸੀ ਦਿੱਤੀ ਜਾਣੀ ਸੀ ਪਰ ਤਤਕਾਲੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਗ੍ਰਹਿ ਮੰਤਰਾਲੇ ਦੀ ਸਿਫ਼ਾਰਿਸ਼ ਉੱਤੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ (28 ਮਾਰਚ 2012) ਨੂੰ ਅਣਮਿਥੇ ਸਮੇਂ ਲਈ ਟਾਲ ਦਿੱਤੀ ਸੀ। ਫਿਲਹਾਲ ਉਹ ਪਟਿਆਲਾ ਦੀ ਜੇਲ੍ਹ ਵਿੱਚ ਬੰਦ ਹਨ, ਜਿਥੇ ਉਹਨਾਂ ਨੇ ਭੁੱਖ ਹੜਤਾਲ ਸ਼ੁਰੂ ਕੀਤੀ ਹੋਈ ਹੈ।

ਇਸ ਸਬੰਧੀ ਗਰਮ ਦਲੀ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਸਿੱਖਾਂ ਲਈ ਕਾਨੂੰਨ ਵੱਖਰੇ ਹਨ ਅਤੇ ਹੋਰਨਾਂ ਲੋਕਾਂ ਲਈ ਕਾਨੂੰਨ ਵੱਖਰੇ ਹਨ। ਰਾਜੋਆਣਾ ਮਾਮਲੇ ਨੇ ਗਰਮ ਦਲੀ ਸਿੱਖ ਆਗੂਆਂ ਦੀ ਗੱਲ ਨੂੰ ਕੁਝ ਹੱਦ ਤੱਕ ਸਹੀ ਕਰਾਰ ਦੇ ਦਿੱਤਾ ਹੈ। ਵੱਖ-ਵੱਖ ਸਿੱਖ ਆਗੂ ਕਹਿ ਰਹੇ ਹਨ ਕਿ ਅਨੇਕਾਂ ਬੰਦੀ ਸਿੰਘ ਅਜਿਹੇ ਹਨ, ਜੋ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਸਰਕਾਰਾਂ ਵੱਲੋਂ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਸਿੱਖਾਂ ਵਿੱਚ ਬੇਗਾਨਗੀ ਦਾ ਮਾਹੌਲ ਪੈਦਾ ਹੁੰਦਾ ਜਾ ਰਿਹਾ ਹੈ।

ਭਾਈ ਰਾਜੋਆਣਾ ਦੀ ਮੰਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰਨ ਸਬੰਧੀ 2012 ਵਿੱਚ ਰਾਸ਼ਟਰਪਤੀ ਕੋਲ ਦਾਇਰ ਕੀਤੀ ਰਹਿਮ ਦੀ ਅਪੀਲ ਵਾਪਸ ਕਰਵਾਈ ਜਾਵੇ। ਉੱਧਰ, ਇਹ ਪਟੀਸ਼ਨ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਸ਼੍ਰੋਮਣੀ ਕਮੇਟੀ ਨੇ 20 ਦਸੰਬਰ ਨੂੰ ਦਿੱਲੀ ਵਿੱਚ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਪ੍ਰਦਰਸ਼ਨ ਕਰਨ ਦਾ ਐਲਾਨ ਵੀ ਕੀਤਾ ਹੈ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਸਿੱਖਾਂ ਨਾਲ ਕੇਂਦਰ ਸਰਕਾਰ ਵਿਤਕਰੇ ਵਾਲਾ ਵਿਵਹਾਰ ਕਰ ਰਹੀ ਹੈ, ਉੱਥੇ ਪੰਜਾਬ ਵਿੱਚ ਬਦਲਾਓ ਲਿਆਉਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਸਬੰਧੀ ਠੋਸ ਯਤਨ ਨਹੀਂ ਕਰ ਰਹੀ। ਜਿਸ ਕਰਕੇ ਲੋਕਾਂ ਦਾ ਸਰਕਾਰਾਂ ਤੋਂ ਵਿਸ਼ਵਾਸ ਹੀ ਉੱਠ ਗਿਆ ਹੈ। ਸਿੱਖ ਆਗੂ ਤਾਂ ਇਹ ਵੀ ਦਾਅਵਾ ਕਰ ਰਹੇ ਹਨ ਕਿ ਭਾਰਤ ਵਿੱਚ ਸਿੱਖਾਂ ਨੂੰ ਇਨਸਾਫ਼ ਨਾ ਮਿਲਣ ਕਾਰਨ ਹੀ ਵੱਡੀ ਗਿਣਤੀ ਸਿੱਖ ਵਿਦੇਸ਼ ਜਾ ਰਹੇ ਹਨ। ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਕੇ ਸਿੱਖਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸਿੱਖ ਕੇਂਦਰ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ ਤੋਂ ਨਿਰਾਸ਼ ਹੋ ਗਏ ਹਨ।

## ਭਾਈ ਰਾਜੋਆਣਾ ਆਪਣੀ ਭੁੱਖ ਹੜਤਾਲ ਵਾਪਸ ਲੈਣ : ਸਿੰਘ ਸਾਹਿਬਾਨ

### ਪ੍ਰਧਾਨ ਮੰਤਰੀ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਲਾਗੂ ਕਰਵਾਉਣ ਲਈ ਐਡਵੋਕੇਟ ਧਾਮੀ ਦੀ ਅਗਵਾਈ 'ਚ ਵ਼ਫਦ ਦਾ ਗਠਨ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਜ਼ਰੂਰੀ ਇਕੱਤਰਤਾ ਹੋਈ। ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਸ਼ਾਮਲ ਹੋਏ। ਇਸ ਇਕੱਤਰਤਾ ਦੌਰਾਨ ਸਿੱਖ ਕੌਮ ਦੇ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਵਲੋਂ ਭੇਜੀਆਂ ਪੱਤ੍ਰਿਕਾਵਾਂ ਉੱਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵਿਸ਼ੇਸ਼ ਹੁਕਮ ਜਾਰੀ ਕੀਤੇ ਗਏ। ਜਿਸ ਅਨੁਸਾਰ ਕੌਮ ਦੇ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਨੂੰ ਲਾਗੂ ਕਰਵਾਉਣ ਲਈ ਅਤੇ ਇਨ੍ਹਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਉੱਚ ਪੱਧਰੀ ਵ਼ਫਦ ਦਾ ਗਠਨ ਕੀਤਾ ਗਿਆ ਹੈ, ਜੋ ਤੁਰੰਤ ਹੀ ਆਪਣੀ ਕਾਰਵਾਈ ਆਰੰਭ ਕਰੇਗਾ। ਜੇਕਰ ਕੇਂਦਰ ਸਰਕਾਰ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ 31 ਦਸੰਬਰ 2023 ਤੀਕ ਰੱਦ ਨਹੀਂ ਕਰਦੀ ਤਾਂ ਭਾਈ ਬਲਵੰਤ ਸਿੰਘ ਰਾਜੋਆਣਾ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਾਰ-ਵਾਰ ਪੁੱਜੀਆਂ ਪੱਤ੍ਰਿਕਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਆਪਣੀ ਪਾਈ ਹੋਈ ਅਪੀਲ 'ਤੇ ਵਿਚਾਰ ਕਰੇ।

ਇਸ ਮੌਕੇ ਸਿੰਘ ਸਾਹਿਬਾਨ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਕੌਮ ਦੇ ਜ਼ਿੰਦਾ ਸ਼ਹੀਦ ਹਨ, ਜਿਨ੍ਹਾਂ ਨੇ ਬਹਾਦਰੀ, ਦ੍ਰਿੜ੍ਹਤਾ, ਸੂਰਬੀਰਤਾ ਅਤੇ ਨਿਡਰਤਾ ਨਾਲ ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੇ ਜਬਰ-ਜ਼ੁਲਮ ਅਤੇ ਅੱਤਿਆਚਾਰ ਨੂੰ ਝੱਲਦਿਆਂ ਬਹੁਤ ਵੱਡੀ ਕੁਰਬਾਨੀ ਕੀਤੀ ਹੈ, ਕੌਮ ਨੂੰ ਇਨ੍ਹਾਂ 'ਤੇ ਮਾਣ ਹੈ।

## ਖ਼ਾਲਿਸਤਾਨੀ ਸਮਰਥਕ ਲਖਬੀਰ ਸਿੰਘ ਰੋਡੇ ਦਾ ਸਾਥੀ ਢਾਡੀ ਅੰਮ੍ਰਿਤਸਰ ਏਅਰਪੋਰਟ ਤੋਂ ਗ੍ਰਿਫਤਾਰ



ਅੰਮ੍ਰਿਤਸਰ/ਏ.ਟੀ.ਨਿਊਜ਼ : ਪੰਜਾਬ ਪੁਲਿਸ ਨੇ ਖ਼ਾਲਿਸਤਾਨੀ ਸਮਰਥਕ ਲਖਬੀਰ ਸਿੰਘ ਰੋਡੇ ਦੇ ਸਾਥੀ ਪਰਮਜੀਤ ਸਿੰਘ ਉਰਫ ਢਾਡੀ ਨੂੰ ਅੰਮ੍ਰਿਤਸਰ ਏਅਰਪੋਰਟ ਤੋਂ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਇਹ ਜਾਣਕਾਰੀ ਦਿੱਤੀ ਹੈ। ਡੀਜੀਪੀ ਨੇ ਆਖਿਆ ਹੈ ਕਿ ਯੂਕੇ ਬੇਸਡ ਪਰਮਜੀਤ ਸਿੰਘ ਉਰਫ ਢਾਡੀ ਜੋ ਕਿ ਲਖਬੀਰ ਸਿੰਘ ਰੋਡੇ ਦਾ ਸਾਥੀ ਹੈ, ਨੂੰ ਅੰਮ੍ਰਿਤਸਰ ਏਅਰਪੋਰਟ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਢਾਡੀ ਟੈਰਰ ਫੰਡਿੰਗ ਤੇ ਹੋਰ ਅਪਰਾਧਿਕ ਗਤੀਵਿਧੀਆਂ ਵਿੱਚ ਵੀ ਸ਼ਾਮਲ ਹੈ। ਡੀਜੀਪੀ ਨੇ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਦਾ ਪਤਾ ਲਗਾਉਣ ਲਈ ਪੁਲੀਸ ਦੀ ਜਾਂਚ ਜਾਰੀ ਹੈ। ਪੰਜਾਬ 'ਚ ਸ਼ਾਂਤੀ ਭੰਗ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਦਹਿਸ਼ਤੀ ਮੌਜਿਊਲਜ਼ ਨੂੰ ਇਹ ਇੱਕ ਵੱਡਾ ਝਟਕਾ ਲੱਗਾ ਹੈ।

## ਰਾਸ਼ਟਰੀ ਅਪਰਾਧ ਰਿਕਾਰਡ ਬਿਊਰ ਦੀ ਰਿਪੋਰਟ 'ਚ ਅਹਿਮ ਖ਼ੁਲਾਸਾ

# ਔਰਤਾਂ ਲਈ ਸਭ ਤੋਂ ਜ਼ਿਆਦਾ ਅਸੁਰੱਖਿਅਤ ਹਨ ਦਿੱਲੀ ਤੇ ਹਰਿਆਣਾ




ਨਵੀਂ ਦਿੱਲੀ/ਏ.ਟੀ.ਨਿਊਜ਼ : ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.)-2022 ਦੀ ਰਿਪੋਰਟ ਦੇ ਅਨੁਸਾਰ, ਦਿੱਲੀ ਅਤੇ ਹਰਿਆਣਾ ਪ੍ਰਤੀ ਲੱਖ ਔਰਤਾਂ ਲਈ ਕ੍ਰਮਵਾਰ 144.4 ਅਤੇ 118.7 ਅਪਰਾਧ ਦੀਆਂ ਘਟਨਾਵਾਂ ਦੇ ਨਾਲ ਦੇਸ਼ ਵਿੱਚ ਔਰਤਾਂ ਲਈ ਸਭ ਤੋਂ ਵੱਧ ਅਸੁਰੱਖਿਅਤ ਹਨ।

ਹਰਿਆਣਾ ਵਿੱਚ 2022 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ 16,743 ਮਾਮਲੇ ਦਰਜ ਕੀਤੇ ਗਏ, ਜਦੋਂ ਕਿ 2021 ਵਿੱਚ 16,658 ਮਾਮਲੇ ਦਰਜ ਕੀਤੇ ਗਏ, ਜੋ ਕਿ 0.5 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ। ਹਾਲਾਂਕਿ, ਪੁਲਿਸ ਦੁਆਰਾ ਅਜਿਹੇ ਅਪਰਾਧਾਂ ਵਿੱਚ ਚਾਰਜਸ਼ੀਟ ਦਾਇਰ ਕਰਨ ਦੀ ਦਰ ਸਿਰਫ 57.2 ਹੈ, ਜੋ ਕਿ ਅਸਾਮ ਅਤੇ ਰਾਜਸਥਾਨ ਤੋਂ ਬਾਅਦ ਦੇਸ਼ ਵਿੱਚ ਤੀਜਾ ਸਭ ਤੋਂ ਖਰਾਬ ਦਰ ਹੈ। ਦੋਸ਼ੀ ਠਹਿਰਾਏ ਜਾਣ ਦੀ ਦਰ 13.2 ਪ੍ਰਤੀਸ਼ਤ ਰਹਿ ਗਈ, ਜਦੋਂ ਕਿ ਅਦਾਲਤਾਂ ਵਿੱਚ ਕੇਸਾਂ ਦੀ ਪੈਂਡੈਂਸੀ 90% ਰਹੀ। 2022 ਵਿੱਚ ਬਲਾਤਕਾਰ ਦੇ ਘੱਟੋ-ਘੱਟ 1,787 ਮਾਮਲੇ (ਜਿੱਥੇ ਪੀੜਤ ਦੀ ਉਮਰ 18 ਸਾਲ ਤੋਂ ਵੱਧ ਹੈ) ਦਰਜ ਕੀਤੇ ਗਏ ਸਨ; ਰੋਜ਼ਾਨਾ ਪੰਜ ਬਲਾਤਕਾਰ ਹੁੰਦੇ ਹਨ। ਇਸ ਵਿੱਚ ਸਮੂਹਿਕ ਬਲਾਤਕਾਰ ਦੀਆਂ 180 ਘਟਨਾਵਾਂ ਅਤੇ ਇੱਕੋ ਔਰਤ ਨਾਲ ਵਾਰ-ਵਾਰ ਬਲਾਤਕਾਰ ਦੇ 729 ਮਾਮਲੇ ਸ਼ਾਮਲ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 98% ਤੋਂ ਵੱਧ ਮਾਮਲਿਆਂ ਵਿੱਚ, ਦੋਸ਼ੀ ਪੀੜਤ ਨੂੰ ਜਾਣਦਾ ਸੀ। ਰਾਜ ਵਿੱਚ 2021 ਵਿੱਚ ਬਲਾਤਕਾਰ ਦੇ 1,716 ਮਾਮਲੇ ਸਾਹਮਣੇ ਆਏ ਸਨ।

ਸਾਲ 2022 ਵਿੱਚ ਦਾਜ ਲਈ 234 ਮੌਤਾਂ, 9 ਪੀੜਤਾਂ ਨਾਲ ਜੁੜੀਆਂ ਤੇਜ਼ਾਬੀ ਹਮਲਿਆਂ ਦੀਆਂ ਛੇ ਘਟਨਾਵਾਂ ਸ਼ਾਮਲ ਸਨ, ਪਤੀਆਂ ਦੁਆਰਾ ਬੇਰਹਿਮੀ ਦੇ 5,883 ਮਾਮਲੇ ਅਤੇ ਅਗਵਾ ਦੇ 3,050 ਮਾਮਲੇ ਸਾਹਮਣੇ ਆਏ। ਅਗਵਾ ਦੇ ਮਾਮਲਿਆਂ ਵਿੱਚ ਔਰਤਾਂ ਨਾਲ ਜ਼ਬਰਦਸਤੀ ਵਿਆਹ ਕਰਵਾਉਣ ਦੀਆਂ 1,041 ਘਟਨਾਵਾਂ ਸ਼ਾਮਲ ਹਨ। ਇਸ ਤੋਂ ਇਲਾਵਾ, 2022 ਵਿੱਚ ਬੱਚਿਆਂ ਦੇ ਜਿਨਸੀ ਅਪਰਾਧਾਂ ਤੋਂ ਸੁਰੱਖਿਆ (ਪੋਕਸੋ) ਐਕਟ ਦੇ ਤਹਿਤ ਬੱਚੀਆਂ ਨਾਲ ਬਲਾਤਕਾਰ ਦੇ 1,264 ਮਾਮਲੇ ਦਰਜ ਕੀਤੇ ਗਏ ਸਨ, ਜਦੋਂ ਕਿ 2021 ਵਿੱਚ ਇਹ ਗਿਣਤੀ 1,234 ਸੀ। ਸਾਲ 2022 ਵਿੱਚ ਸੂਬੇ ਵਿੱਚ ਬੱਚਿਆਂ ਵਿਰੁੱਧ ਜੁਰਮਾਂ ਦੇ ਕੁੱਲ 6,138 ਮਾਮਲੇ ਦਰਜ ਕੀਤੇ ਗਏ, ਜੋ ਪਿਛਲੇ ਸਾਲ ਨਾਲੋਂ 7.7 ਫੀਸਦੀ ਵੱਧ ਹਨ। ਹਾਲਾਂਕਿ, ਪੁਲਸ ਦੀ 41.6 ਪ੍ਰਤੀਸ਼ਤ ਦੀ ਚਾਰਜਸ਼ੀਟ ਦਰ ਦਿੱਲੀ (32.9) ਅਤੇ ਚੰਡੀਗੜ੍ਹ (37.2) ਤੋਂ ਬਾਅਦ ਦੇਸ਼ ਵਿੱਚ ਤੀਜੀ ਸਭ ਤੋਂ ਖਰਾਬ ਸੀ। ਬੱਚਿਆਂ ਨਾਲ ਬਲਾਤਕਾਰ ਅਤੇ ਕਤਲ ਦੀਆਂ ਸੱਤ ਘਟਨਾਵਾਂ ਹੋਈਆਂ ਅਤੇ ਕਤਲ ਦੀਆਂ 61 ਐਫ.ਆਈ.ਆਰ ਹੋਈਆਂ। ਨਵ ਜੰਮੇ ਬੱਚਿਆਂ ਦੀ ਹੱਤਿਆ ਦੇ 5 ਅਤੇ ਭਰੂਣ ਹੱਤਿਆ ਦੇ 11 ਮਾਮਲੇ ਸਾਹਮਣੇ ਆਏ ਹਨ।

(ਬਾਕੀ ਸਫ਼ਾ 30 'ਤੇ)

## ਭਾਰਤ ਦਾ ਸਭ ਤੋਂ ਸੁਰੱਖਿਅਤ ਸ਼ਹਿਰ ਹੈ ਕੋਲਕਾਤਾ, ਅਪਰਾਧ ਦੇ ਅੰਕੜੇ ਨੇ ਸਭ ਤੋਂ ਘੱਟ

ਕੋਲਕਾਤਾ/ਏ.ਟੀ.ਨਿਊਜ਼ : ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੀ ਇੱਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਕੋਲਕਾਤਾ ਲਗਾਤਾਰ ਤੀਜੇ ਸਾਲ ਭਾਰਤ 'ਚ ਸਭ ਤੋਂ ਸੁਰੱਖਿਅਤ ਸ਼ਹਿਰ ਬਣ ਕੇ ਉਭਰਿਆ ਹੈ।

ਮਹਾਨਗਰਾਂ 'ਚ ਪ੍ਰਤੀ ਲੱਖ ਆਬਾਦੀ 'ਤੇ ਦਰਜ ਗੰਭੀਰ ਅਪਰਾਧ ਦੇ ਸਭ ਤੋਂ ਘੱਟ ਮਾਮਲੇ ਕੋਲਕਾਤਾ 'ਚ ਆਏ। ਐੱਨ.ਸੀ.ਆਰ.ਬੀ. ਦੇ ਅੰਕੜਿਆਂ ਅਨੁਸਾਰ, ਕੋਲਕਾਤਾ 'ਚ 2022 'ਚ ਪ੍ਰਤੀ ਲੱਖ ਲੋਕਾਂ 'ਤੇ ਗੰਭੀਰ ਅਪਰਾਧ ਦੇ 86.5 ਮਾਮਲੇ ਦਰਜ ਕੀਤੇ ਗਏ। ਇਸ ਤੋਂ ਬਾਅਦ ਪੁਣੇ (280.7) ਅਤੇ ਹੈਦਰਾਬਾਦ (299.2) ਦਾ ਸਥਾਨ ਰਿਹਾ। ਗੰਭੀਰ ਅਪਰਾਧ ਉਹ ਹੁੰਦੇ ਹਨ, ਜਿਨ੍ਹਾਂ ਲਈ ਭਾਰਤੀ ਦੰਡਾਵਲੀ (ਆਈ.ਪੀ.ਸੀ.) ਅਤੇ ਐੱਸ.ਐੱਲ.ਐੱਲ. (ਵਿਸ਼ੇਸ਼ ਅਤੇ ਸਥਾਨਕ ਕਾਨੂੰਨ) ਦੀਆਂ ਧਾਰਾਵਾਂ ਦੇ ਅਧੀਨ ਮਾਮਲੇ ਦਰਜ ਕੀਤੇ ਜਾਂਦੇ ਹਨ। ਐੱਨ.ਸੀ.ਆਰ.ਬੀ. ਦੀ ਰਿਪੋਰਟ ਅਨੁਸਾਰ ਕੋਲਕਾਤਾ 'ਚ 2021 'ਚ ਪ੍ਰਤੀ ਲੱਖ ਲੋਕਾਂ 'ਤੇ ਗੰਭੀਰ ਅਪਰਾਧ ਦੇ 103.4 ਮਾਮਲੇ ਰਦਜ ਕੀਤੇ ਗਏ ਸਨ, ਜੋ ਇਸ ਸਾਲ ਘੱਟ ਕੇ 86.5 ਹੋ ਗਏ। ਸਾਲ 2020 'ਚ ਇਹ ਅੰਕੜਾ 129.5 ਸੀ। ਸਾਲ 2021 'ਚ, ਪੁਣੇ ਅਤੇ ਹੈਦਰਾਬਾਦ 'ਚ ਪ੍ਰਤੀ ਲੱਖ ਜਨਸੰਖਿਆ 'ਤੇ 256.8 ਅਤੇ 259.9 ਗੰਭੀਰ ਅਪਰਾਧ ਦਰਜ ਕੀਤੇ ਗਏ ਸਨ। 20 ਲੱਖ ਤੋਂ ਵੱਧ ਆਬਾਦੀ ਵਾਲੀ 19 ਸ਼ਹਿਰਾਂ ਦਰਮਿਆਨ ਤੁਲਨਾ ਤੋਂ ਬਾਅਦ ਰੈਂਕਿੰਗ ਜਾਰੀ ਕੀਤੀ ਗਈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਹਾਲਾਂਕਿ, ਕੋਲਕਾਤਾ 'ਚ ਔਰਤਾਂ ਖ਼ਿਲਾਫ਼ ਅਪਰਾਧਾਂ 'ਚ ਵਾਧਾ ਦਰਜ ਕੀਤਾ ਗਿਆ, ਕਿਉਂਕਿ 2021 'ਚ ਮਾਮਲਿਆਂ ਦੀ ਗਿਣਤੀ 1,783 ਸੀ, ਜੋ 2022 'ਚ 1,890 ਹੋ ਗਈ। ਕੋਲਕਾਤਾ 'ਚ ਔਰਤਾਂ ਖ਼ਿਲਾਫ਼

(ਬਾਕੀ ਸਫ਼ਾ 30 'ਤੇ)

# ਹਵਾ ਪ੍ਰਦੂਸ਼ਣ ਕਾਰਨ ਭਾਰਤ 'ਚ ਹਰ ਸਾਲ ਮਰ ਰਹੇ ਹਨ ਲੱਖਾਂ ਲੋਕ



ਨਵੀਂ ਦਿੱਲੀ/ਏ.ਟੀ.ਨਿਊਜ਼ : ਸਾਡੇ ਆਲੇ-ਦੁਆਲੇ ਦੀ ਹਵਾ ਦਿਨੋਂ-ਦਿਨ ਜ਼ਹਿਰੀਲੀ ਹੁੰਦੀ ਜਾ ਰਹੀ ਹੈ।

ਦੁਨੀਆਂ ਦੀਆਂ ਸਾਰੀਆਂ ਏਜੰਸੀਆਂ ਦੇ ਯਤਨਾਂ ਦੇ ਬਾਵਜੂਦ ਹਵਾ ਪ੍ਰਦੂਸ਼ਣ ਵਧ ਰਿਹਾ ਹੈ। ਇਸ ਦੌਰਾਨ ਇੱਕ ਅਜਿਹਾ ਅਧਿਐਨ ਸਾਹਮਣੇ ਆਇਆ ਹੈ ਜਿਸ ਨੇ ਭਾਰਤੀ ਵਿਗਿਆਨੀਆਂ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਇਕ ਅਧਿਐਨ ਮੁਤਾਬਕ ਭਾਰਤ ਵਿਚ ਹਰ ਸਾਲ ਬਾਹਰੀ ਹਵਾ ਪ੍ਰਦੂਸ਼ਣ ਕਾਰਨ 20 ਲੱਖ ਤੋਂ ਵੱਧ ਮੌਤਾਂ ਹੁੰਦੀਆਂ ਹਨ।

ਦਿ ਬੀ. ਐੱਮ. ਜੇ. ਵਿੱਚ ਪ੍ਰਕਾਸ਼ਿਤ ਇਕ ਅਧਿਐਨ ਵਿੱਚ ਖੁਲਾਸਾ ਹੋਇਆ ਹੈ ਕਿ ਬਾਹਰੀ ਹਵਾ ਪ੍ਰਦੂਸ਼ਣ ਕਾਰਨ ਭਾਰਤ ਵਿਚ ਹਰ ਸਾਲ 20 ਲੱਖ ਤੋਂ ਵੱਧ ਮੌਤਾਂ ਹੋ ਰਹੀਆਂ ਹਨ, ਜੋ ਚੀਨ ਤੋਂ ਬਾਅਦ ਦੂਜੇ ਨੰਬਰ 'ਤੇ ਹਨ। ਪ੍ਰਦੂਸ਼ਣ ਦੇ ਇਨ੍ਹਾਂ ਕਾਰਨਾਂ ਵਿੱਚ ਲਗਭਗ ਸਾਰੇ ਬਾਹਰੀ ਸਰੋਤ ਸ਼ਾਮਲ ਹਨ। ਖੋਜ ਵਿੱਚ ਪਾਇਆ ਗਿਆ ਹੈ ਕਿ ਉਦਯੋਗ, ਬਿਜਲੀ ਉਤਪਾਦਨ ਅਤੇ ਆਵਾਜਾਈ ਵਿੱਚ ਫਾਸਿਲ ਫਿਊਲ ਦੀ ਵਰਤੋਂ ਕਾਰਨ ਹੋਣ ਵਾਲਾ ਹਵਾ ਪ੍ਰਦੂਸ਼ਣ ਹਰ ਸਾਲ ਵਿਸ਼ਵ ਭਰ ਵਿੱਚ 5.1 ਮਿਲੀਅਨ ਵਾਧੂ ਮੌਤਾਂ ਦਾ ਕਾਰਨ ਬਣਦਾ ਹੈ। ਇਸ ਅਧਿਐਨ ਲਈ ਇੱਕ ਨਵੇਂ ਮਾਡਲ ਵਰਤਿਆ ਗਿਆ ਸੀ।

ਖੋਜਕਰਤਾਵਾਂ ਦਾ ਮੰਨਣਾ ਹੈ ਕਿ ਇਹ ਅੰਕੜਾ 2019 ਵਿਚ ਸਾਰੇ ਸਰੋਤਾਂ ਤੋਂ ਹੋਣ ਵਾਲੇ ਹਵਾ ਪ੍ਰਦੂਸ਼ਣ ਕਾਰਨ ਦੁਨੀਆ ਭਰ ਵਿੱਚ ਕੁੱਲ ਅਨੁਮਾਨਿਤ 8.3 ਮਿਲੀਅਨ ਮੌਤਾਂ ਦਾ 61 ਫੀਸਦੀ ਹੈ।

# ਆਸਟ੍ਰੇਲੀਆ ਦੀ ਥਾਂ ਕੈਨੇਡਾ ਹੈ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤੀ ਵਿਦਿਆਰਥੀਆਂ ਵੱਲੋਂ ਪਿਛਲੇ ਇੱਕ ਸਾਲ ਦੌਰਾਨ ਉਡਾਣ ਭਰਨ ਲਈ ਚੁਣੀਆਂ ਗਈਆਂ ਮੰਜ਼ਿਲਾਂ ਦਾ ਕ੍ਰਮ ਬਦਲ ਗਿਆ ਹੈ। ਜਦੋਂ ਕਿ ਕੈਨੇਡਾ ਪਹਿਲੇ ਨੰਬਰ 'ਤੇ ਹੈ, ਉਸ ਤੋਂ ਬਾਅਦ ਅਮਰੀਕਾ ਹੈ। ਆਸਟ੍ਰੇਲੀਆ ਨੂੰ ਪਛਾੜ ਯੂ.ਕੇ ਤੀਜੇ ਸਥਾਨ 'ਤੇ ਪਹੁੰਚ ਗਿਆ ਹੈ। ਇੰਡੀਅਨ ਸਟੂਡੈਂਟ ਮੋਬਿਲਿਟੀ ਰਿਪੋਰਟ 2023, ਜੋ ਕਿ 2022 ਲਈ ਦਾਖਲਾ ਸੰਖਿਆਵਾਂ ਨੂੰ ਦਰਸਾਉਂਦੀ ਹੈ, ਨੇ ਕਿਹਾ ਕਿ ਯੂ.ਕੇ ਜਾਣ ਵਾਲਿਆਂ ਵਿੱਚ ਸਾਲ-ਦਰ-ਸਾਲ ਸਭ ਤੋਂ ਵੱਧ 49.6% ਦਾ ਵਾਧਾ ਦੇਖਿਆ ਗਿਆ।

ਇਸ ਤੋਂ ਬਾਅਦ ਕੈਨੇਡਾ ਵਿੱਚ 46.8% ਦਾ ਵਾਧਾ ਹੋਇਆ। ਅਮਰੀਕਾ ਵਿੱਚ ਵੀ 18.9% ਦਾ ਮਹੱਤਵਪੂਰਨ ਵਾਧਾ ਦਰ ਸੀ। ਚੌਥੇ ਸਥਾਨ 'ਤੇ ਰਹੇ ਆਸਟ੍ਰੇਲੀਆ ਨੇ 0.7% ਦੀ ਮੁਕਾਬਲਤਨ ਨਿਊਨਤਮ ਵਾਧਾ ਦੇਖਿਆ।

ਕੈਨੇਡਾ ਨੇ ਪਿਛਲੇ 4 ਸਾਲਾਂ ਵਿੱਚੋਂ 3 ਸਾਲਾਂ ਵਿੱਚ ਸਭ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੂੰ ਆਕਰਸ਼ਿਤ ਕੀਤਾ। ਕੈਨੇਡਾ ਵਿੱਚ ਪਿਛਲੇ ਚਾਰ ਸਾਲਾਂ ਵਿੱਚੋਂ ਤਿੰਨ ਸਾਲਾਂ ਵਿੱਚ ਸਭ ਤੋਂ ਵੱਧ ਭਾਰਤੀ ਵਿਦਿਆਰਥੀ ਆਏ, ਜਦੋਂ ਕਿ ਅਮਰੀਕਾ ਨੇ 2021 ਵਿੱਚ ਚੋਟੀ ਦੀ ਸਥਿਤੀ ਦਾ ਦਾਅਵਾ ਕੀਤਾ ਹੈ।



ਆਸਟ੍ਰੇਲੀਆ 2019, 2020 ਅਤੇ 2021 ਵਿੱਚ ਤੀਜੇ ਨੰਬਰ 'ਤੇ ਸੀ ਅਤੇ ਯੂ.ਕੇ ਚੌਥੇ ਨੰਬਰ 'ਤੇ ਸੀ। ਇਹ ਅੰਕੜਾ 2022 ਵਿੱਚ ਬਦਲ ਗਿਆ। 2022 ਵਿੱਚ ਕੈਨੇਡਾ ਨੇ ਸਾਲ-ਦਰ-ਸਾਲ ਦੀ ਸਭ ਤੋਂ ਉੱਚੀ ਵਿਕਾਸ ਦਰ ਦਿਖਾਈ, ਜੋ ਪਿਛਲੇ ਸਾਲਾਂ ਵਿੱਚ ਕੋਵਿਡ-19 ਮਹਾਮਾਰੀ ਕਾਰਨ ਸੰਭਾਵੀ ਗਿਰਾਵਟ ਤੋਂ ਬਾਅਦ ਵਿਦਿਆਰਥੀ ਗਤੀਸ਼ੀਲਤਾ ਮਾਰਕੀਟ ਵਿੱਚ ਪੈਂਟਅੱਪ ਮੰਗ ਦਾ ਸੁਝਾਅ ਦਿੰਦਾ ਹੈ।

ਭਾਰਤ ਅਤੇ ਕੈਨੇਡਾ ਦਰਮਿਆਨ ਹਾਲ ਹੀ ਵਿੱਚ ਕੂਟਨੀਤਕ ਤਣਾਅ ਕਾਰਨ ਅਧਿਕਾਰੀਆਂ ਦੇ ਅਨੁਮਾਨ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ। ਮੌਜੂਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਵਿਦਿਆਰਥੀਆਂ ਦੀ ਦਿਲਚਸਪੀ ਸੰਭਾਵਤ ਤੌਰ 'ਤੇ ਪ੍ਰਭਾਵਿਤ ਨਹੀਂ ਹੋਵੇਗੀ। ਰਿਪੋਰਟ ਜਾਰੀ ਕਰਨ ਵਾਲੀ ਏਜੰਸੀ ਦੀ ਡਾਇਰੈਕਟਰ ਮਾਰੀਆ ਮੈਥਿਆਸ ਨੇ ਕਿਹਾ ਕਿ ਜੇਕਰ ਇਹ ਤਣਾਅ ਕੈਨੇਡੀਅਨ ਹਾਈ ਕਮਿਸ਼ਨ ਦੀ ਵੀਜ਼ਾ-ਪ੍ਰੋਸੈਸਿੰਗ ਸਮਰੱਥਾਵਾਂ ਨੂੰ ਪ੍ਰਭਾਵਤ ਕਰਦੇ ਹਨ, ਤਾਂ ਮਾਰਕੀਟ ਦਾ ਇੱਕ ਹਿੱਸਾ ਵਿਕਲਪਕ ਮੰਜ਼ਿਲਾਂ ਦੀ ਭਾਲ ਸ਼ੁਰੂ ਕਰ ਸਕਦਾ ਹੈ। ਪੰਜ ਸਾਲਾਂ ਵਿੱਚ (2018 ਤੋਂ) ਕੈਨੇਡਾ ਨੇ ਭਾਰਤ ਤੋਂ ਆਪਣੇ ਦਾਖਲੇ ਵਿੱਚ 86% ਤੋਂ ਵੱਧ ਦਾ ਵਾਧਾ ਕੀਤਾ ਹੈ, ਜੋ ਕਿ ਇਸ ਦੇ ਦਾਖਲੇ ਨੂੰ ਦੁੱਗਣਾ ਕਰਨ ਦੇ ਨੇੜੇ ਹੈ। ਅਨੁਮਾਨ ਦੱਸਦੇ ਹਨ ਕਿ ਆਉਣ ਵਾਲੇ ਸਾਲਾਂ ਵਿੱਚ ਕੈਨੇਡਾ ਦੀ ਰਫ਼ਤਾਰ ਥੋੜ੍ਹੀ ਹੌਲੀ ਹੋ ਸਕਦੀ ਹੈ।

ਇਸ ਦੌਰਾਨ ਪਿਛਲੇ ਪੰਜ ਸਾਲਾਂ ਵਿੱਚ ਇੱਕ ਚੋਟੀ ਦੇ ਅੰਤਰਰਾਸ਼ਟਰੀ ਵਿਦਿਆਰਥੀ ਸਥਾਨ ਵਜੋਂ ਆਸਟ੍ਰੇਲੀਆ ਦੀ ਦਰਜਾਬੰਦੀ ਵਿੱਚ ਹੌਲੀ-ਹੌਲੀ ਗਿਰਾਵਟ ਆਈ ਹੈ। ਜਦੋਂ ਕਿ ਇਹ 2019 ਵਿੱਚ ਕੁੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਦੂਜੇ ਸਥਾਨ 'ਤੇ ਸੀ, ਇਹ 2021 ਵਿੱਚ ਚੌਥੇ ਸਥਾਨ 'ਤੇ ਆ ਗਿਆ। ਆਸਟ੍ਰੇਲੀਆ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਇਹ 2019 ਵਿੱਚ ਤੀਜੇ ਸਥਾਨ 'ਤੇ ਅਤੇ 2022 ਵਿੱਚ ਚੌਥੇ ਸਥਾਨ 'ਤੇ ਆ ਗਿਆ।

# ਪਰਾਲੀ ਦੀ ਸਮੱਸਿਆ: ਐੱਨਜੀਟੀ ਵੱਲੋਂ ਪੰਜਾਬ ਤੇ ਹਰਿਆਣਾ ਨੂੰ ਸਮਾਂਬੱਧ ਹੱਲ ਲੱਭਣ ਦੇ ਨਿਰਦੇਸ਼




ਨਵੀਂ ਦਿੱਲੀ/ਏ.ਟੀ.ਨਿਊਜ਼ : ਨੈਸ਼ਨਲ ਗਰੀਨ ਟ੍ਰਿਬਿਊਨਲ (ਐੱਨਜੀਟੀ) ਨੇ ਪੰਜਾਬ ਅਤੇ ਹਰਿਆਣਾ ਨੂੰ ਪਰਾਲੀ ਦੀ ਸਮੱਸਿਆ ਨਾਲ ਨਜਿੱਠਣ ਲਈ ਅਗਲੇ ਸਾਲ ਇੱਕ ਜਨਵਰੀ ਤੋਂ ਇੱਕ ਸਤੰਬਰ ਦਰਮਿਆਨ ਸਮਾਂਬੱਧ ਯੋਜਨਾ ਬਣਾਉਣ ਦਾ ਨਿਰਦੇਸ਼ ਦਿੱਤਾ ਹੈ। ਐੱਨਜੀਟੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪਰਾਲੀ ਸਾੜਨਾ ਗੰਭੀਰ ਸਮੱਸਿਆ ਹੈ ਤੇ ਇਸ ਨਾਲ ਨਜਿੱਠਣ ਦੀ ਤਿਆਰੀ ਹੁਣੇ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਐੱਨਜੀਟੀ ਨੇ ਇੱਕ ਮਾਮਲੇ ਦੀ ਸੁਣਵਾਈ ਕੀਤੀ, ਜਿਸ ਵਿੱਚ ਉਸ ਨੇ ਪੰਜਾਬ ਵਿੱਚ ਪਰਾਲੀ ਸਾੜਨ ਕਾਰਨ ਹਵਾ ਪ੍ਰਦੂਸ਼ਣ ਵਿੱਚ ਵਾਧੇ ਬਾਰੇ ਇੱਕ ਅਖ਼ਬਾਰ ਦੀ ਰਿਪੋਰਟ ਦਾ ਨੋਟਿਸ ਲਿਆ ਸੀ।

ਐੱਨਜੀਟੀ ਦੇ ਚੇਅਰਪਰਸਨ ਜਸਟਿਸ ਪ੍ਰਕਾਸ਼ ਸ੍ਰੀਵਾਸਤਵ ਦੇ ਬੈਂਚ ਨੇ ਕਿਹਾ ਕਿ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਇਸ ਸਾਲ 15 ਸਤੰਬਰ ਤੋਂ 28 ਨਵੰਬਰ ਦਰਮਿਆਨ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ 36,632 ਘਟਨਾਵਾਂ, ਜਦਕਿ ਹਰਿਆਣਾ ਵਿੱਚ 2,285 ਘਟਨਾਵਾਂ ਵਾਪਰੀਆਂ। ਬੈਂਚ ਵਿੱਚ ਜੁਡੀਸ਼ੀਅਲ ਮੈਂਬਰ ਜਸਟਿਸ ਅਰੁਣ ਕੁਮਾਰ ਤਿਆਗੀ ਅਤੇ ਮਾਹਿਰ ਮੈਂਬਰ ਏ ਸੇਂਥਿਲ ਵੇਲ ਵੀ ਸ਼ਾਮਲ ਸੀ। ਬੈਂਚ ਨੇ ਕਿਹਾ ਕਿ ਜ਼ਿਲ੍ਹਾਵਾਰ ਅੰਕੜਿਆਂ (ਬਾਕੀ ਸਫ਼ਾ 31 'ਤੇ)

# ਤ੍ਰਿਪੁਰਾ ਦੇ 10 ਫ਼ੀਸਦੀ ਤੋਂ ਵੱਧ ਵਿਦਿਆਰਥੀ ਐੱਚ.ਆਈ.ਵੀ. ਤੇ ਏਡਜ਼ ਤੋਂ ਪੀੜਤ




ਅਗਰਤਲਾ (ਤ੍ਰਿਪੁਰਾ) ਏ.ਟੀ.ਨਿਊਜ਼ : ਤ੍ਰਿਪੁਰਾ ਦੇ ਮੁੱਖ ਮੰਤਰੀ ਡਾ. ਮਾਨਿਕ ਸਾਹਾ ਨੇ ਰਾਜ ਵਿੱਚ ਐੱਚਆਈਵੀ/ਏਡਜ਼ ਦੇ ਵੱਧ ਰਹੇ ਮਾਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਵਿੱਚ ਸਰਗਰਮ ਮਾਮਲਿਆਂ ਦੀ ਗਿਣਤੀ ਚਿੰਤਾ ਦਾ ਕਾਰਨ ਬਣ ਰਹੀ ਹੈ। ਤ੍ਰਿਪੁਰਾ ਵਿੱਚ ਐੱਚਆਈਵੀ/ਏਡਜ਼ ਦੇ ਕੁੱਲ 5,269 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ 575 ਵਿਦਿਆਰਥੀ ਹਨ। ਇਸ ਸਾਲ ਅਕਤੂਬਰ ਤੱਕ ਰਾਜ ਵਿੱਚ ਐੱਚਆਈਵੀ/ਏਡਜ਼ ਦੇ ਮਰੀਜ਼ਾਂ ਦੀ ਕੁੱਲ ਗਿਣਤੀ 5,269 ਹੈ, ਜਿਸ ਵਿੱਚ 1,022 ਔਰਤਾਂ, 4,246 ਮਰਦ ਅਤੇ 1 ਤੀਜਾ ਲਿੰਗ ਸ਼ਾਮਲ ਹੈ। ਉਨ੍ਹਾਂ ਵਿੱਚੋਂ 575 ਵਿਦਿਆਰਥੀ ਹਨ, ਜੋ ਰਾਜ ਲਈ ਚਿੰਤਾ ਦਾ ਵਿਸ਼ਾ ਹੈ। ਰਾਜ ਸਰਕਾਰ ਇਸ ਬਿਮਾਰੀ ਨੂੰ ਰੋਕਣ ਲਈ ਏਡਜ਼ ਜਾਗਰੂਕਤਾ, ਕਾਊਂਸਲਿੰਗ ਅਤੇ ਟੈਸਟਿੰਗ 'ਤੇ ਧਿਆਨ ਦੇ ਰਹੀ ਹੈ। ਸੂਬੇ ਦੇ 24 ਹਸਪਤਾਲਾਂ ਦੇ ਨਾਲ-ਨਾਲ 133 ਹਸਪਤਾਲਾਂ ਵਿੱਚ ਏਕੀਕ੍ਰਿਤ ਕਾਊਂਸਲਿੰਗ ਅਤੇ ਟੈਸਟਿੰਗ ਕੇਂਦਰ ਹਨ। ਸੁਵਿਧਾ ਏਕੀਕ੍ਰਿਤ ਕਾਊਂਸਲਿੰਗ ਅਤੇ ਟੈਸਟਿੰਗ ਸੈਂਟਰ ਅਤੇ 3 ਪੀਪੀਪੀ ਏਕੀਕ੍ਰਿਤ ਕਾਊਂਸਲਿੰਗ ਅਤੇ ਟੈਸਟਿੰਗ ਸੈਂਟਰ ਹਨ।

# ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ ਵਧਣ ਨਾਲ ਪੰਜਾਬ ਪੁਲਿਸ ਦੀਆਂ ਤਾਕਤਾਂ ਨਹੀਂ ਘਟਦੀਆਂ: ਸੁਪਰੀਮ ਕੋਰਟ

ਨਵੀਂ ਦਿੱਲੀ/ਏ.ਟੀ.ਨਿਊਜ਼ :ਸੁਪਰੀਮ ਕੋਰਟ ਨੇ ਜ਼ੁਬਾਨੀ ਤੌਰ 'ਤੇ ਕਿਹਾ ਕਿ ਬੀਐੱਸਐੱਫ ਦਾ ਤਲਾਸ਼ੀ, ਜ਼ਬਤੀ ਤੇ ਗ੍ਰਿਫ਼ਤਾਰੀ ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ ਕੌਮਾਂਤਰੀ ਸਰਹੱਦ ਤੋਂ 50 ਕਿਲੋਮੀਟਰ ਦੂਰ ਤੱਕ ਕਰਨ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਨਾਲ ਪੰਜਾਬ ਪੁਲੀਸ ਦੀਆਂ ਤਾਕਤਾਂ ਨਹੀਂ ਘਟਦੀਆਂ।

ਚੀਫ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਪੰਜਾਬ ਸਰਕਾਰ ਦੇ 2021 ਦੇ ਕੇਸ 'ਤੇ ਸੁਣਵਾਈ ਕਰਦਿਆਂ ਇਹ ਟਿੱਪਣੀ ਕੀਤੀ। ਉਸ



ਨੇ ਕੇਂਦਰ ਵੱਲੋਂ ਪੱਖ ਰੱਖ ਰਹੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਅਤੇ ਪੰਜਾਬ ਸਰਕਾਰ ਦਾ ਪੱਖ ਰੱਖ ਰਹੇ ਵਕੀਲ ਸ਼ਾਦਾਨ ਫਰਾਸਤ ਨੂੰ ਇਕੱਠੇ ਬੈਠ ਕੇ ਉਨ੍ਹਾਂ ਮਸਲਿਆਂ 'ਤੇ ਸਾਂਝੇ ਤੌਰ 'ਤੇ ਫ਼ੈਸਲਾ ਕਰਨ ਲਈ ਕਿਹਾ , ਜਿਨ੍ਹਾਂ 'ਤੇ ਬੈਂਚ ਨੇ ਫ਼ੈਸਲਾ ਕਰਨਾ ਹੈ।

ਬੈਂਚ ਨੇ ਕਿਹਾ, 'ਦੋਵੇਂ ਧਿਰਾਂ ਆਪਸ 'ਚ ਵਿਚਾਰ-ਚਰਚਾ ਕਰਨ ਤਾਂ ਜੋ ਅਗਲੀ ਤਾਰੀਕ ਤੋਂ ਪਹਿਲਾਂ ਇਨ੍ਹਾਂ ਨੂੰ ਨਿਬੇੜਿਆ ਜਾ ਸਕੇ।' ਬੈਂਚ ਨੇ ਕਿਹਾ ਕਿ ਪੰਜਾਬ ਦੇ ਐਡਵੋਕੇਟ ਜਨਰਲ ਵੀ ਦੋਵਾਂ ਧਿਰਾਂ ਦੀ ਮੀਟਿੰਗ 'ਚ ਹਿੱਸਾ ਲੈ ਸਕਦੇ ਹਨ। ਚੀਫ ਜਸਟਿਸ ਨੇ ਰਿਕਾਰਡ ਦਾ ਅਧਿਐਨ ਕਰਨ ਮਗਰੋਂ ਕਿਹਾ ਕਿ ਇਹ ਇੱਕੋ ਜਿਹੇ ਅਜਿਹੇ ਅਧਿਕਾਰ ਹਨ ਜਿਨ੍ਹਾਂ ਦੀ ਵਰਤੋਂ ਬੀਐੱਸਐੱਫ ਤੇ ਸੂਬਾ ਪੁਲੀਸ ਦੋਵਾਂ ਵੱਲੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਤੋਂ ਜਾਂਚ ਦਾ ਅਧਿਕਾਰ ਨਹੀਂ ਖੋਹਿਆ ਗਿਆ। (ਬਾਕੀ ਸਫ਼ਾ 31 'ਤੇ)

ਇਉਂ ਵੀ ਹੁੰਦੈ

# ਜਦੋਂ ਬੱਕਰੀਆਂ ਨੂੰ ਇੱਕ ਸਾਲ ਜੇਲ੍ਹ 'ਚ ਰਹਿਣਾ ਪਿਆ

## ਅਮਰੀਕਾ 'ਚ ਇੱਕ ਕੁੱਤੇ ਨੂੰ ਪੁਲਿਸ ਨੇ ਕੀਤਾ ਸੀ ਗ੍ਰਿਫ਼ਤਾਰ

ਨਵੀਂ ਦਿੱਲੀ/ਏ.ਟੀ.ਨਿਊਜ਼: ਹਰ ਦੇਸ਼ ਵਿੱਚ ਜੁਰਮ ਕਰਨ ਲਈ ਸਜ਼ਾ ਦੀ ਵਿਵਸਥਾ ਹੈ, ਅਦਾਲਤ ਪੂਰੇ ਮਾਮਲੇ ਨੂੰ ਧਿਆਨ ਵਿੱਚ ਰੱਖ ਕੇ, ਅਪਰਾਧ ਦੇ ਆਧਾਰ 'ਤੇ ਸਜ਼ਾ ਨਿਰਧਾਰਤ ਕਰਦੀ ਹੈ। ਪਰ ਇਹ ਸਜ਼ਾ ਤਾਂ ਇਨਸਾਨਾਂ ਲਈ ਹੈ, ਜੇ ਜਾਨਵਰਾਂ ਲਈ ਵੀ ਸਜ਼ਾ ਦੀ ਵਿਵਸਥਾ ਹੈ ਤਾਂ ਕੀ ਹੈ। ਇੰਤਜ਼ਾਰ ਕਰੋ, ਅਜਿਹਾ ਹੀ ਕੁਝ ਬੰਗਲਾਦੇਸ਼ ਵਿੱਚ ਹੋਇਆ ਹੈ ਜਿੱਥੇ ਇੱਕ ਜੁਰਮ ਲਈ ਨੌਂ ਬੱਕਰੀਆਂ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ, ਅਤੇ ਉਹ ਵੀ ਇੱਕ-ਦੋ ਮਹੀਨਿਆਂ ਲਈ ਨਹੀਂ, ਸਗੋਂ ਪੂਰੇ ਇੱਕ ਸਾਲ ਲਈ। ਇਹ ਹੈਰਾਨੀਜਨਕ ਮਾਮਲਾ ਇਨ੍ਹੀਂ ਦਿਨੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਤੁਸੀਂ ਸੁਣਿਆ ਹੋਵੇਗਾ ਕਿ ਅਪਰਾਧਾਂ ਦੀ ਸਜ਼ਾ ਇਨਸਾਨਾਂ ਨੂੰ ਮਿਲਦੀ ਹੈ ਪਰ ਜਾਨਵਰਾਂ ਨੂੰ ਸਜ਼ਾ ਦੇਣ ਦਾ ਇਹ ਮਾਮਲਾ ਤੁਹਾਨੂੰ ਵੀ ਹੈਰਾਨ ਕਰ ਦੇਵੇਗਾ। ਪਰ ਬੱਕਰੀਆਂ



ਨੇ ਅਜਿਹਾ ਕੀ ਕੀਤਾ ਕਿ ਉਨ੍ਹਾਂ ਨੂੰ ਸਾਲ ਭਰ ਜੇਲ੍ਹ ਵਿੱਚ ਰਹਿਣਾ ਪਿਆ।

ਬੰਗਲਾਦੇਸ਼ ਦਾ ਇਹ ਹੈਰਾਨ ਕਰਨ ਵਾਲਾ ਮਾਮਲਾ ਸੋਸ਼ਲ ਮੀਡੀਆ 'ਤੇ ਕਾਫੀ ਸੁਰਖੀਆਂ ਬਟੋਰ ਰਿਹਾ ਹੈ। ਸਥਾਨਕ ਮੀਡੀਆ ਦੀ ਰਿਪੋਰਟ ਮੁਤਾਬਕ ਬੰਗਲਾਦੇਸ਼ ਦੇ ਬਾਰਿਸ਼ਾਲ ਸ਼ਹਿਰ ਦੇ ਇਕ ਕਬਰਸਤਾਨ 'ਚ ਘਾਹ ਅਤੇ ਦਰੱਖਤ ਦੇ ਪੱਤੇ ਖਾਣ 'ਤੇ ਨੌਂ ਬੱਕਰੀਆਂ ਨੂੰ ਸਜ਼ਾ ਸੁਣਾਈ ਗਈ। ਉਹ ਇੱਕ ਸਾਲ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ 24 ਨਵੰਬਰ ਨੂੰ ਰਿਹਾਅ ਹੋਈਆਂ।

ਇਨ੍ਹਾਂ ਬੱਕਰੀਆਂ ਨੂੰ ਪਿਛਲੇ ਸਾਲ 6 ਦਸੰਬਰ ਨੂੰ ਸ਼ਹਿਰ ਦੇ ਕਬਰਸਤਾਨ ਵਿੱਚ ਘਾਹ ਅਤੇ ਦਰੱਖਤ ਦੇ ਪੱਤੇ ਖਾਣ ਦੇ ਦੋਸ਼ ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਕਰੀਬ ਇੱਕ ਸਾਲ ਤੱਕ ਇਨ੍ਹਾਂ ਨੂੰ ਬੰਦੀ ਬਣਾ ਕੇ ਰੱਖਿਆ ਗਿਆ ਸੀ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਬੱਕਰੀਆਂ ਨੂੰ ਮਾਲਕਾਂ ਨੂੰ ਸੌਂਪਣ ਸਮੇਂ ਬੀਸੀਸੀ ਦੇ ਮੌਜੂਦਾ ਪ੍ਰਸ਼ਾਸਨਿਕ ਅਧਿਕਾਰੀ ਆਲਮਗੀਰ ਹੁਸੈਨ ਅਤੇ ਰੋਡ ਇੰਸਪੈਕਟਰ ਰਿਆਜ਼ੁਲ ਕਰੀਮ ਅਤੇ ਇਮਰਾਨ ਹੁਸੈਨ ਖਾਨ ਮੌਜੂਦ ਸਨ।

ਜਾਨਵਰਾਂ ਨੂੰ ਕਿਸੇ ਅਪਰਾਧ ਕਰਕੇ ਜੇਲ੍ਹ ਵਿੱਚ ਡੱਕਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਸ ਤੋਂ ਪਹਿਲਾਂ ਅਮਰੀਕਾ ਦੀ ਮਿਸ਼ੀਗਨ ਪੁਲਿਸ ਨੇ ਇੱਕ ਕੁੱਤੇ ਨੂੰ ਗ੍ਰਿਫ਼ਤਾਰ ਕੀਤਾ ਸੀ। ਕੁੱਤੇ 'ਤੇ ਆਪਣੇ ਅਫਸਰ ਦਾ ਖਾਣਾ ਚੋਰੀ ਕਰਨ ਦਾ ਦੋਸ਼ ਸੀ। ਪੁਲਿਸ ਨੇ ਕੁੱਤੇ ਨੂੰ ਇਸ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ ਕਿ ਉਸ ਨੇ ਜਾਂਚ 'ਚ ਸਹਿਯੋਗ ਨਹੀਂ ਕੀਤਾ।

# ਮੰਤਰੀ ਦਾ ਪੁੱਤ ਬਣਿਆ ਚਪੜਾਸੀ, ਸਿਵਲ ਕੋਰਟ 'ਚ ਹੋਈ ਚੋਣ



ਰਾਂਚੀ/ਏ.ਟੀ.ਨਿਊਜ਼: ਝਾਰਖੰਡ ਦੇ ਕਿਰਤ, ਨਿਯੋਜਨ ਅਤੇ ਕੌਸ਼ਲ ਵਿਕਾਸ ਮੰਤਰੀ ਸੱਤਿਆਨੰਦ ਭੋਕਤਾ ਦਾ ਪੁੱਤਰ ਮੁਕੇਸ਼ ਕੁਮਾਰ ਭੋਕਤਾ ਚਪੜਾਸੀ ਦੀ ਨੌਕਰੀ ਕਰੇਗਾ। ਉਸ ਦੀ ਚੋਣ ਉਸ ਦੇ ਹੋਮ ਜ਼ਿਲ੍ਹਾ ਚਤਰਾ ਸਿਵਲ ਕੋਰਟ 'ਚ ਇਸ ਅਹੁਦੇ ਲਈ ਹੋਈ ਹੈ। ਚਤਰਾ ਸਿਵਲ ਕੋਰਟ 'ਚ ਚੌਥੀ ਸ਼੍ਰੇਣੀ ਦੇ ਕਰਮਚਾਰੀਆਂ ਦੀ ਨਿਯੁਕਤੀ ਲਈ ਭਰਤੀ ਨਿਕਲੀ ਸੀ। ਇਸ ਦਾ ਨਤੀਜਾ ਸ਼ੁੱਕਰਵਾਰ ਨੂੰ ਜਾਰੀ ਕੀਤਾ ਗਿਆ। ਇਸ 'ਚ ਕੁੱਲ 19 ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ। ਇਸ 'ਚ ਮੰਤਰੀ ਸੱਤਿਆਨੰਦ ਭੋਕਤਾ ਦੇ (ਬਾਕੀ ਸਫ਼ਾ 31 'ਤੇ)

# ਚੋਣਾਂ ਬਨਾਮ ਨਸ਼ੇ




## ਹਰ ਤਰ੍ਹਾਂ ਦੀਆਂ ਚੋਣਾਂ ਦੌਰਾਨ ਵਧ ਜਾਂਦੀ ਹੈ ਨਸ਼ੇ ਦੀ ਵਰਤੋਂ

## ਪੰਜ ਰਾਜਾਂ ਦੀਆਂ ਚੋਣਾਂ ਦੌਰਾਨ 245 ਕਰੋੜ ਰੁਪਏ ਤੋਂ ਵੱਧ ਦੇ ਨਸ਼ਿਆਂ ਦੀ ਬਰਾਮਦਗੀ ਚਿੰਤਾ ਦਾ ਵਿਸ਼ਾ

ਪੰਜਾਬ ਸਮੇਤ ਭਾਰਤ ਦੇ ਸਾਰੇ ਸੂਬੇ ਨਸ਼ੇ ਦੀ ਭਿਆਨਕ ਸਮੱਸਿਆ ਨਾਲ ਜੂਝ ਰਹੇ ਹਨ,ਪਰ ਇਹਨਾਂ ਰਾਜਾਂ ਵਿੱਚ ਚੋਣਾਂ ਮੌਕੇ ਤਾਂ ਨਸ਼ੇ ਦੀ ਖਪਤ ਬਹੁਤ ਜਿਆਦਾ ਵੱਧ ਜਾਂਦੀ ਹੈ। ਇਸਦਾ ਕਾਰਨ ਇਹ ਹੈ ਕਿ ਸਿਆਸੀ ਆਗੂਆਂ ਵੱਲੋਂ ਵੋਟਾਂ ਪੱਕੀਆਂ ਕਰਨ ਲਈ ਅਕਸਰ ਵੋਟਰਾਂ ਨੂੰ ਨਸ਼ੇ ਵੰਡੇ ਜਾਂਦੇ ਹਨ। ਭਾਵੇਂ ਕਿ ਚੋਣਾਂ ਦੌਰਾਨ ਸਰਕਾਰ ਅਤੇ ਪੁਲਿਸ ਵੱਲੋਂ ਨਸ਼ੇ ਦੀ ਵੰਡ ਰੋਕਣ ਲਈ ਕਾਰਵਾਈ ਵੀ ਕੀਤੀ ਜਾਂਦੀ ਹੈ ਅਤੇ ਕਈ ਵਾਰ ਨਸ਼ੀਲੇ ਪਦਾਰਥਾਂ ਨੂੰ ਬਰਾਮਦ ਵੀ ਕੀਤਾ ਜਾਂਦਾ ਹੈ, ਪਰ ਫਿਰ ਵੀ ਅਨੇਕਾਂ ਸਿਆਸੀ ਆਗੂ ਕਿਸੇ ਨਾ ਕਿਸੇ ਰੂਪ ਵਿੱਚ ਵੋਟਰਾਂ ਨੂੰ ਨਸ਼ੇ ਵੰਡਣ ਵਿੱਚ ਕਾਮਯਾਬ ਹੋ ਜਾਂਦੇ ਹਨ। ਹਰ ਤਰਾਂ ਦੀਆਂ ਚੋਣਾਂ ਮੌਕੇ ਕੁਝ ਸਾਲ ਪਹਿਲਾਂ ਸਿਰਫ਼ ਸ਼ਰਾਬ ਦੀ ਵੰਡ ਕੀਤੀ ਜਾਂਦੀ ਸੀ ਪਰ ਹੁਣ ਤਾਂ ਸਿਆਸੀ ਆਗੂਆਂ ਵੱਲੋਂ ਚੋਣਾਂ ਦੌਰਾਨ ਹਰ ਤਰਾਂ ਦਾ ਨਸ਼ਾ ਵੰਡ ਕੇ ਵੋਟਰਾਂ ਦੀਆਂ ਵੋਟਾਂ ਆਪਣੀ ਪਾਰਟੀ ਲਈ ਪੱਕੀਆਂ ਕਰਨ ਦੇ ਯਤਨ ਕੀਤੇ ਜਾਂਦੇ ਹਨ। ਇਸ ਕਾਰਨ ਹਰ ਸੂਬੇ ਵਿੱਚ ਨਸ਼ੇ ਦੀ ਖਪਤ ਵੱਧਦੀ ਜਾ ਰਹੀ ਹੈ। ਚੋਣ ਕਮਿਸ਼ਨ ਨੇ



ਅਧਿਕਾਰਤ ਤੌਰ ’ਤੇ ਐਲਾਨ ਕੀਤਾ ਹੈ ਕਿ ਪੰਜ ਰਾਜਾਂ- ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਚੋਣ ਰਾਜਾਂ ’ਚ 1760 ਕਰੋੜ ਰੁਪਏ ਤੋਂ ਵੱਧ ਦੀ ਨਕਦੀ, ਸ਼ਰਾਬ, ਨਸ਼ੇ ਅਤੇ ਹੋਰ ਸਮਾਨ ਜ਼ਬਤ ਕੀਤੇ ਗਏ ਹਨ। ਕਿਸੇ ਨੂੰ ਕੋਈ ਸ਼ੱਕ ਨਹੀਂ ਹੋਵੇਗਾ ਕਿ ਇਸ ਵੱਡੀ ਮਾਤਰਾ ਵਿੱਚ ਨਕਦੀ, ਸ਼ਰਾਬ, ਨਸ਼ੇ ਅਤੇ ਕੀਮਤੀ ਸਮਾਨ ਦੀ ਵਰਤੋਂ ਸਿਰਫ਼ ਚੋਣਾਂ ਵਿੱਚ ਵੋਟਰਾਂ ਨੂੰ ਲੁਭਾਉਣ ਅਤੇ ਵੋਟਾਂ ਹਾਸਲ ਕਰਨ ਲਈ ਕੀਤੀ ਜਾਣੀ ਸੀ।

ਚੋਣ ਕਮਿਸ਼ਨ ਵੱਲੋਂ ਜ਼ਬਤੀਆਂ ਦੇ ਜੋ ਵੇਰਵੇ ਦਿੱਤੇ ਗਏ ਹਨ, ਉਹ ਹੈਰਾਨ ਕਰਨ ਵਾਲੇ ਤੋਂ ਵੀ ਵੱਧ ਚਿੰਤਾਜਨਕ ਹਨ। ਚੋਣ ਕਮਿਸ਼ਨ ਅਨੁਸਾਰ 2018 ਦੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਇਸ ਵਾਰ ਚੋਣ ਵਾਲੇ ਰਾਜਾਂ ਵਿੱਚ ਜ਼ਬਤੀਆਂ ਵਿੱਚ ਸੱਤ ਗੁਣਾ ਵਾਧਾ ਹੋਇਆ ਹੈ।

ਚੋਣਾਂ ਦੌਰਾਨ ਸ਼ਰਾਬ ਵੰਡਣ ਦਾ ਰਿਵਾਜ ਬਹੁਤ ਪੁਰਾਣਾ ਹੈ ਅਤੇ ਇਸ ਵਾਰ ਵੀ ਇਸ ਵਿੱਚ ਕੋਈ ਕਮੀ ਨਹੀਂ ਆਈ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਇਸ ਵਿਧਾਨ ਸਭਾ ਚੋਣਾਂ ਵਿੱਚ ਤੇਲੰਗਾਨਾ ਵਿੱਚ ਹੁਣ ਤੱਕ ਸਭ ਤੋਂ ਵੱਧ 86.82 ਕਰੋੜ ਰੁਪਏ ਦੀ ਸ਼ਰਾਬ ਫੜੀ ਗਈ ਹੈ। ਦੂਜੇ ਨੰਬਰ ’ਤੇ ਮੱਧ ਪ੍ਰਦੇਸ਼ ਹੈ ਜਿੱਥੋਂ 69.85 ਕਰੋੜ ਰੁਪਏ ਦੀ ਸ਼ਰਾਬ ਫੜੀ ਗਈ ਹੈ। ਰਾਜਸਥਾਨ ਵਿੱਚ ਹੁਣ ਤੱਕ 51.29 ਕਰੋੜ ਰੁਪਏ ਦੀ ਸ਼ਰਾਬ ਫੜੀ ਜਾ ਚੁੱਕੀ ਹੈ ਅਤੇ ਇਹ ਅੰਕੜਾ ਹੋਰ ਵਧਣਾ ਯਕੀਨੀ ਹੈ। ਖੇਤਰ ਦੇ ਆਧਾਰ ’ਤੇ ਪੰਜ ਰਾਜਾਂ ’ਚੋਂ ਸਭ ਤੋਂ ਛੋਟੇ ਮਿਜ਼ੋਰਮ ’ਚ 4.67 ਕਰੋੜ ਰੁਪਏ ਦੀ ਸ਼ਰਾਬ ਫੜੀ ਗਈ ਹੈ ਅਤੇ ਛੱਤੀਸਗੜ੍ਹ ਇਸ ਮਾਮਲੇ ’ਚ ਸਭ ਤੋਂ





ਹੇਠਲੇ ਸਥਾਨ ’ਤੇ ਹੈ ਜਿੱਥੋਂ 2.16 ਕਰੋੜ ਰੁਪਏ ਦੀ ਸ਼ਰਾਬ ਜ਼ਬਤ ਕੀਤੀ ਗਈ ਹੈ।

ਕੁੱਲ ਮਿਲਾ ਕੇ ਪੰਜ ਚੋਣ ਰਾਜਾਂ ਵਿੱਚ 214.8 ਕਰੋੜ ਰੁਪਏ ਦੀ ਸ਼ਰਾਬ ਫੜੀ ਗਈ ਹੈ, ਜਦਕਿ 245.3 ਕਰੋੜ ਰੁਪਏ ਤੋਂ ਵੱਧ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ। ਇੱਥੇ ਇਹ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਇਹ ਉਹ ਡੇਟਾ ਹੈ ਜੋ ਚੋਣ ਕਮਿਸ਼ਨ ਦੇ ਅਧਿਕਾਰੀਆਂ ਅਤੇ ਟੀਮ ਵੱਲੋਂ ਜ਼ਬਤ ਕੀਤਾ ਗਿਆ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਇਹ ਯਕੀਨੀ ਤੌਰ ’ਤੇ ਇਸ ਤੋਂ ਕਈ ਗੁਣਾ ਵੱਧ ਵੰਡਿਆ ਗਿਆ ਹੋਵੇਗਾ ਭਾਵ ਇਹ ਸਮੱਸਿਆ ਬਹੁਤ ਗੰਭੀਰ ਹੈ। ਪੰਜਾਬ ਸਮੇਤ ਵੱਖ- ਵੱਖ ਸੂਬਿਆਂ ਦੀਆਂ ਸਰਕਾਰਾਂ ਨਸ਼ੇ ਦੇ ਕਾਰੋਬਾਰ ਨੂੰ ਕਾਬੂ ਕਰਨ ਦੇ ਬਹੁਤ ਦਾਅਵੇ ਕਰਦੀਆਂ ਹਨ ਪਰ ਪੰਜ ਚੋਣ ਰਾਜਾਂ ਵਿੱਚ ਫੜੀਆਂ ਗਈਆਂ ਨਸ਼ੇ ਦੀਆਂ ਖੇਪਾਂ ਇਹਨਾਂ ਦਾਅਵਿਆਂ ਦਾ ਮੂੰਹ ਚਿੜਾ ਰਹੀਆਂ ਹਨ। ਨਸ਼ੇ ਦੇ ਇਹ ਅੰਕੜੇ ਸਿਰਫ਼ ਬਰਾਮਦ ਕੀਤੇ ਗਏ ਨਸ਼ੇ ਦੇ ਹਨ ਜਦੋਂ ਕਿ ਇਹਨਾਂ ਰਾਜਾਂ ਵਿੱਚ ਚੋਣਾਂ ਦੌਰਾਨ ਇਸ ਤੋਂ ਜ਼ਿਆਦਾ ਮਾਤਰਾ ਵਿੱਚ ਨਸ਼ੇ ਵੰਡਣ ਦੀ ਚਰਚਾ ਹੋ ਰਹੀ ਹੈ। ਕਈ ਸਿਆਸੀ ਆਗੂਆਂ ਵੱਲੋਂ ਤਾਂ ਰਾਤ ਸਮੇਂ ਵੋਟਰਾਂ ਦੇ ਘਰਾਂ ਤੱਕ ਸ਼ਰਾਬ ਅਤੇ ਹੋਰ ਨਸ਼ੇ ਮੁਹਈਆ ਕਰਨ ਦੇ ਯਤਨ ਕੀਤੇ ਜਾਣ ਦੀ ਚਰਚਾ ਵੀ ਹੋ ਰਹੀ ਹੈ।

ਚੋਣਾਂ ਦੌਰਾਨ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਵੋਟਰਾਂ ਨੂੰ ਨਸ਼ੇ ਵੰਡਣ ਤੋਂ ਰੋਕਣ ਲਈ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਜਿਹੜੀ ਸਿਆਸੀ ਪਾਰਟੀ ਦੇ ਆਗੂ ਨਸ਼ੇ ਵੰਡਣ ਵਿੱਚ ਸ਼ਾਮਲ ਹੋਣ ਉਹਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਆਮ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਸ਼ਰਾਬ ਅਤੇ ਨਸ਼ੇ ਵੰਡ ਕੇ ਵੋਟਾਂ ਪੱਕੀਆਂ ਕਰਨ ਵਾਲੇ ਸਿਆਸੀ ਆਗੂਆਂ ਦਾ ਬਾਈਕਾਟ ਕਰਨ।

# ਚੋਣਾਂ ’ਚ ਹਾਰ ਦੇ ਬਾਵਜੂਦ ਕਾਂਗਰਸ ਪਹਿਲਾਂ ਨਾਲੋਂ ਹੋਈ ਮਜ਼ਬੂਤ



ਆਮ ਚੋਣਾਂ ਤੋਂ ਤੁਰੰਤ ਪਹਿਲਾਂ ਵਿਧਾਨ ਸਭਾ ਚੋਣਾਂ ਦੇ ਚੱਕਰ ਵਿੱਚ ਸ਼ਾਨਦਾਰ ਜਿੱਤਾਂ ਤੋਂ ਬਾਅਦ, ਭਾਜਪਾ ਨੇ ਇਨ੍ਹਾਂ ਚੋਣਾਂ ਨੂੰ ਸਿਰਫ਼ ਸੈਮੀਫਾਈਨਲ ਹੀ ਨਹੀਂ ਸਗੋਂ ਇੱਕ ਤਰ੍ਹਾਂ ਦਾ ਫਾਈਨਲ ਕਿਹਾ ਹੈ। ਵੋਟਾਂ ਦੀ ਗਿਣਤੀ ਵਾਲੇ ਦਿਨ 3 ਅਕਤੂਬਰ ਨੂੰ ਦੇਰ ਸ਼ਾਮ ਨਵੀਂ ਦਿੱਲੀ ਸਥਿਤ ਭਾਜਪਾ ਦੇ ਕੇਂਦਰੀ ਦਫ਼ਤਰ ’ਚ ਆਯੋਜਿਤ ਵਿਜੇ ਸਭਾ ’ਚ ਆਪਣੇ ਸੰਬੋਧਨ ’ਚ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨੇ ਖੁਦ ਤਿੰਨ ਸੂਬਿਆਂ ’ਚ ਜਿੱਤ ਨੂੰ ਗਾਰੰਟੀ ਦੱਸਿਆ ਹੈ। 2024 ਚੋਣਾਂ, ਇਹ ਉਹੀ ਹੈ ਜਿਸਦਾ ਸੰਕੇਤ ਹੈ। ਆਉਣ ਵਾਲੇ ਦਿਨਾਂ ਵਿੱਚ ਹੈਰਾਨੀ ਤਾਂ ਹੀ ਹੋਵੇਗੀ ਜੇਕਰ ਇਸ ਚੋਣ ਚੱਕਰ ਵਿੱਚ ਜਿੱਤ ਨੂੰ ਵਾਰ-ਵਾਰ 2024 ਦੀਆਂ ਚੋਣਾਂ ਵਿੱਚ ਮੋਦੀ ਦੀ ਸ਼ਾਨਦਾਰ ਜਿੱਤ ਦਾ ਸੂਚਕ ਵਜੋਂ ਦਿਖਾਉਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਉਂਜ, ਇਸ ਸੰਦਰਭ ਵਿੱਚ, ਸੰਖੇਪ ਵਿੱਚ ਇਹ ਯਾਦ ਕਰਾਉਣਾ ਲਾਹੇਵੰਦ ਹੋਵੇਗਾ ਕਿ ਇਸ ਦੌਰ ਦੇ ਅਸਲ ਨਤੀਜੇ ਕੀ ਨਿਕਲੇ ਹਨ, ਅਤੇ ਖਾਸ ਤੌਰ ’ਤੇ ਤਿੰਨ ਹਿੰਦੀ ਕੇਂਦਰ ਰਾਜਾਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਨਤੀਜੇ ਕੀ ਕਹਿੰਦੇ ਹਨ ਅਤੇ ਕੀ ਨਹੀਂ ਕਹਿੰਦੇ ਹਨ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਇਸ ਚੋਣ ਵਿੱਚ ਭਾਜਪਾ ਨੂੰ ਤਿੰਨਾਂ ਹਿੰਦੀ ਭਾਸ਼ੀ ਰਾਜਾਂ ਵਿੱਚ ਸ਼ਾਨਦਾਰ ਜਿੱਤ ਮਿਲੀ ਹੈ ਅਤੇ ਵਿਰੋਧੀ ਧਿਰਾਂ ਅਤੇ ਖਾਸ ਕਰਕੇ ਕਾਂਗਰਸ ਨੂੰ ਵੱਡਾ ਝਟਕਾ ਲੱਗਾ ਹੈ। ਭਾਜਪਾ ਨੇ 2018 ਦੀਆਂ ਚੋਣਾਂ ਦੇ ਇਸੇ ਚੱਕਰਵਿਊ ਦੇ ਨਤੀਜਿਆਂ ਨੂੰ ਪੂਰੀ ਤਰ੍ਹਾਂ ਉਲਟਾਉਂਦੇ ਹੋਏ ਨਾ ਸਿਰਫ ਇਨ੍ਹਾਂ ਤਿੰਨਾਂ ਸੂਬਿਆਂ ’ਚ ਮੁੜ ਸੱਤਾ ’ਤੇ ਕਾਬਜ਼ ਕੀਤਾ ਹੈ, ਸਗੋਂ ਮੱਧ ਪ੍ਰਦੇਸ਼ ’ਚ ਵੀ ਸ਼ਾਨਦਾਰ ਜਿੱਤ ਦਰਜ ਕੀਤੀ ਹੈ, ਜਿੱਥੇ 2018 ਦੀ ਹਾਰ ਦਾ ਲਗਭਗ ਡੇਢ ਫੀਸਦੀ ਹਿੱਸਾ ਸੀ। ਸਾਲ ਬਾਅਦ, ਉਸ ਨੇ ਦਲ-ਬਦਲੀ ਰਾਹੀਂ ਮੁੜ ਸੱਤਾ ਹਾਸਲ ਕੀਤੀ ਅਤੇ ਇਸ ਤਰ੍ਹਾਂ ਇਸ ਵਾਰ ਚੋਣਾਂ ਦੇ ਸਮੇਂ ਉਸ ਦੀ ਸਰਕਾਰ ਸੀ। ਇਸ ਤਰ੍ਹਾਂ ਭਾਜਪਾ ਨੇ ਨਾ ਸਿਰਫ਼ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਆਪਣੀਆਂ ਰਾਜ ਸਰਕਾਰਾਂ ਦੀ ਗਿਣਤੀ ਇਕ ਤੋਂ ਵਧਾ ਕੇ ਤਿੰਨ ਕਰ ਦਿੱਤੀ ਹੈ, ਸਗੋਂ ਇਸ ਨੇ ਮੱਧ ਪ੍ਰਦੇਸ਼ ਵਿਚ 2018 ਦੇ ਮੁਕਾਬਲੇ 54 ਸੀਟਾਂ ਦਾ ਵਾਧਾ ਕਰਕੇ, 163 ਸੀਟਾਂ ਹਾਸਲ ਕਰਕੇ ਸਾਰੀਆਂ ਭਵਿੱਖਬਾਣੀਆਂ ਨੂੰ ਠੁਕਰਾ ਦਿੱਤਾ ਹੈ ਅਤੇ ਆਪਣਾ ਵਾਧਾ ਕੀਤਾ ਹੈ। ਛੱਤੀਸਗੜ੍ਹ ’ਚ 39 ਸੀਟਾਂ, ਕੁੱਲ 54 ਸੀਟਾਂ ’ਤੇ ਕਬਜ਼ਾ ਕੀਤਾ। ਰਾਜਸਥਾਨ ਵਿੱਚ ਵੀ ਭਾਵੇਂ ਬਹੁਤਾ ਅਚਨਚੇਤ ਨਹੀਂ ਹੈ, ਪਰ ਇਸ ਨੇ ਕੁੱਲ 115 ਸੀਟਾਂ ਜਿੱਤ ਕੇ ਆਪਣੀਆਂ ਸੀਟਾਂ ਵਿੱਚ 42 ਦਾ ਵਾਧਾ ਕਰ ਲਿਆ ਹੈ, ਜਿਸ ਨੂੰ ਯਕੀਨੀ ਤੌਰ ’ਤੇ ਪ੍ਰਭਾਵਸ਼ਾਲੀ ਬਹੁਮਤ ਕਿਹਾ ਜਾ ਸਕਦਾ ਹੈ। ਪਰ, ਇਹ ਸਭ ਨਹੀਂ ਹੈ, ਮੱਧ ਪ੍ਰਦੇਸ਼ ’ਚ ਭਾਜਪਾ ਨੇ ਆਪਣੀ ਵੋਟ ਪ੍ਰਤੀਸ਼ਤਤਾ ’ਚ 7.5 ਫੀਸਦੀ ਦੇ ਵਾਧੇ ਨਾਲ ਕੁੱਲ 48.6 ਫੀਸਦੀ ਵੋਟਾਂ ਹਾਸਲ

(**ਬਾਕੀ ਸਫ਼ਾ 30 ’ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

6 ਦਸੰਬਰ ਤੋਂ 12 ਦਸੰਬਰ, 2023

## ਸੁਲਤਾਨਪੁਰ ਲੋਧੀ ਮਾਮਲਾ : ਕੌਣ ਰਾਹ ਤੋਂ ਭਟਕਿਆ ?

ਇਤਿਹਾਸਿਕ ਨਗਰ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਬੇਰ ਸਾਹਿਬ ਦੇ ਸਾਹਮਣੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿੱਚ 23 ਨਵੰਬਰ ਨੂੰ ਪੁਲਿਸ ਅਤੇ ਨਿਹੰਗ ਸਿੰਘਾਂ ਵਿਚਕਾਰ ਸਵੇਰੇ 4 ਵਜੇ ਦੇ ਤਕਰੀਬਨ ਗੋਲੀਬਾਰੀ ਦੀ ਘਟਨਾ ਵਾਪਰੀ। ਦੱਸਣ ਮੁਤਾਬਿਕ ਜਥੇਦਾਰ ਬਾਬਾ ਮਾਨ ਸਿੰਘ ਜੀ ਦੇ ਜਥੇ ਦੇ ਸਿੰਘ ਇਥੇ ਮੌਜੂਦ ਸਨ। ਇਸ ਅਸਥਾਨ ਤੋਂ ਬਾਬਾ ਮਾਨ ਸਿੰਘ ਜੀ ਦੇ ਜਥੇ ਨੂੰ ਬਾਹਰ ਕਰਨ ਦੇ ਲਈ ਕੀਤੀ ਕੋਸ਼ਿਸ਼ ਵਿੱਚ ਪੁਲਿਸ ਵਲੋਂ ਗੋਲੀਆਂ ਅਤੇ ਅੱਥਰੂ ਗੈਸ ਦੇ ਗੋਲਿਆਂ ਨਾਲ ਛਾਉਣੀ ਉੱਪਰ ਹਮਲਾ ਕੀਤਾ ਗਿਆ। ਇਸ ਵੇਲੇ ਛਾਉਣੀ ਵਿੱਚ ਸਿੰਘ ਅੰਮ੍ਰਿਤ ਵੇਲੇ ਦੇ ਦੀਵਾਨਾਂ ਵਿੱਚ ਬੈਠੇ ਸਨ। ਇਸ ਗੋਲੀਬਾਰੀ ਅਤੇ ਟਕਰਾਅ ਦੌਰਾਨ ਕਈ ਪੁਲਿਸ ਕਰਮਚਾਰੀ ਤੇ ਕੁਝ ਨਿਹੰਗ ਸਿੰਘ ਜ਼ਖਮੀ ਹੋਣ ਅਤੇ ਇੱਕ ਪੁਲਿਸ ਕਰਮਚਾਰੀ ਦੇ ਮਾਰੇ ਜਾਣ ਦੀ ਖ਼ਬਰ ਵੀ ਹੈ। ਬਾਬਾ ਬਲਬੀਰ ਸਿੰਘ ਅਤੇ ਬਾਬਾ ਮਾਨ ਸਿੰਘ ਜੀ ਦੇ ਜਥੇ ਦਾ ਇਸ ਅਸਥਾਨ ’ਤੇ ਕਬਜ਼ੇ ਨੂੰ ਲੈ ਕੇ ਵਿਵਾਦ ਹੈ। ਦੋਵਾਂ ਜਥਿਆਂ ਵਲੋਂ ਇਸ ਅਸਥਾਨ ਦਾ ਆਪਣੇ ਕਬਜ਼ੇ ਵਿੱਚ ਹੋਣ ਦਾ ਦਾਅਵਾ ਰਿਹਾ ਹੈ। ਬਾਬਾ ਬਲਬੀਰ ਸਿੰਘ ਦੇ ਜਥੇ ਨੂੰ ਕਬਜ਼ਾ ਦਿਵਾਉਣ ਲਈ ਪੁਲਿਸ ਵਲੋਂ ਇਥੇ ਗੋਲੀਬਾਰੀ ਕੀਤੀ ਗਈ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਤਰਨਾ ਦਲ ਬਾਬਾ ਦੀਪ ਸਿੰਘ ਜੀ ਦੀ ਮਿਸਲ ਸ਼ਹੀਦਾਂ ਤੋਂ ਹੀ ਅੱਗੇ ਵਧੇ ਹਨ। ਮਿਸਲ ਸ਼ਹੀਦਾਂ ਗੁਰੂ ਖਾਲਸਾ ਪੰਥ ਦੀ ਇੱਕੋ ਇੱਕ ਅਜਿਹੀ ਜਥੇਬੰਦੀ ਸੀ, ਜਿਸ ਵਿੱਚ ਸਾਰੇ ਸਿੰਘ ਗੁਰੂ ਪ੍ਰੇਮ ਅਤੇ ਗੁਰ ਅਸਥਾਨਾਂ ਨੂੰ ਸਮਰਪਿਤ ਸਨ। ਸਿੱਖਾਂ ਦੀ ਅਜਿਹੀ ਮਿਸਲ ਜਿਹੜੀ ਜ਼ਮੀਨ ਜਾਂ ਇਲਾਕੇ ਉਪਰ ਕਬਜ਼ੇ ਨੂੰ ਲੈ ਕੇ ਕਦੇ ਯੁੱਧ ਨਹੀਂ ਸੀ ਕਰਦੀ, ਧਰਮ ਯੁੱਧ ਦੇ ਚਾਅ ਹਿੱਤ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਨਿਸ਼ਕਾਮ ਹੋ ਕੇ ਲੜਦੀ ਰਹੀ। ਇਸ ਮਿਸਲ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਨੇ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਇਤਿਹਾਸਿਕ ਅਤੇ ਮਿਸਾਲੀ ਜੰਗ ਕੀਤੀ। ਫੇਰ ਬਾਬਾ ਗੁਰਬਖਸ਼ ਸਿੰਘ ਜੀ ਨੇ ਦਰਬਾਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਆਪਣੀ ਜਾਨ ਨਿਛਾਵਰ ਕੀਤੀ। ਅਕਾਲੀ ਬਾਬਾ ਫੂਲਾ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸੇਵਾ ਸੰਭਾਲ ਦੇਖਦੇ ਰਹੇ ਅਤੇ ਪੰਜਾਬ ਦੀਆਂ ਸਾਰੀਆਂ ਮਿਸਲਾਂ ਨੂੰ ਇਕੱਤਰ ਕਰਨ ਅਤੇ ਪੰਥ ਦੇ ਹੁਕਮ ਤੋਂ ਬਾਹਰ ਜਾਣ ਵਾਲੀਆਂ ਮਿਸਲਾਂ ਅਤੇ ਰਿਆਸਤਾਂ ਨੂੰ ਆਪਣੇ ਕੁੰਡੇ ਹੇਠ ਰੱਖਦੇ ਸਨ। ਇਹੀ ਜਥੇਬੰਦੀ ਹੈ, ਜਿਸ ਦੀ ਅੱਜ ਤੱਕ ਲੋਕ ਮਨਾਂ ਵਿੱਚ ਇੱਜ਼ਤ ਸਤਿਕਾਰ ਹੈ, ਕਿਉਂਕਿ ਇਹ ਕਦੇ ਸਾਧਨਾਂ ਵਾਸਤੇ ਨਹੀਂ ਲੜੇ, ਸਗੋਂ ਗੁਰੂ ਖਾਲਸਾ ਪੰਥ ਦੇ ਅਸੂਲਾਂ ਲਈ ਨਿਸ਼ਕਾਮ ਹੋ ਕੇ ਲੜਦੇ ਰਹੇ। ਨਿਹੰਗ ਸਿੰਘਾਂ ਦੀ ਪਛਾਣ ਇਹੀ ਰਹੀ ਹੈ ਕਿ ਇਹ ਨਾ ਤਾਂ ਕਿਸੇ ਜਮੀਨ ਸਾਧਨ ਉਪਰ ਆਪ ਕਬਜ਼ਾ ਕਰਦੇ ਹਨ, ਨਾ ਹੀ ਕਿਸੇ ਹੋਰ ਦਾ ਕਬਜ਼ਾ ਮੰਨਦੇ ਹਨ, ਸਾਰੀ ਸੰਸਾਰੀ ਵਸਤ ਨੂੰ ਅਕਾਲ ਪੁਰਖ ਦੀ ਵਸਤ ਮੰਨ ਕੇ ਲੋੜ ਅਨੁਸਾਰੀ ਵਸਤਾਂ ਲੈ ਕੇ ਅਗਲੇ ਪੜਾਅ ਲਈ ਨਿਕਲ ਜਾਂਦੇ ਰਹੇ।

ਬਾਬਾ ਬਲਬੀਰ ਸਿੰਘ ਅਤੇ ਬਾਬਾ ਮਾਨ ਸਿੰਘ ਜੀ, ਦੋਵੇਂ ਜਥੇਦਾਰਾਂ ਨੂੰ ਆਪਣੀ ਅਕਾਲੀ ਪਰੰਪਰਾ ਮੁਤਾਬਿਕ ਆਪਣੇ ਜਥੇ ਦੇ ਸਿੰਘਾਂ ਦੀ ਅਵਸਥਾ ਉੱਚੀ ਚੁੱਕਣ ਲਈ ਸੇਵਾ ਕਰਨੀ ਚਾਹੀਦੀ ਹੈ। ਕਿਸੇ ਅਸਥਾਨ, ਜ਼ਮੀਨ ਦੇ ਕਬਜ਼ੇ ਨੂੰ ਛੱਡ ਕੇ ਆਪਸ ਵਿੱਚ ਗੁਰਸਿੱਖਾਂ ਜਿਉਂ ਵਰਤਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਦੋਵੇਂ ਜਥਿਆਂ ਨੂੰ ਇੱਕ ਦੂਜੇ ਨੂੰ ਵੱਡੇ ਜਿਗਰੇ ਦਿਖਾ ਕੇ ਆਪਣੇ ਗਿਲੇ ਸ਼ਿਕਵੇ ਦੂਰ ਕਰਕੇ, ਇੱਕ ਦੂਜੇ ਨੂੰ ਮੁਆਫ਼ ਕਰਕੇ ਗੁਰੂ ਖਾਲਸਾ ਪੰਥ ਦੀ ਚੜ੍ਹਦੀਕਲਾ ਲਈ ਯਤਨਸ਼ੀਲ ਅਤੇ ਅਸਥਾਨਾਂ ਤੋਂ ਬਾਹਰ ਚੱਕਰਵਰਤੀ ਹੋਣਾ ਚਾਹੀਦਾ ਹੈ।

ਇਸ ਸਾਰੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਵੀ ਵੇਖਣਯੋਗ ਹੈ। ਦੋਵਾਂ ਦਲਾਂ ਨੂੰ ਇਕੱਠਿਆਂ ਕਰਨ ਅਤੇ ਆਪਸੀ ਕੁੜੱਤਣ ਨੂੰ ਘੱਟ ਕਰਨ ਦੀ ਬਜਾਏ ਸ੍ਰੋ.ਗੁ.ਪ੍ਰ.ਕ ਇਸ ਵੇਲੇ ਵੀ ਆਪਣੇ ਸਿਆਸੀ ਹਿੱਤਾਂ ਨੂੰ ਪੂਰਿਆਂ ਕਰਨ ਲਈ ਜਮੀਨ ਤਲਾਸ਼ ਰਹੀ ਹੈ। ਸਿਆਸੀ ਹਿੱਤਾਂ ਦੀ ਪੂਰਤੀ ਲਈ ਸ੍ਰੋ.ਗੁ.ਪ੍ਰ.ਕ ਅਤੇ ਬਾਦਲ ਦਲ ਨੇ ਰੋਸ ਪ੍ਰਦਰਸ਼ਨ ਦਾ ਰਾਹ ਖੋਲ੍ਹਿਆ ਹੈ, ਤਾਂ ਕਿ ਸਿੱਖਾਂ ਨੂੰ ਦਿਖਾਇਆ ਜਾ ਸਕੇ ਕਿ ਉਹ ਸਿੱਖੀ ਅਤੇ ਗੁਰ ਅਸਥਾਨਾਂ ਲਈ ਕਿੰਨੇ ਫ਼ਿਕਰਮੰਦ ਹਨ। ਪਰ ਅਜਿਹਾ ਕਰਦਿਆਂ ਵੀ ਉਹਨਾਂ ਨੂੰ ਇਸ ਗੱਲ ਦਾ ਉੱਕਾ ਖਿਆਲ ਨਹੀਂ ਹੈ ਕਿ ਧਰਨਾ ਕੀ, ਕਿਉਂ ਅਤੇ ਕਿਸ ਦੇ ਖ਼ਿਲਾਫ਼ ਲਗਾਉਣਾ ਹੈ। ਗੁਰਦੁਆਰਾ ਸਾਹਿਬ ’ਤੇ ਗੋਲੀ ਪੁਲਿਸ ਨੇ ਚਲਾਈ ਹੈ, ਇਸ ਹਿਸਾਬ ਨਾਲ ਧਰਨਾ ਥਾਣੇ, ਡਿਪਟੀ ਦਫ਼ਤਰ ਜਾਂ ਪੰਜਾਬ ਦੇ ਮੁੱਖ ਮੰਤਰੀ ਦੇ ਘਰ ਲਗਾਇਆ ਜਾਣਾ ਚਾਹੀਦਾ ਹੈ ਨਾ ਕਿ ਗੁਰਦੁਆਰਾ ਸਾਹਿਬ ਦੇ ਸਾਹਮਣੇ। ਸ੍ਰੋ.ਗੁ.ਪ੍ਰ.ਕ ਲਈ ਧਰਨਾ ਲਗਾਉਣ ਪਿਛੇ ਮਨਸ਼ਾ ਕੀ ਹਾਸਲ ਕਰਨ ਦੀ ਹੈ, ਇਹ ਤਾਂ ਸ੍ਰੋ.ਗੁ.ਪ੍ਰ.ਕ ਹੀ ਬਿਹਤਰ ਜਾਣਦੀ ਹੋਵੇਗੀ ਪਰ ਗੁਰਦੁਆਰਾ ਸਾਹਿਬ ਧਰਨਾ ਲਗਾਉਣ ਦੀ ਪਿਰਤ ਪਾਉਣੀ ਪੰਥ ਦਾ ਇੱਕ ਹੋਰ ਨੁਕਸਾਨ ਕਰਨਾ ਹੀ ਹੈ। ਗੁਰਦੁਆਰਾ ਸਾਹਿਬਾਨ ਗੁਰੂ ਖਾਲਸਾ ਪੰਥ ਲਈ ਸਤਿਕਾਰਯੋਗ ਅਤੇ ਪਵਿੱਤਰ ਹਨ। ਇੱਥੇ ਦੁਨਿਆਵੀ ਤਖਤਾਂ ਦੇ ਜੁਰਮ ਅਤੇ ਜਰਵਾਨਿਆਂ ਖ਼ਿਲਾਫ਼ ਮੋਰਚਾ ਤਾਂ ਲਾਇਆ ਜਾ ਸਕਦੈ ਪਰ ਇਸ ਤਰ੍ਹਾਂ ਦੇ ਧਰਨੇ ਮੁਜ਼ਾਹਰੇ ਇਥੇ ਨਹੀਂ ਸੋਭਦੇ।

ਪੁਲਿਸ ਵੱਲੋਂ ਗੋਲੀ ਚਲਾਉਣ ’ਤੇ ਸ੍ਰੋ.ਗੁ.ਪ੍ਰ.ਕ ਵਲੋਂ ਸਰਕਾਰ ਨੂੰ ਸਵਾਲ ਕਰਨੇ ਜਾਇਜ਼ ਹਨ, ਪਰ ਇਸ ਦੇ ਲਈ ਲੋੜੀਂਦੀ ਗੰਭੀਰਤਾ ਸ੍ਰੋ.ਗੁ.ਪ੍ਰ.ਕ ਵਿੱਚ ਦਿਖਾਈ ਨਹੀਂ ਦੇ ਰਹੀ। ਸ੍ਰੋ.ਗੁ.ਪ੍ਰ.ਕ ਅਤੇ ਬਾਦਲ ਦਲ ਆਪਣੇ ਸੁਭਾਅ ਮੁਤਾਬਿਕ ਇਸ ਮਾਮਲੇ ਨੂੰ ਵੀ ਸਿਆਸੀ ਪੱਖ ਤੋਂ ਹੀ ਦੇਖ ਰਹੇ ਹਨ ਅਤੇ ਸਿਆਸੀ ਫਾਇਦਿਆਂ ਲਈ ਆਮ ਆਦਮੀ ਪਾਰਟੀ ਨੂੰ ਘੇਰਨ ਤੋਂ ਇਲਾਵਾ ਇਸ ਮਾਮਲੇ ਦੇ ਧਾਰਮਿਕ ਅਤੇ ਰਵਾਇਤੀ ਪੱਖ ਛੱਡ ਰਹੇ ਹਨ। ਸ੍ਰੋ.ਗੁ.ਪ੍ਰ.ਕ ਜੇਕਰ ਸੱਚਮੁੱਚ ਹੀ ਗੰਭੀਰ ਹੈ ਤਾਂ ਉਨ੍ਹਾਂ ਨੂੰ ਦੋਵਾਂ ਜਥਿਆਂ ਵਿਚਕਾਰ ਚੱਲ ਰਹੇ ਤਣਾਅ ਨੂੰ ਦੂਰ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ ਅਤੇ ਗੁਰਦੁਆਰਿਆਂ ਦੇ ਮਸਲੇ ਵਿੱਚ ਪੁਲਿਸ ਅਤੇ ਸਰਕਾਰ ਦੀ ਦਖ਼ਲ-ਅੰਦਾਜ਼ੀ ਨਹੀਂ ਹੋਣ ਦੇਣੀ ਚਾਹੀਦੀ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਬੇਰਹਿਮ ਵਹਿਸ਼ੀ ਤਾਕਤਾਂ, ਸ਼ਾਂਤੀ ਤੇ ਗਾਜ਼ਾ ’ਚ ਬੱਚਿਆਂ ਦਾ ਘਾਣ



ਡਾ. ਅਰਣ ਮਿੱਤਰਾ



ਗਾਜ਼ਾ ਵਿੱਚ ਇਜ਼ਰਾਈਲ ਦੇ ਸੁਰੱਖਿਆ ਬਲਾਂ ਦੁਆਰਾ ਬੱਚਿਆਂ ਦੇ ਮਾਰੇ ਜਾਣ ਦੀਆਂ ਹਰ ਰੋਜ਼ ਆ ਰਹੀਆਂ ਰਿਪੋਰਟਾਂ ਚੱਲ ਰਹੀ ਸਦੀ ਦਾ ਸਭ ਤੋਂ ਵੱਡਾ ਅਪਰਾਧ ਹਨ। ਹਰ ਰੋਜ਼ 120 ਦੇ ਕਰੀਬ ਬੱਚੇ ਮਾਰੇ ਜਾ ਰਹੇ ਹਨ। ਗਾਜ਼ਾ ਵਿੱਚ ਬੱਚਿਆਂ ਦੀਆਂ ਲਾਸ਼ਾਂ ਨੂੰ ਦੇਖ ਕੇ ਦਿਲ ਕੰਬ ਜਾਂਦਾ ਹੈ। ਮਾਵਾਂ ਡੂੰਘੇ ਦਰਦ ਵਿੱਚ ਰੋਂਦੀਆਂ, ਆਸ ਟੁੱਟਣ ਤੋਂ ਦੁਖੀ ਪਿਤਾ, ਲਾਸ਼ ਕੋਲ ਗੁੰਮਸੁੰਮ ਬੈਠੇ ਭੈਣ-ਭਰਾ। ਇਜ਼ਰਾਈਲੀ ਹਮਲਾ ਅਜੇ ਵੀ ਜਾਰੀ ਹੈ, ਇਸ ਗੱਲ ਦਾ ਕੁਝ ਪਤਾ ਨਹੀਂ ਹੈ ਕਿ ਇਜ਼ਰਾਈਲੀ ਰੱਖਿਆ ਬਲਾਂ ਦਾ ਮੌਤ ਦਾ ਨਾਚ ਕਦੋਂ ਤਕ ਚੱਲੇਗਾ। ਗਾਜ਼ਾ ਦੇ ਲੋਕ ਜਿਸ ਭਿਆਨਕ ਹਾਲਾਤ ਵਿੱਚੋਂ ਲੰਘ ਰਹੇ ਹਨ, ਉਹ ਕਲਪਨਾ ਤੋਂ ਪਰੇ ਹੈ। ਇਸ ਨੂੰ ਜੰਗ ਕਹਿਣਾ ਗਲਤ ਹੋਵੇਗਾ। ਇਹ ਬੱਚਿਆਂ ਸਮੇਤ ਬੇਕਸੂਰ ਲੋਕਾਂ ਦੀ ਸਪਸ਼ਟ ਤੌਰ ’ਤੇ ਨਸਲਕੁਸ਼ੀ ਹੈ। ਹਮਾਸ, ਜਿਸ ਨੇ 7 ਅਕਤੂਬਰ 2023 ਨੂੰ ਵਹਿਸ਼ੀ ਕੰਮ ਕੀਤਾ, ਇਜ਼ਰਾਇਲੀ ਹਮਲੇ ਦੀ ਤਸਵੀਰ ਵਿੱਚ ਕਿਤੇ ਵੀ ਨਹੀਂ ਹੈ। ਹਸਪਤਾਲਾਂ ਦੇ ਹਥਿਆਰਾਂ ਦੇ ਅੱਡੇ ਹੋਣ ਦੀਆਂ ਗੱਲਾਂ ਝੂਠੀਆਂ ਸਾਬਤ ਹੋ ਰਹੀਆਂ ਹਨ।



ਜੰਗ ਹਮੇਸ਼ਾ ਹੀ ਤਬਾਹੀ ਦਾ ਕਾਰਨ ਬਣਦੀ ਹੈ। ਇਨ੍ਹਾਂ ਸਥਿਤੀਆਂ ਵਿੱਚ ਬੱਚੇ ਬਿਨਾਂ ਕਿਸੇ ਕਸੂਰ ਦੇ ਸਭ ਤੋਂ ਵੱਧ ਪੀੜ੍ਹਤ ਹੁੰਦੇ ਹਨ। ਹੁਣ ਜਦੋਂ ਹਸਪਤਾਲਾਂ ਨੂੰ ‘ਸਜ਼ਾ-ਏ-ਮੌਤ’ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਮਾਂ ਦੇ ਗਰਭ ਵਿੱਚ ਭਰੂਣਾਂ ਅਤੇ ਨਵਜੰਮੇ ਬੱਚਿਆਂ ਸਮੇਤ ਮਰਨ ਵਾਲੇ ਬੱਚਿਆਂ ਦੀ ਗਿਣਤੀ ਕਈ ਗੁਣਾ ਵੱਧ ਜਾਵੇਗੀ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਮੁਖੀ ਵੋਲਕਰ ਤੁਰਕ ਦੇ ਅਨੁਸਾਰ, ਅਜਿਹੀਆਂ ਸਥਿਤੀਆਂ ਵਿੱਚ ਗਾਜ਼ਾ ਵਿੱਚ ਬਿਮਾਰੀ, ਭੁੱਖ ਦਾ ਪ੍ਰਕੋਪ ‘ਅਟੱਲ’ ਹੈ। ਜੇਨੇਵਾ ਵਿੱਚ ਸੰਯੁਕਤ ਰਾਸ਼ਟਰ ਵਿੱਚ ਬੋਲਦਿਆਂ, ਉਹਨਾਂ ਨੇ ਗਾਜ਼ਾ ਵਿੱਚ ਭੋਜਨ, ਬਾਲਣ ਅਤੇ ਮੈਡੀਕਲ ਸਪਲਾਈ ਦੀ ਬਹੁਤ ਜ਼ਿਆਦਾ ਘਾਟ ਨੂੰ ਉਜਾਗਰ ਕੀਤਾ ਅਤੇ ਪਾਣੀ, ਸੀਵਰੇਜ ਅਤੇ ਸਿਹਤ ਸੰਭਾਲ ਸੇਵਾਵਾਂ ਦੇ ਪੂਰੀ ਤਰ੍ਹਾਂ ਢਹਿ ਜਾਣ ਦੇ ਨਤੀਜਿਆਂ ਬਾਰੇ ਚਿਤਾਵਨੀ ਦਿੱਤੀ ਤੇ ਉਹਨਾਂ ਮੁਤਾਬਕ ਛੂਤ ਵਾਲੀਆਂ ਬਿਮਾਰੀਆਂ ਅਤੇ ਭੁੱਖ ਦੇ ਵੱਡੇ ਪ੍ਰਕੋਪ ਅਟੱਲ ਜਾਪਦੇ ਹਨ।

ਬੱਚਿਆਂ ਉੱਤੇ ਜੰਗ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਸਿਹਤ ਦੇ ਨਤੀਜੇ ਗੰਭੀਰ ਅਤੇ ਲੰਬੇ ਸਮੇਂ ਲਈ ਹੋਣਗੇ। ਸਹੀ ਭੋਜਨ ਸਪਲਾਈ ਦੀ ਅਣਹੋਂਦ ਵਿੱਚ ਕੁਪੋਸ਼ਣ ਦੇ ਕਾਰਨ ਸਰੀਰ ਵਿੱਚ ਕਮਜ਼ੋਰੀ ਆਉਣ ਦੇ ਕਾਰਨ ਲਾਗ ਦੀਆਂ ਬਿਮਾਰੀਆਂ ਦਾ ਖਤਰਾ ਕਈ ਗੁਣਾ ਵਧ ਜਾਂਦਾ ਹੈ।

19 ਨਵੰਬਰ 2020 ਨੂੰ ਵਿਸ਼ਵ ਪ੍ਰਸਿੱਧ ਬ੍ਰਿਟਿਸ਼ ਮੈਡੀਕਲ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਲੇਖ ਵਿੱਚ ਮੁਥੰਨਾ ਸਮਰਾ, ਸਾਰਾ ਹਮੂਦਾ, ਪੈਨੋਸ ਵੋਸਟਾਨਿਸ, ਬਾਸੇਲ ਅਲ-ਖੋਦਰੀ ਅਤੇ ਨਾਦਰ ਅਲ-ਡੇਵਿਕ ਨੇ ਦੱਸਿਆ ਕਿ ਲੰਬੇ ਸਮੇਂ ਤਕ ਜੰਗ ਦੀ ਸਥਿਤੀ ਵਿੱਚ ਰਹਿਣ ਨਾਲ ਬੱਚਿਆਂ ਵਿੱਚ ਜ਼ਹਿਰੀਲਾ ਤਣਾਅ ਪੈਦਾ ਹੁੰਦਾ ਹੈ। ਇਸ ਨਾਲ ਚਿੰਤਾ, ਇਕੱਲਾਪਣ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ ਜੋ ਪਰਿਵਾਰ ਦੇ ਸਹਿਯੋਗ ਦੀ ਅਣਹੋਂਦ ਅਤੇ ਮਾਪਿਆਂ ਅਤੇ ਦੋਸਤਾਂ ਤੋਂ ਵੱਖ ਹੋਣ ਕਾਰਨ ਵਧ ਜਾਂਦੀ ਹੈ। ਸਕੂਲ ਜਾਣ ਵਿੱਚ ਉਨ੍ਹਾਂ ਦੀ ਅਸਮਰੱਥਾ ਚਿੰਤਾ ਵਿੱਚ ਵਾਧਾ ਕਰਦੀ ਹੈ। ਅਗਲੇ ਦਿਨ ਉਹ ਬਚਣਗੇ ਜਾਂ ਨਹੀਂ, ਇਸ ਬਾਰੇ ਅਨਿਸ਼ਚਿਤਤਾ ਹਮੇਸ਼ਾ ਬੱਚਿਆਂ ਦੇ ਦਿਮਾਗ ਨੂੰ ਪਰੇਸ਼ਾਨ ਕਰਦੀ ਹੈ। ਉਹ ਕਿਸੇ ਵੀ ਅਣਜਾਣ ਆਵਾਜ਼ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੋ ਜਾਂਦੇ ਹਨ। ਇੰਝ ਇੰਡੀਅਨ ਡਾਕਟਰ ਫਾਰ ਪੀਸ ਡਿਵਲਪਮੈਂਟ ਦੇ ਡਾਕਟਰਾਂ ਦੀ ਟੀਮ ਦੁਆਰਾ ਦੇਖਿਆ ਗਿਆ, ਜਿਸ ਨੇ ਰਾਹਤ ਕੈਂਪਾਂ ਵਿੱਚ ਰਹਿ ਰਹੇ ਲੋਕਾਂ ਦੀਆਂ ਸਿਹਤ ਜ਼ਰੂਰਤਾਂ ਦਾ ਮੁਲਾਂਕਣ ਕਰਨ ਲਈ ਭਾਰਤ ਦੇ ਉੱਤਰ ਪੂਰਬੀ ਰਾਜ ਮਨੀਪੁਰ ਵਿੱਚ ਹਿੰਸਾ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ ਸੀ। ਚਿੰਤਾ ਦੀ ਇਹ ਨਿਰੰਤਰ ਸਥਿਤੀ ਬਿਸਤਰੇ ਵਿੱਚ ਪਿਸ਼ਾਬ ਕਰਨ, ਸੌਣ ਵਿੱਚ ਮੁਸ਼ਕਲ, ਡਰਾਉਣੇ ਸੁਪਨੇ, ਅਤੇ ਆਪਣੇ ਅਜ਼ੀਜ਼ਾਂ ਨਾਲ ਤਣਾਅਪੂਰਨ ਸਬੰਧਾਂ ਦਾ ਕਾਰਨ ਬਣ ਸਕਦੀ ਹੈ। ਅਜਿਹੀਆਂ ਸਥਿਤੀਆਂ ਵਿੱਚ ਲੰਬੇ ਸਮੇਂ ਤਕ ਰਹਿਣ ਨਾਲ ਉਹ ਆਪਣੇ ਨਜ਼ਦੀਕੀਆਂ ਅਤੇ ਪਿਆਰਿਆਂ ਤੋਂ ਵੀ ਮੂੰਹ ਮੋੜਨ ਅਤੇ ਹਮਲਾਵਰ ਵਿਵਹਾਰ ਵਿਕਸਿਤ ਕਰਦੇ ਹਨ। ਉਹਨਾਂ ਵਿੱਚ ਛੋਟੀਆਂ-ਛੋਟੀਆਂ ਗੱਲਾਂ ’ਤੇ ਬਦਲਾ ਲੈਣ ਦੀ ਭਾਵਨਾ ਵਿਕਸਿਤ ਹੁੰਦੀ ਹੈ। ਉਹ ਆਪਣੇ ਦੋਸਤਾਂ ਨਾਲ ਲੜਨਾ ਅਤੇ ਰੌਲਾ ਪਾਉਣਾ ਸ਼ੁਰੂ ਕਰ ਸਕਦੇ ਹਨ ਜਾਂ ਦੂਜੇ ਬੱਚਿਆਂ ਨਾਲ ਧੱਕੇਸ਼ਾਹੀ ਕਰ ਸਕਦੇ ਹਨ। ਡਰ ਦੇ ਨਤੀਜੇ ਵਜੋਂ ਬਹੁਤ ਸਾਰੇ ਬੱਚੇ ਸਾਫ ਨਹੀਂ ਬੋਲ ਸਕਦੇ ਤੇ ਅੜਕਣ ਲੱਗ ਪੈਂਦੇ ਹਨ। ਕਈਆਂ ਨੂੰ ਅੰਸ਼ਕ ਐਮਨੀਸ਼ੀਆ (ਭੁੱਲਣ) ਦਾ ਅਨੁਭਵ ਵੀ ਹੋ ਸਕਦਾ ਹੈ। ਉਨ੍ਹਾਂ ਵਿੱਚੋਂ ਕੁਝ ਨਸ਼ੇ ਦਾ ਸਹਾਰਾ ਲੈ ਸਕਦੇ ਹਨ। ਇੱਥੋਂ ਤਕ ਕਿ ਆਤਮਘਾਤੀ ਵਿਵਹਾਰ ਵੀ ਦੇਖਿਆ ਗਿਆ ਹੈ।

ਲੰਬੇ ਸਮੇਂ ਵਿੱਚ, ਸ਼ਰਨਾਰਥੀ ਕੈਂਪਾਂ ਵਿੱਚ ਰਹਿਣ ਅਤੇ ਸਿੱਖਿਆ ਦੇ ਮੌਕੇ ਗੁਆਉਣ ਕਾਰਨ, ਉਨ੍ਹਾਂ ਦੇ ਪੂਰੇ ਜੀਵਨ ਦੀ ਚਾਲ ਬਦਲ ਜਾਂਦੀ ਹੈ। ਲੜਕੀਆਂ ਨੂੰ ਜਿਣਸੀ ਸ਼ੋਸ਼ਣ ਅਤੇ ਪਰਿਵਾਰ ਅਤੇ ਸਮਾਜ ਦੁਆਰਾ ਨਕਾਰੇ ਜਾਣ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਬਾਰੂਦੀ ਸੁਰੰਗਾਂ ਅਤੇ ਹੋਰ ਕਿਸਮਾਂ ਦੀਆਂ ਸੱਟਾਂ ਕਾਰਨ ਬਹੁਤ ਸਾਰੇ ਬੱਚੇ ਫੱਟੜ ਹੋ ਜਾਂਦੇ ਹਨ। ਬੱਚੇ ਨੈਤਿਕ ਕਦਰਾਂ-ਕੀਮਤਾਂ ਗੁਆ ਸਕਦੇ ਹਨ ਕਿਉਂਕਿ ਉਨ੍ਹਾਂ ਲਈ ਜਿਉਂਦਾ ਰਹਿਣਾ ਬੁਨਿਆਦੀ ਲੋੜ ਹੈ ਜਿਸ ਲਈ ਉਹ ਜੀਉਣ ਲਈ ਅਪਰਾਧ ਦਾ ਸਹਾਰਾ ਵੀ ਲੈ ਸਕਦੇ ਹਨ। ਜੰਗ ਦੌਰਾਨ ਬੱਚੇ ਆਪਣਾ ਸਮਾਜਿਕ ਵਿਹਾਰ ਅਤੇ ਸੱਭਿਆਚਾਰ ਗੁਆ ਸਕਦੇ ਹਨ।

ਇਜ਼ਰਾਈਲ ਵੱਲੋਂ ਗਾਜ਼ਾ ’ਤੇ ਕੀਤੇ ਜਾ ਰਹੇ ਹਮਲੇ ਵਿੱਚ ਉਪਰੋਕਤ ਸਭ ਕੁਝ ਲਗਾਤਾਰ ਦੇਖਿਆ ਜਾ ਰਿਹਾ ਹੈ।

ਸਥਿਤੀ ਦੀ ਵਿਡੰਬਨਾ ਇਹ ਹੈ ਕਿ ਜਦੋਂ ਕਿ ਨਾਗਰਿਕ ਦਰਦ ਮਹਿਸੂਸ ਕਰ ਰਹੇ ਹਨ ਅਤੇ ਪ੍ਰਤੀਕਿਰਿਆ ਕਰ ਰਹੇ ਹਨ ਪਰ ਜ਼ਿਆਦਾਤਰ ਸਰਕਾਰਾਂ ਇਜ਼ਰਾਈਲੀ ਹਮਲੇ ਦੀ ਧਿਰ ਬਣ ਗਈਆਂ ਹਨ ਜਾਂ ਸਿਰਫ ਗੱਲੀਂਬਾਤੀਂ ਸਾਰ ਰਹੀਆਂ ਹਨ। ਯੂਰਪੀਅਨ ਨੇਤਾਵਾਂ ਨੇ ਜੋ ਕੁਝ ਹਮਾਸ ਨੇ ਕੀਤਾ, ਉਸ ਨੂੰ ਜੰਗੀ ਅਪਰਾਧ ਦਾ ਲੇਬਲ ਦੇਣ ਲਈ ਆਵਾਜ਼ ਉਠਾਈ ਹੈ, ਪਰ ਉਹ ਇਜ਼ਰਾਈਲ ਦੁਆਰਾ ਕੀਤੀ ਗਈ ਗੈਰ-ਅਨੁਪਾਤਕ ਹਿੰਸਾ ਉੱਤੇ ਚੁੱਪ ਹਨ। ਅਲ ਜਜ਼ੀਰਾ ਦੇ ਪੇਸ਼ਕਾਰ, ਓਸਮਾਨ ਅਯਫਰਾਹ ਨੇ ਯੂਰਪੀਅਨ ਯੂਨੀਅਨ ਦੀ ਵਿਦੇਸ਼ ਨੀਤੀ ਦੇ ਮੁਖੀ ਜੋਸੇਪ ਬੋਰੇਲ ਨੂੰ ਇਜ਼ਰਾਈਲ ਅਤੇ ਹਮਾਸ ਦੀਆਂ ਕਾਰਵਾਈਆਂ ਨੂੰ ਯੁੱਧ ਅਪਰਾਧ ਵਜੋਂ ਦਰਸਾਉਣ ’ਤੇ ਯੂਰਪੀਅਨ ਯੂਨੀਅਨ ਦੀ ਸਥਿਤੀ ਬਾਰੇ ਸਵਾਲ ਕੀਤਾ। ‘ਮੈਂ ਕੋਈ ਵਕੀਲ ਨਹੀਂ ਹਾਂ’, ਸ੍ਰੀ ਬੋਰੇਲ ਨੇ ਜਵਾਬ ਦਿੱਤਾ। ਜਦੋਂ ਇਹ ਪੁੱਛਿਆ ਗਿਆ ਕਿ ਕੀ ਯੂਰਪੀਅਨ ਯੂਨੀਅਨ 7 ਅਕਤੂਬਰ ਤੋਂ ਇਜ਼ਰਾਈਲ ਦੀਆਂ ਕਾਰਵਾਈਆਂ ਨੂੰ ਯੁੱਧ ਅਪਰਾਧਾਂ ਵਜੋਂ ਦਰਸਾਏਗੀ, ਅਤੇ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਇਸ ਮਾਮਲੇ ਦੀ ਜਾਂਚ ਕਰੇਗੀ ? ਉਨ੍ਹਾਂ ਕਿਹਾ ਕਿ ਯੂਰਪੀ ਸੰਘ 7 ਅਕਤੂਬਰ ਨੂੰ ਹਮਾਸ ਦੇ ਹਮਲੇ ਨੂੰ ਜੰਗੀ ਅਪਰਾਧ ਮੰਨਦਾ ਹੈ ਕਿਉਂਕਿ ਇਹ ‘ਬਿਨਾਂ ਕਿਸੇ ਕਾਰਨ ਆਮ ਨਾਗਰਿਕਾਂ ਦੀ ਸਪਸ਼ਟ ਹੱਤਿਆ ਸੀ।’ ਜਿੱਥੇ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੀ ਪਹੁੰਚ ਅਤੇ ਜੰਗਬੰਦੀ ਲਈ ਉਨ੍ਹਾਂ ਦਾ ਦਲੇਰ ਸਟੈਂਡ ਸ਼ਲਾਘਾਯੋਗ ਹੈ, ਉੱਥੇ ਯੂ.ਐੱਨ. ਹਮਲਾਵਰਤਾ ਨੂੰ ਕਾਬੂ ਕਰਨ ਵਿੱਚ ਅਸਫਲ ਰਿਹਾ ਹੈ।

ਵਹਿਸ਼ੀ ਤਾਕਤਾਂ ਬੱਚਿਆਂ ਉੱਤੇ ਕੋਈ ਰਹਿਮ ਨਹੀਂ ਕਰਦੀਆਂ। ਇਹ ਮਨੁੱਖੀ ਵਿਵਹਾਰ ਵਿੱਚ ਗੰਭੀਰ ਵਿਗਾੜ ਨੂੰ ਦਰਸਾਉਂਦੀ ਹੈ। ਇਹ ਉਦੋਂ ਦੇਖਿਆ ਗਿਆ ਸੀ ਜਦੋਂ ਨਾਜ਼ੀਆਂ ਨੇ ਯਹੂਦੀ ਬੱਚਿਆਂ ਨੂੰ ਮਾਰਿਆ ਸੀ। ਜਦੋਂ ਨਾਜ਼ੀ ਲੱਖਾਂ ਦੀ ਗਿਣਤੀ ਵਿੱਚ ਯਹੂਦੀਆਂ ਨੂੰ ਮਾਰ ਰਹੇ ਸਨ, ਤਾਂ ਦੁਨੀਆ ਨੇ ਲੰਬੇ ਸਮੇਂ ਲਈ ਇਹ ਕਹਿ ਕੇ ਅਣਡਿੱਠ ਕੀਤਾ ਕਿ ਉਨ੍ਹਾਂ ਨੂੰ ਨਜ਼ਰਬੰਦੀ ਕੈਂਪਾਂ ਦਾ ਕੋਈ ਗਿਆਨ ਨਹੀਂ ਸੀ। ਪੱਛਮੀ ਦੇਸ਼ਾਂ ਨੇ ਸੋਵੀਅਤ ਫੌਜ ਦੁਆਰਾ ਖੋਜੇ ਜਾਣ ਤੋਂ ਬਾਅਦ ਵੀ ਨਜ਼ਰਬੰਦੀ ਕੈਂਪਾਂ ਦੀ ਹੋਂਦ ਉੱਤੇ ਵਿਸ਼ਵਾਸ ਨਹੀਂ ਕੀਤਾ। ਪਰ ਹੁਣ ਇਹ ਬਹਾਨਾ ਨਹੀਂ ਚਲਦਾ। ਤਕਨੀਕੀ ਕਾਢਾਂ ਦੇ ਕਾਰਨ ਅੱਜ ਸਭ ਕੁਝ ਸਪਸ਼ਟ ਤੌਰ ’ਤੇ ਦਿਖਾਈ ਦੇ ਰਿਹਾ ਹੈ।

ਵਕਤ ਸਦਾ ਇਹੋ ਜਿਹਾ ਨਹੀਂ ਰਹਿਣਾ। ਅੱਤ ਦੇ ਤਸੀਹੇ ਢਾਹ ਕੇ ਤੇ ਤਬਾਹੀ ਲਿਆ ਕੇ ਹਿਟਲਰ ਅਖੀਰ ਮਰ ਮੁੱਕ ਗਿਆ। ਜ਼ਾਲਮਾਂ ਨੂੰ ਕਦੇ ਵੀ ਯਾਦ ਨਹੀਂ ਕੀਤਾ ਜਾਂਦਾ। ਛੋਟੇ ਛੋਟੇ ਬੱਚਿਆਂ ਦੀ ਆਵਾਜ਼ ਵਿਅਰਥ ਨਹੀਂ ਜਾਏਗੀ।

# ਜ਼ਿੰਦਗੀ ਦੀ ਜੰਗ ਲੜ ਰਹੇ ਸ਼ਰਨਾਰਥੀ ਅਤੇ ਪ੍ਰਵਾਸੀ



ਗੁਰਮੀਤ ਸਿੰਘ ਪਲਾਹੀ
9815802070



ਦੁਨੀਆਂ ਭਰ ਵਿੱਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਘਰੋਂ ਬੇਘਰ ਹੋਣ ਕਾਰਨ ਸ਼ਰਨਾਰਥੀਆਂ ਨੂੰ ਅੰਤਾਂ ਦੇ ਦੁੱਖ ਝੱਲਣੇ ਪੈਂਦੇ ਹਨ। ਪ੍ਰਵਾਸੀਆਂ, ਸ਼ਰਨਾਰਥੀਆਂ ਦੀਆਂ ਭਾਰੀ ਗਿਣਤੀ ਵਿੱਚ ਹੋ ਰਹੀਆਂ ਮੌਤਾਂ ਨੇ ਪੂਰੀ ਦੁਨੀਆ ਨੂੰ ਹੈਰਾਨ ਕੀਤਾ ਹੋਇਆ ਹੈ।

ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰਨ ਵਾਲੇ ਸ਼ਰਨਾਰਥੀ ਅਤੇ ਪ੍ਰਵਾਸੀ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਵਿਸ਼ਵ ਪੱਧਰੀ ਜੰਗਾਂ, ਅੰਦਰੂਨੀ ਟਕਰਾਅ, ਸੋਕਾ, ਹੜ੍ਹ, ਅਸੁਰੱਖਿਆ ਗਰੀਬੀ ਜ਼ਬਰਨ ਘਰੋਂ ਬੇਘਰ ਕੀਤੇ ਜਾਣਾ ਸ਼ਰਨਾਰਥ ਅਤੇ ਪ੍ਰਵਾਸ ਦੀਆਂ ਜੜ੍ਹਾਂ ਹਨ। ਇਸ ਸਮੇਂ ਦੁਨੀਆ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਗੰਭੀਰ ਟਕਰਾ ਚੱਲ ਰਹੇ ਹਨ ।ਵੱਡੀ ਗਿਣਤੀ ਵਿੱਚ ਮਾਸੂਮ, ਬੇਦੋਸ਼ੇ ਮਰ ਰਹੇ ਹਨ। ਖ਼ਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਇਸ ਦੀ ਕੀਮਤ ਚੁਕਾਉਣੀ ਪੈ ਰਹੀ ਹੈ।

ਇੱਕ ਰਿਪੋਰਟ ਅਨੁਸਾਰ ਸਾਲ 2021 ਦੇ ਆਖਰੀ ਅੰਕੜਿਆਂ ਦੇ ਮੁਕਾਬਲੇ 2022 ਵਿੱਚ ਸ਼ਰਨਾਰਥੀਆਂ ਦੀ ਗਿਣਤੀ 1.9 ਕਰੋੜ ਤੋਂ ਜ਼ਿਆਦਾ ਹੋ ਗਈ। ਦੁਨੀਆਂ ਭਰ ਵਿੱਚ ਘਰੋਂ ਬੇਘਰ ਹੋਏ ਕੁੱਲ 10.84 ਕਰੋੜ ਲੋਕਾਂ ਵਿੱਚੋਂ 3.53 ਕਰੋੜ ਸ਼ਰਨਾਰਥੀ ਹਨ, ਜੋ ਜੀਵਨ ਸੁਰੱਖਿਆ ਲਈ ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰ ਗਏ। ਪਿਛਲੇ ਸਾਲ 2022 ਵਿੱਚ ਘਰੋਂ ਬੇਘਰ ਹੋਣ ਦਾ ਮੁੱਖ ਕਾਰਨ ਯੂਕਰੇਨ ਦੀ ਲੜਾਈ ਰਹੀ। ਹੁਣ ਫਲਸਤੀਨ ਅਤੇ ਇਜ਼ਰਾਇਲ ਕਾਰਨ ਹਜ਼ਾਰਾਂ ਲੋਕ ਤਬਾਹ ਹੋ ਰਹੇ ਹਨ, ਘਰ ਛੱਡ ਰਹੇ ਹਨ, ਪੀੜ੍ਹਤ ਹੋ ਰਹੇ ਹਨ ਅਤੇ ਵੱਡਾ ਦਰਦ ਹੰਢਾ ਰਹੇ ਹਨ। ਸਾਲ 2022 ਦੇ ਅਖੀਰ ਤੱਕ 1.6 ਕਰੋੜ ਯੂਕਰੇਨੀਆ ਨੂੰ ਆਪਣੇ ਘਰ ਛੱਡ ਕੇ ਹੋਰ ਥਾਵਾਂ ਤੇ ਪਨਾਹ ਲੈਣੀ ਪਈ, ਇਹਨਾਂ ਵਿੱਚ 59 ਲੱਖ ਆਪਣੇ ਦੇਸ਼ ਅੰਦਰ ਅਤੇ 57 ਲੱਖ ਗੁਆਂਢੀ ਦੇਸ਼ਾਂ ਵੱਲ ਤੁਰ ਗਏ।

ਡੈਮੋਕਰੇਟਿਕ ਰੀਪਬਲਿਕ ਆਫ ਕਾਂਗੋ, ਇਥੋਪੀਆ ਅਤੇ ਮੀਆਂਮਾਰ ਵਿੱਚੋਂ 10 ਲੱਖ ਤੋਂ ਵੱਧ ਲੋਕ, ਦੇਸ਼ ਦੇ ਆਪਸੀ ਸੰਘਰਸ਼ਾਂ ਕਾਰਨ ਘਰੋਂ ਬੇਘਰ ਹੋਏ। ਸੁਡਾਨ ਦੇ 11 ਕਰੋੜ ਲੋਕਾਂ ਨੂੰ ਘਰ ਛੱਡਣੇ ਪਏ।

ਜੰਗ ਤੋਂ ਬਿਨ੍ਹਾਂ ਕੁਦਰਤੀ ਆਫਤਾਂ ਮਨੁੱਖ ਨੂੰ ਪਰੇਸ਼ਾਨ ਕਰਦੀਆਂ ਹਨ ਉਹਨਾਂ ਦੀ ਮੌਤ ਦਾ ਕਾਰਨ ਬਣਦੀਆਂ ਹਨ ਉਹਨਾਂ ਦੇ ਘਰ ਤਬਾਹ ਕਰਦੀਆਂ ਹਨ ਉਹਨਾਂ ਨੂੰ ਘਰ ਛੱਡਣੇ ਨੂੰ ਮਜਬੂਰ ਕਰਦੀਆਂ ਹਨ ਕੁਦਰਤੀ ਆਫਤਾਂ ਕਾਰਨ ਬੇਘਰ ਹੋਣ ਵਾਲਿਆਂ ਦੀ ਗਿਣਤੀ 3.26 ਕਰੋੜ ਰਹੀ ਅਤੇ ਸਾਲ ਦੇ ਅੰਤ ਤੱਕ ਪੱਕੇ ਤੌਰ 'ਤੇ ਲਗਭਗ 87 ਲੱਖ ਲੋਕਾਂ ਦੇ ਘਰ ਤਬਾਹ ਹੋ ਗਏ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ 90 ਫੀਸਦੀ ਆਬਾਦੀ ਹੇਠਲੇ ਅਤੇ ਵਿਚਕਾਰਲੇ ਵਰਗ ਦੇ ਲੋਕਾਂ ਦੀ ਹੈ। ਇਹਨਾਂ ਲੋਕਾਂ ਦੀ ਬਾਂਹ ਵੀ ਗਰੀਬ ਦੇਸ਼ਾਂ ਨੇ ਹੀ ਫੜੀ। ਲਗਭਗ 76 ਫੀਸਦੀ ਸ਼ਰਨਾਰਥੀਆਂ ਨੇ ਇਹਨਾਂ ਦੇਸ਼ਾਂ ਵਿੱਚ ਹੀ ਸ਼ਰਨ ਲਈ। ਪਰ ਇਹਨਾਂ ਦੇਸ਼ਾਂ ਵਿੱਚ ਰਹਿ ਕੇ ਉਹਨਾਂ ਨੂੰ ਨਾ ਸਿਹਤ ਸਹੂਲਤਾਂ ਮਿਲੀਆਂ, ਨਾ ਹੀ ਉਹਨਾਂ ਦੀ ਸਿੱਖਿਆ ਦਾ ਕੋਈ ਪ੍ਰਬੰਧ ਹੋਇਆ, ਨਾ ਰੁਜ਼ਗਾਰ ਮਿਲਿਆ ਅਤੇ ਇਹ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਅਤਿ ਤਰਸਯੋਗ ਹਾਲਾਤਾਂ ਵਿੱਚ ਰਹਿਣ ਲਈ ਮਜ਼ਬੂਰ ਹੋ ਗਏ।

ਅਮੀਰ ਦੇਸ਼ਾਂ ਨੇ ਇਹਨਾਂ ਸ਼ਰਨਾਰਥੀਆਂ ਦੀ ਬਾਂਹ ਨਹੀਂ ਫੜੀ। ਇਥੇ ਕਿਸੇ ਨਾ ਕਿਸੇ ਕਾਰਨ ਪ੍ਰਵਾਸ ਹੰਢਾਉਣ ਲਈ ਸਰਹੱਦਾਂ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਮੌਤ ਦੇ ਮੂੰਹ ਵਿੱਚ ਜਾਣਾ ਪਿਆ। ਉਹ ਏਜੰਟਾਂ ਦੇ ਹੱਥੀ ਚੜ੍ਹੇ ਜਾਂ ਨਿੱਜੀ ਕੋਸ਼ਿਸ਼ਾਂ ਨਾਲ ਸਰਹੱਦਾਂ ਪਾਰ ਕਰਦੇ ਆਪਣੀ ਜਾਨ ਜੋਖ਼ਮ ਵਿੱਚ ਪਾਉਂਦੇ ਰਹੇ।

ਇੰਟਰਨੈਸ਼ਨਲ ਆਰਗਨਾਈਜੇਸ਼ਨ ਫਾਰ ਮਾਈਗਰੇਸ਼ਨ (ਆਈ.ਓ.ਐਮ) ਦੇ ਇੱਕ ਅੰਦਾਜ਼ੇ ਮੁਤਾਬਕ ਸਾਲ 2014 ਤੋਂ ਬਾਅਦ ਅਮਰੀਕਾ ਤੇ ਯੂਰਪ ਸੰਘ ਦੇ ਦੇਸ਼ਾਂ ਵਿੱਚ ਪਹੁੰਚਣ ਦੇ ਚਾਹਵਾਨ 50 ਹਜ਼ਾਰ ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਜਾਂ ਤਾਂ ਮਾਰੇ ਜਾ ਚੁੱਕੇ ਹਨ ਜਾਂ ਜੰਗਲਾਂ, ਸਮੁੰਦਰਾਂ ਵਿੱਚ ਲਾਪਤਾ ਹੋ ਚੁੱਕੇ ਹਨ। ਅਮਰੀਕਾ ਮੈਕਸੀਕੋ ਸਰਹੱਦ 'ਤੇ ਮਨੁੱਖੀ ਤਸਕਰ ਸਰਹੱਦ ਪਾਰ ਕਰਾਉਂਦੇ ਹਨ ਅਤੇ ਇੰਜ ਕਰਦਿਆਂ ਕਰਾਉਂਦਿਆਂ 3000 ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਮੈਕਸੀਕੋ ਸਰਹੱਦਾਂ ਤੇ ਜਾਂ ਮੈਕਸੀਕੋ ਦੇ ਜੰਗਲਾਂ ਵਿੱਚ ਮਾਰੇ ਜਾ ਚੁੱਕੇ ਹਨ।

ਭਾਰਤ ਵਿੱਚ ਘਰੋਂ ਬੇਘਰੇ ਹੋਣ ਦਾ ਮੁੱਖ ਕਾਰਨ ਵਿਕਾਸ ਦੀਆਂ ਪ੍ਰਯੋਜਨਾਵਾਂ ਹਨ। ਕੇਂਦਰ ਅਤੇ ਸੂਬਾ ਸਰਕਾਰ ਵੱਡੇ-ਵੱਡੇ ਹਾਈਵੇਅ, ਦਰਿਆ 'ਤੇ ਬੰਨ, ਬਿਜਲੀ ਪੈਦਾ ਕਰਨ ਲਈ ਡੈਮ ਆਦਿ ਉਸਾਰੀ 'ਤੇ ਜ਼ੋਰ ਦਿੰਦੀਆਂ ਹਨ। ਖਨਣ ਦੀਆਂ ਯੋਜਨਾਵਾਂ ਵੀ ਲੋਕਾਂ ਨੂੰ ਆਪਣੇ ਘਰ ਛੱਡਣ 'ਤੇ ਮਜ਼ਬੂਰ ਕਰਦੀਆਂ ਹਨ।

ਇਹਨਾਂ ਯੋਜਨਾਵਾਂ ਦੇ ਚਲਦਿਆਂ ਦੇਸ਼ ਭਰ ਦੇ ਕੁੱਲ ਪੇਂਡੂ ਖੇਤਰਾਂ ਦੇ 10 ਫੀਸਦੀ ਲੋਕ ਪ੍ਰਭਾਵਿਤ ਹੋ ਰਹੇ ਹਨ। ਉਹਨਾਂ ਦੀਆਂ ਜ਼ਮੀਨਾਂ, ਘਰ ਇਹਨਾਂ ਪ੍ਰਯੋਜਨਾਵਾਂ ਦੀ ਭੇਂਟ ਚੜ੍ਹ ਰਹੀਆਂ ਹਨ। ਵੱਡੀ ਗਿਣਤੀ ਦੇਸ਼ ਦੇ ਜਨਜਾਤੀ ਕਬੀਲਿਆਂ ਨੂੰ ਆਪਣੇ ਮੂਲ ਥਾਵਾਂ ਤੋਂ ਪਲਾਇਨ ਕਰਨਾ ਪਿਆ ਹੈ। ਇਸ ਨਾਲ ਵਾਤਾਵਰਨ ਦਾ ਬੇਤਿਹਾਸ਼ਾ ਵਿਨਾਸ਼ ਹੋ ਰਿਹਾ ਹੈ। ਆਦਿਵਾਸੀਆਂ ਦਾ ਜੀਵਨ ਅਤੇ ਉਪਜੀਵਕਾ ਜੰਗਲ ਦੀ ਸੰਸਕ੍ਰਿਤੀ 'ਤੇ ਨਿਰਭਰ ਕਰਦੀ ਹੈ। ਭਾਵੇਂ ਕਿ ਜੰਗਲਾਂ, ਕਬੀਲਿਆਂ ਦੀ ਸੁਰੱਖਿਆ ਦਾ ਕਾਨੂੰਨ ਓਪਨ ਨਿਵੇਸ਼ ਭੂਮੀ ਅਧਿਗ੍ਰਹਿਣ ਅਧਿਨਿਯਮ 1894 ਦਾ ਕਾਨੂੰਨ ਬਣਿਆ ਹੈ ਪਰ ਉਹ ਵੀ ਵਿਕਾਸ ਦੀ ਅੰਧਾਂ ਧੁੰਦ ਦੌੜ ਦੀ ਭੇਂਟ ਚੜ ਚੁੱਕਾ ਹੈ। ਦਲਿਤ, ਪਛੜੇ ਅਤੇ ਆਦਿ ਵਾਸੀਆਂ ਦੇ ਆਪਣੇ ਮੂਲ ਰਿਵਾਇਤੀ ਢਿੱਡ ਭਰਨ ਦੇ ਢੰਗ ਤਰੀਕੇ ਇਹਨਾਂ ਪ੍ਰਯੋਜਨਾਵਾਂ ਨੇ ਖ਼ਤਮ ਕਰ ਦਿੱਤੇ ਹਨ ਅਤੇ ਇਹਨਾਂ ਜਨਜਾਤੀ ਦੇ ਲੋਕਾਂ ਦੀ ਜ਼ਿੰਦਗੀ ਅਸੁਰੱਖਿਅਤ ਹੋ ਗਈ ਹੈ।

ਦੇਸ਼ ਭਾਰਤ ਵਿੱਚ ਕਈ ਥਾਵਾਂ ਉੱਤੇ ਆਪਸੀ ਸੰਘਰਸ਼ ਅਤੇ ਹਿੰਸਾ ਨਾਲ ਭਗਦੜ ਮੱਚੀ ਹੈ। ਸੂਬਾ ਮਨੀਪੁਰ ਇਸਦੀ ਉਦਾਹਰਨ ਹੈ। ਕੁਝ ਲੋਕ ਗਰੀਬੀ ਤੋਂ ਤੰਗ ਆ ਕੇ ਬਿਹਤਰ ਜ਼ਿੰਦਗੀ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਘਰ ਛੱਡਦੇ ਹਨ।

ਵੱਡੀ ਸਮੱਸਿਆ ਇਹ ਹੈ ਕਿ ਬੇਰੁਜ਼ਗਾਰੀ ਤੋਂ ਪੀੜ੍ਹਤ ਲੋਕ ਕੰਮ ਕਾਜ ਦੀ ਤਲਾਸ਼ 'ਚ ਦੂਜੇ ਸੂਬਿਆਂ ਵੱਲ ਪਲਾਇਨ ਕਰਦੇ ਹਨ। ਬਿਹਾਰ, ਯੂ.ਪੀ. ਆਦਿ ਰਾਜਾਂ ਦੇ ਪ੍ਰਵਾਸੀ ਪੰਜਾਬ, ਹਰਿਆਣਾ, ਦਿੱਲੀ, ਮਹਾਰਾਸ਼ਟਰ ਆਦਿ ਸੂਬਿਆਂ ਵੱਲ ਕੰਮ ਦੀ ਤਲਾਸ਼ 'ਚ ਜਾਂਦੇ ਹਨ ਅਤੇ ਉਥੋਂ ਦੇ ਵਸ਼ਿੰਦੇ ਬਣ ਰਹੇ ਹਨ। ਇਸ ਨਾਲ ਉਥੋਂ ਦੇ ਸਮਾਜ ਉਤੇ ਸਮਾਜਿਕ, ਆਰਥਿਕ, ਰਾਜਨੀਤਕ ਪ੍ਰਭਾਵ ਪਿਆ ਹੈ। ਪੰਜਾਬ, ਹਰਿਆਣਾ, ਗੁਜਰਾਤ ਆਦਿ ਸੂਬਿਆਂ ਤੋਂ ਵੱਡੀ ਗਿਣਤੀ 'ਚ ਲੋਕ ਪ੍ਰਵਾਸ ਦੇ ਰਾਹ ਪਏ ਹਨ। ਜ਼ਮੀਨਾਂ, ਜਾਇਦਾਦਾਂ ਵੇਚਕੇ ਕੈਨੇਡਾ, ਅਮਰੀਕਾ, ਅਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ ਆਦਿ ਦੇਸ਼ਾਂ 'ਚ ਪੱਕੇ ਵਸ਼ਿੰਦੇ ਬਣ ਗਏ ਹਨ ਅਤੇ ਵੱਡੀ ਗਿਣਤੀ ਅਰਬ ਦੇਸ਼ਾਂ ਵੱਲ ਗਏ ਹਨ ਜਾਂ ਜਾ ਰਹੇ ਹਨ। (**ਬਾਕੀ ਸਫ਼ਾ** 31 'ਤੇ)

# ਧਰਮਾਂ ਦੇ ਨਾਮ 'ਤੇ ਦੰਗੇ ਤੇ ਫਿਰਕੂਵਾਦ ਕਿਓਂ ?

ਰਵਿੰਦਰ

ਜੰਗਲੀ ਮਨੁੱਖ ਨੇ ਸੱਭਿਅਕ ਹੋਣ ਵੱਲ ਜਿੰਨੇ ਕਦਮ ਪੁੱਟੇ ਹਨ, ਇਸ ਨੇ ਆਪਣੇ ਵੱਖਰੇ ਕਬੀਲੇ ਸਿਰਜਣ ਵੱਲ ਵੀ ਉਸ ਤੋਂ ਵੱਧ ਕਦਮ ਪੁੱਟੇ ਹਨ। ਜੰਗਲ 'ਚ ਇਸ ਨੂੰ ਜਾਨਵਰਾਂ ਦੇ ਸ਼ਿਕਾਰ ਲਈ ਅਤੇ ਖ਼ੂੰਖਾਰ ਜਾਨਵਰਾਂ ਨੂੰ ਮਾਰਨ ਲਈ ਮਨੁੱਖੀ ਸਮੂਹ ਬਣਾਉਣੇ ਪਏ। ਇੱਕ-ਦੂਸਰੇ ਤੋਂ ਸ਼ਿਕਾਰ ਖੋਹਣ ਲਈ ਸਮੂਹ ਆਪਸ 'ਚ ਵੀ ਲੜਦੇ ਰਹੇ। ਇਨ੍ਹਾਂ ਸਮੂਹਾਂ ਤੋਂ ਹੀ ਵੱਖਰੇ-ਵੱਖਰੇ ਕਬੀਲੇ ਹੋਂਦ 'ਚ ਆਏ। ਸ਼ਾਇਦ ਉਹੀ ਜੰਗਲੀ-ਰੁਚੀ ਸੱਭਿਆ ਸਮਾਜ ਸਿਰਜਣ ਤੋਂ ਬਾਅਦ ਵੀ ਇਸ ਦੇ ਅਵਚੇਤਨ ਦਾ ਹਿੱਸਾ ਬਣੀ ਹੋਈ ਹੈ। ਇਨ੍ਹਾਂ ਕਬੀਲਿਆਂ 'ਚ ਮਜ਼੍ਹਬ, ਧਰਮ, ਜਾਤਪਾਤ ਅਤੇ ਊਚ-ਨੀਚ ਦੀਆਂ ਦੀਵਾਰਾਂ ਉੱਸਰਦੀਆਂ ਗਈਆਂ। ਹਰ ਮਜ਼੍ਹਬ ਦੇ ਆਗੂਆਂ ਨੇ ਆਪਣੇ-ਆਪਣੇ ਕਬੀਲੇ ਦੀ ਵਿਚਾਰਧਾਰਾ ਘੜੀ ਅਤੇ ਸਖ਼ਤ ਨਿਯਮ ਬਣਾਏ, ਸਖ਼ਤੀ ਨਾਲ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਵਾਈ। ਹੌਲੀ-ਹੌਲੀ ਬੰਦੇ ਨੂੰ ਬੰਦਾ ਬਣਾਉਣ ਲਈ ਵੱਖਰੇ-ਵੱਖਰੇ ਧਰਮ ਹੋਂਦ ਵਿੱਚ ਆਏ ਸਨ ਪਰ ਆਪਣੀਆਂ ਸਵਾਰਥੀ ਸੋਚਾਂ ਕਾਰਨ ਬੰਦੇ ਆਪਣੇ ਦਾਇਰਿਆਂ ਵਿੱਚ ਸੀਮਤ ਹੋ ਕੇ ਇਕ-ਦੂਸਰੇ ਨਾਲ ਸਿੰਗ ਫਸਾ ਕੇ ਬੈਠ ਗਏ। ਭਾਵੇਂ ਹਰ ਧਰਮ ਦੀ ਰੂਹ ਇਨਸਾਨੀਅਤ/ ਮਨੁੱਖਤਾ ਅਤੇ ਮਾਨਵਤਾ ਦਾ ਪ੍ਰਚਾਰ ਕਰਦੀ ਹੈ ਪਰ ਧਰਮਾਂ ਦੇ ਪੈਰੋਕਾਰਾਂ ਨੇ ਆਪਣੀ ਜੰਗਲੀ ਰੁਚੀ ਕਾਰਨ ਦੂਸਰੇ ਧਰਮ ਦੇ ਪੀਰਾਂ-ਪੈਗ਼ੰਬਰਾਂ, ਧਾਰਮਿਕ ਗ੍ਰੰਥਾਂ ਅਤੇ ਧਾਰਮਿਕ ਸਥਾਨਾਂ ਨੂੰ ਨੀਚਾ ਵਿਖਾਉਣ ਦੀ ਕੋਸ਼ਿਸ਼ ਕੀਤੀ।

ਇਹੀ ਜੰਗਲੀ ਰੁਚੀ ਹੁਣ ਇਨਸਾਨ ਨੂੰ ਬਹੁਤ ਹੇਠਲੇ ਪੱਧਰ 'ਤੇ ਲੈ ਆਈ ਹੈ। ਕੁਝ ਸਮਾਂ ਪਹਿਲਾਂ ਹਰਿਆਣੇ ਦੇ ਨੂਹ ਸ਼ਹਿਰ ਵਿਖੇ ਦੋ ਮਸਜਿਦਾਂ ਅਤੇ ਦੁਕਾਨਾਂ ਨੂੰ ਅੱਗ ਲਗਾਈ ਗਈ। ਹਰਿਆਣੇ 'ਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਟਕਰਾਅ ਬਹੁਤ ਮੰਦਭਾਗਾਂ ਹੋ ਨਿਬੜਿਆ। ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਵਲੋਂ ਕੱਢੀ ਗਈ ਸ਼ੋਭਾ ਯਾਤਰਾ ਦੌਰਾਨ ਹੋਏ ਦੰਗਿਆ ਦਾ ਸੇਕ ਨੂਹ, ਸੁਹਾਣਾ, ਗੁਰੂਗਰਾਮ ਕਸਬਿਆਂ ਤੋਂ ਹੁੰਦਾ ਹੋਇਆ ਫਰੀਦਾਬਾਦ ਤੱਕ ਪਹੁੰਚਿਆ ਸੀ। ਭੜਕੀ ਭੀੜ ਵਲੋਂ ਇਕ ਖ਼ਾਸ ਫ਼ਿਰਕੇ ਦੀ ਦੁਕਾਨ ਨੂੰ ਅੱਗ ਲਗਾਈ ਗਈ। ਗੁਰੂਗਰਾਮ ਦੇ ਸੈਕਟਰ 56-57 'ਚ ਨਿਰਮਾਣ ਅਧੀਨ ਇਕ ਧਾਰਮਿਕ ਸਥਾਨ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਕੁਝ ਮੌਤਾਂ ਵੀ ਹੋਈਆਂ। ਅਫ਼ਵਾਹ ਇਹ ਸੀ ਕਿ ਮੋਨੂ ਮਾਨੇਸਰ, ਜਿਸ ਉਤੇ ਦੋ ਮੁਸਲਮਾਨਾਂ ਦੀ ਹੱਤਿਆ ਦਾ ਦੋਸ਼ ਲੱਗਿਆ ਹੋਇਆ ਹੈ ਉਹ ਵੀ ਸ਼ੋਭਾ ਯਾਤਰਾ 'ਚ ਆ ਰਿਹਾ ਹੈ ਪਰ ਉਹ ਨਹੀਂ ਆਇਆ। ਮੁਸਲਮਾਨਾਂ ਨੂੰ ਪਹਿਲਾਂ ਹੀ ਉਸ ਨਾਲ ਨਫ਼ਰਤ ਸੀ। ਉਸ ਵਲੋਂ ਦਿੱਤੀਆਂ ਗਈਆਂ ਧਮਕੀਆਂ ਵੀ ਨਫ਼ਰਤ ਦਾ ਕਾਰਨ ਬਣੀਆ। ਮਨੀਪੁਰ 'ਚ ਤਾਂ ਇਹ ਸੰਪਰਦਾਇਕ ਹਿੰਸਾ ਲਗਭਗ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਹੈ।



ਇਹ ਹਿੰਸਾ ਕੁੱਕੀ ਭਾਈਚਾਰੇ ਅਤੇ ਮੈਤੇਈ ਭਾਈਚਾਰੇ 'ਚ ਚੱਲ ਰਹੇ ਟਕਰਾਅ ਕਾਰਨ ਹੈ। ਇਹ ਅੱਗ ਤਾਂ ਲੰਬੇ ਅਰਸੇ ਤੋਂ ਸੁਲਗ ਰਹੀ ਹੈ ਪਰ ਜਦੋਂ ਮੈਤੇਈ ਪੁਰਸ਼ਾਂ ਨੇ ਕੁਕੀ ਭਾਈਚਾਰੇ ਨਾਲ ਸੰਬੰਧਿਤ ਦੋ ਔਰਤਾਂ ਨੂੰ ਨਗਨ ਕਰਕੇ ਸ਼ਰੇਆਮ ਉਨ੍ਹਾਂ ਨਾਲ ਕੁਕਰਮ ਕੀਤੇ ਅਤੇ ਉਨ੍ਹਾਂ ਨੂੰ ਇਸੇ ਹਾਲਤ 'ਚ ਬਾਜ਼ਾਰਾਂ ਵਿੱਚ ਘੁੰਮਾਇਆ ਤਾਂ ਇਹ ਅੱਗ ਭਾਂਬੜ ਬਣ ਗਈ, ਜਿਹੜੀ ਕਿ ਹੁਣ ਬੁਝਣ ਦਾ ਨਾਂਅ ਨਹੀਂ ਲੈ ਰਹੀ। ਹਰ ਰੋਜ਼ ਕੱਟ-ਵੱਢ ਹੋ ਰਹੀ ਹੈ, ਲੋਕ ਮਾਰੇ ਜਾ ਰਹੇ ਹਨ, ਸੈਂਕੜੇ ਲੋਕ ਜ਼ਖਮੀ ਹੋ ਰਹੇ ਹਨ ਪਰ ਸਰਕਾਰਾਂ ਜਾਣਬੁੱਝ ਕੇ ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਇਸ ਹਿੰਸਾ ਨੂੰ ਰੋਕਣ ਵੱਲ ਪੁਖ਼ਤਾ ਕਦਮ ਨਹੀਂ ਉਠਾ ਰਹੀਆਂ। ਇਹ ਵੀ ਦੋਸ਼ ਲੱਗ ਰਹੇ ਹਨ ਕਿ ਸਰਕਾਰਾਂ ਕੁੱਕੀ ਲੋਕਾਂ ਦੇ ਜੰਗਲਾਂ 'ਤੇ ਕਾਰਪੋਰੇਟ ਸੈਕਟਰ ਦਾ ਕਬਜ਼ਾ ਵੀ ਕਰਵਾਉਣਾ ਚਾਹੁੰਦੀਆਂ ਹਨ। ਕੁੱਕੀ ਭਾਈਚਾਰੇ ਦੇ ਮਾਰੇ ਗਏ ਲੋਕਾਂ ਨੂੰ ਦਫ਼ਨਾਉਣ 'ਤੇ ਵੀ ਪਾਬੰਦੀਆਂ ਲੱਗ ਰਹੀਆਂ ਹਨ। ਆਜ਼ਾਦੀ ਤੋਂ ਪਹਿਲਾਂ ਵੀ ਇਹੋ ਜਿਹੇ ਮੰਦਭਾਗੇ ਵਰਤਾਰੇ ਹੁੰਦੇ ਰਹੇ ਹਨ। ਇਸੇ ਲਈ ਸਾਲ 1904 'ਚ ਉਰਦੂ ਦੇ ਉੱਘੇ ਸ਼ਾਇਰ ਮੁਹੰਮਦ ਇਕਬਾਲ ਨੇ ਦੇਸ਼ ਪਿਆਰ ਦੀ ਇੱਕ ਗ਼ਜ਼ਲ 'ਚ ਲਿਖਿਆ ਸੀ, ਮਜ਼੍ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰੱਖਣਾ। ਪਰ ਹੁਣ ਵਰਤਾਰਾ ਇਸ ਦੇ ਉਲਟ ਹੋ ਗਿਆ ਹੈ। ਫਿਰਕੂ ਦੰਗਿਆ ਦਾ ਇਤਿਹਾਸ ਭਾਵੇਂ ਸਾਰੇ ਸੰਸਾਰ 'ਚ ਮਿਲਦਾ ਹੈ ਪਰ ਸਾਡੇ ਮੁਲਕ 'ਚ ਇਨ੍ਹਾਂ ਦਾ ਰੰਗ ਕੁਝ ਜ਼ਿਆਦਾ ਹੀ ਗੂੜਾ ਹੈ। ਭਾਗਲਪੁਰ ਵਿਖੇ ਸੰਨ 1989, ਮਿਤੀ 24 ਅਕਤੂਬਰ ਨੂੰ ਰਾਮ ਸ਼ਿਲਾ ਪੂਜਨ ਸਮੇਂ ਕੱਢੀ ਗਈ ਯਾਤਰਾ ਤੋਂ ਬਾਅਦ ਦੰਗੇ ਭੜਕੇ ਅਤੇ ਹਿੰਦੂ ਮੁਸਲਮਾਨਾਂ 'ਚ ਮਾਰ-ਧਾੜ ਸ਼ੁਰੂ ਹੋਈ, ਜਿਹੜੀ ਕਿ ਦੋ ਮਹੀਨੇ ਚਲਦੀ ਰਹੀ। ਸ਼ੁਰੂ 'ਚ ਹੀ 27 ਅਕਤੂਬਰ, 1989 ਨੂੰ 116 ਲੋਕਾਂ ਨੂੰ ਮਾਰ ਕੇ ਖੇਤਾਂ 'ਚ ਦਫ਼ਨਾ ਕੇ ਉਪਰ ਗੋਭੀ ਬੀਜ ਦਿੱਤੀ ਗਈ। ਇਨ੍ਹਾਂ ਦੰਗਿਆਂ 'ਚ ਲਗਭਗ 1062 ਲੋਕਾਂ ਦੀ ਮੌਤ ਹੋਈ। ਇਸੇ ਤਰ੍ਹਾਂ ਗੁਜਰਾਤ 'ਚ ਗੋਧਰਾ ਕਾਂਡ ਤੋਂ ਬਾਅਦ ਸੰਨ 2002 ਵਿੱਚ ਦੰਗੇ ਭੜਕੇ, ਜਿਸ 'ਚ 790 ਮੁਸਲਮਾਨ ਅਤੇ 254 ਹਿੰਦੂ ਮਾਰੇ ਗਏ। ਗੁਜਰਾਤ 'ਚ 1969 ਈ: ਸਤੰਬਰ 'ਚ ਵੀ ਇਨ੍ਹਾਂ ਦੋਵੇ ਫ਼ਿਰਕਿਆਂ 'ਚ ਦੰਗੇ ਭੜਕੇ ਸਨ; ਕਿਉਂਕਿ ਮੁਸਲਿਮ ਲੋਕਾਂ ਨੇ ਕੁਝ ਹਿੰਦੂ ਸਾਧੂਆਂ 'ਤੇ ਹਮਲਾ ਕਰ ਦਿੱਤਾ ਸੀ ਅਤੇ ਇੱਕ ਮੰਦਰ ਨੂੰ ਨੁਕਸਾਨ ਪਹੁੰਚਾਇਆ ਸੀ। ਇਸ ਤੋਂ ਬਾਅਦ ਹਿੰਦੂਆਂ ਨੇ ਮੁਸਲਿਮ ਦਰਗਾਹ 'ਤੇ ਹਮਲਾ ਕਰ ਕੇ ਬੰਦੇ ਮਾਰ ਦਿੱਤੇ ਸਨ। ਇਨ੍ਹਾਂ ਦੰਗਿਆਂ 'ਚ ਦੋਵੇਂ ਧਿਰਾਂ ਦੇ ਤਕਰੀਬਨ 512 ਲੋਕ ਮਾਰੇ ਗਏ ਸਨ, ਜਿਨ੍ਹਾਂ 'ਚ 430 ਮੁਸਲਿਮ ਸਨ। ਹਜ਼ਾਰਾਂ ਲੋਕ ਜ਼ਖ਼ਮੀ ਹੋਏ ਸਨ ਅਤੇ 48000 ਲੋਕਾਂ ਦੀ ਜਾਇਦਾਦ ਤਬਾਹ ਹੋਈ ਸੀ। ਕਲਕੱਤਾ ਵਿਖੇ ਸੰਨ 1946 'ਚ 16 ਅਗਸਤ ਤੋਂ 19 ਅਗਸਤ ਤੱਕ ਹਿੰਦੂਆਂ ਤੇ ਮੁਸਲਮਾਨਾਂ 'ਚ ਭੇੜ ਹੁੰਦਾ ਰਿਹਾ। ਇੱਕ ਅੰਦਾਜ਼ੇ ਮੁਤਾਬਿਕ ਇਨ੍ਹਾਂ ਚਾਰ ਦਿਨਾਂ 'ਚ 5000 ਲੋਕ ਮਾਰੇ ਗਏ ਅਤੇ 15000 ਜ਼ਖਮੀ ਹੋਏ ਸਨ। ਜੰਮੂ-ਕਸ਼ਮੀਰ 'ਚ ਵੀ ਪੈਦਾ ਹੋਈ ਮਿਲੀਟੈਂਸੀ ਦੇ ਕਾਰਨ ਬਹੁਤ ਸਾਰੇ ਦੰਗੇ ਹੁੰਦੇ ਰਹੇ। ਇਹ ਵੀ ਮਜ਼੍ਹਬਾਂ ਦਾ ਵਿਕਰਾਲ ਰੂਪ ਹੀ ਸੀ। ਇਸ ਕਾਰਨ ਸੰਨ 1990 'ਚ ਤਕਰੀਬਨ 177 ਹਿੰਦੂ ਅਤੇ 679 ਮੁਸਲਿਮ ਮਾਰੇ ਗਏ। ਸੰਨ 1991 'ਚ 34 ਹਿੰਦੂ ਅਤੇ 549 ਮੁਸਲਿਮ ਜਾਨੋਂ ਗਏ। ਸੰਨ 1992 'ਚ 67 ਹਿੰਦੂ ਅਤੇ 747 ਮੁਸਲਿਮ ਜਾਨ ਤੋਂ ਹੱਥ ਧੋ ਬੈਠੇ। ਸੰਨ 1993 'ਚ 88 ਹਿੰਦੂ ਅਤੇ 891 ਮੁਸਲਿਮ ਮਾਰੇ ਗਏ। ਦੋਵਾਂ ਧਰਮਾਂ 'ਚ ਅਜੇ ਵੀ ਖਿੱਚੋਤਾਣ ਚਲਦੀ ਰਹਿੰਦੀ ਹੈ ਅਤੇ ਇੱਕ-ਦੂਜੇ ਦੇ ਬੰਦੇ ਮਰਦੇ ਰਹਿੰਦੇ ਹਨ। ਸੰਨ 1984 'ਚ ਦਿੱਲੀ ਦੰਗਿਆਂ ਵਿੱਚ ਸਿੱਖ ਭਾਈਚਾਰੇ ਨਾਲ ਸੰਬੰਧਿਤ ਲਗਭਗ 3000 ਲੋਕ ਮਾਰ ਦਿੱਤੇ ਗਏ ਅਤੇ ਹੋਰ 40 ਸ਼ਹਿਰਾਂ 'ਚ ਵੀ ਅੰਦਾਜ਼ਨ ਹਜ਼ਾਰਾਂ ਲੋਕਾਂ ਨੂੰ ਜ਼ਿੰਦਗੀ ਤੋਂ ਹੱਥ ਧੋਣੇ ਪਏ। ਇਹ ਵੀ ਇਕ ਕਿਸਮ ਦਾ ਮਜ਼੍ਹਬੀ ਵਰਤਾਰਾ ਸੀ। ਇਸੇ ਤਰ੍ਹਾਂ ਦਿੱਲੀ ਦੇ ਸ਼ਾਹੀਨ ਬਾਗ 'ਚ ਮੁਸਲਿਮ ਔਰਤਾਂ ਵਲੋਂ ਦਿੱਤਾ ਗਿਆ ਧਰਨਾ ਭਾਵੇਂ ਸੀ.ਏ.ਏ, ਐਨ.ਆਰ.ਸੀ. ਅਤੇ ਐਨ.ਪੀ.ਆਰ. ਐਕਟਾਂ ਦੇ ਖ਼ਿਲਾਫ਼ ਸੀ ਪਰ ਡੂੰਘਾਈ ਵਿੱਚ ਵੇਖਿਆ ਮਹਿਸੂਸ ਹੁੰਦਾ ਹੈ ਕਿ ਇਹ ਅੰਦੋਲਨ ਵੀ ਮਜ਼੍ਹਬੀ ਧੱਕੇਸ਼ਾਹੀ ਖ਼ਿਲਾਫ਼ ਹੀ ਸੀ, ਕਿਉਂਕਿ ਇਸ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਵੀ ਲਗਭਗ ਇਕੋ ਮਜ਼੍ਹਬ ਨਾਲ ਸੰਬੰਧ ਰੱਖਦੀਆ ਸਨ।ਬਹੁਤ ਸਾਰੇ ਦੇਸ਼ਾਂ ਦੀ ਵੰਡ ਵੀ ਮਜ਼੍ਹਬ ਦੇ ਆਧਾਰ 'ਤੇ ਹੀ ਹੋਈ, ਜਿਵੇਂ ਕਿ ਹਿੰਦੋਸਤਾਨ ਤੇ ਪਾਕਿਸਤਾਨ। ਇਨ੍ਹਾਂ ਦੋਹਾਂ ਮੁਲਕਾਂ ਦੀ ਵੰਡ ਨੇ ਤਕਰੀਬਨ ਦਸ ਲੱਖ ਤੋਂ ਵੱਧ ਭਾਰਤੀ ਨਿਗਲ ਲਏ, ਹਜ਼ਾਰਾਂ ਔਰਤਾਂ ਦੀ ਬੇਪੱਤੀ ਹੋਈ, ਹਜ਼ਾਰਾਂ ਯਤੀਮ ਹੋਏ, ਕਰੋੜਾਂ ਦੀਆਂ ਜਾਇਦਾਦਾਂ ਤਬਾਹ ਹੋਈਆਂ ਅਤੇ ਦੋਵੇਂ ਖਿੱਤਿਆਂ ਦੇ ਸਾਂਝੇ ਸਭਿਆਚਾਰਕ ਵਿਰਸੇ ਬਿਖਰ ਗਏ।

ਦੋਵੇਂ ਦੇਸ਼ਾਂ ਦੀ ਆਰਥਿਕ ਹਾਲਤ ਵੀ ਬੁਰੀ ਤਰ੍ਹਾਂ ਪਤਲੀ ਪੈ ਗਈ, ਜਿਸ ਨੂੰ ਸੁਧਾਰਨ ਲਈ ਅਜੇ ਤੱਕ (**ਬਾਕੀ ਸਫ਼ਾ** 31 'ਤੇ)

# ਭਾਰਤੀ ਯੂਨੀਵਰਸਿਟੀਆਂ ’ਚ ਅਕਾਦਮਿਕ ਸੁਤੰਤਰਤਾ ਨੂੰ ਦਰਪੇਸ਼ ਖ਼ਤਰੇ



ਰਣਜੀਤ ਸਿੰਘ ਕੁੱਕੀ ਗਿੱਲ

ਭਾਰਤੀ ਯੂਨੀਵਰਸਿਟੀਆਂ ਵਿੱਚ ਅਕਾਦਮਿਕ ਸੁਤੰਤਰਤਾ ਦੀ ਭਾਵਨਾ ਖਤਰੇ ਵਿੱਚ ਹੈ ਕਿਉਂਕਿ ਅਜੋਕੇ ਸਮੇਂ ਵਿੱਚ ਵਾਪਰੀਆਂ ਘਟਨਾਵਾਂ ਦੀ ਲੜੀ ਇਹੀ ਦਰਸਾਉਂਦੀ ਹੈ। ‘ਅਧਿਕਾਰਤ’ ਸੱਚ ਵਿੱਚ ਮਾਮੂਲੀ ਜਿਹੀ ਅਸਪਸ਼ਟਤਾ ਨੂੰ ਵੀ ਪ੍ਰਗਟ ਕਰਨਾ ਔਖਾ ਹੁੰਦਾ ਜਾ ਰਿਹਾ ਹੈ।ਅਕਾਦਮਿਕ ਆਜ਼ਾਦੀ ਅਕਾਦਮਿਕ ਭਾਈਚਾਰੇ ਦੇ ਮੈਂਬਰਾਂ ਦੀ, ਵਿਅਕਤੀਗਤ ਜਾਂ ਸਮੂਹਿਕ ਤੌਰ ’ਤੇ, ਖੋਜ, ਅਧਿਆਪਨ, ਅਧਿਐਨ, ਵਿਚਾਰ-ਵਟਾਂਦਰੇ, ਦਸਤਾਵੇਜ਼ਾਂ, ਉਤਪਾਦਨ, ਰਚਨਾ ਅਤੇ / ਜਾਂ ਲਿਖਤ ਦੁਆਰਾ ਗਿਆਨ ਅਤੇ ਵਿਚਾਰਾਂ ਨੂੰ ਅੱਗੇ ਵਧਾਉਣ, ਵਿਕਸਤ ਕਰਨ ਅਤੇ ਸੰਚਾਰਿਤ ਕਰਨ ਦੀ ਆਜ਼ਾਦੀ ਹੈ। ਅਕਾਦਮਿਕ ਆਜ਼ਾਦੀ

ਦਾ ਸੰਕਲਪ ਇਸ ਵਿਚਾਰ ’ਤੇ ਅਧਾਰਤ ਹੈ ਕਿ ਚੰਗੀ ਸਿੱਖਿਆ ਲਈ ਕੈਂਪਸ ਵਿੱਚ ਵਿਚਾਰਾਂ ਦਾ ਮੁਫਤ ਅਦਾਨ-ਪ੍ਰਦਾਨ ਜ਼ਰੂਰੀ ਹੈ। ਅਕਾਦਮਿਕ ਆਜ਼ਾਦੀ ਇਸ ਸਿਧਾਂਤ ਨੂੰ ਦਰਸਾਉਂਦੀ ਹੈ ਕਿ ਵਿਦਵਾਨਾਂ ਅਤੇ ਖੋਜਕਰਤਾਵਾਂ ਨੂੰ ਆਪਣੀ ਖੋਜ ਨੂੰ ਅੱਗੇ ਵਧਾਉਣ ਅਤੇ ਸਰਕਾਰ, ਨਿੱਜੀ ਸੰਸਥਾਵਾਂ, ਜਾਂ ਹੋਰ ਬਾਹਰੀ ਸੰਸਥਾਵਾਂ ਦੇ ਦਖਲ, ਸੈਂਸਰਸ਼ਿਪ, ਜਾਂ ਬਦਲੇ ਤੋਂ ਬਿਨਾਂ ਆਪਣੀਆਂ ਖੋਜਾਂ ਨੂੰ ਪ੍ਰਗਟ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਇਹਨਾਂ ਅਧਿਕਾਰਾਂ ਵਿੱਚ ਕੇਂਦਰੀ ਆਜ਼ਾਦੀ ਹੈ, ਕਾਨੂੰਨ ਦੇ ਦਾਇਰੇ ਅੰਦਰ ਜੋ ਉਹਨਾਂ ਨੂੰ ਜਾਂਚ ਦੇ ਫਲਦਾਇਕ ਮੌਕਿਆਂ ਦੇ ਰੂਪ ਵਿੱਚ ਜਾਪਦਾ ਹੈ, ਉਸਨੂੰ ਸਿਖਾਉਣ ਅਤੇ ਬਾਹਰੀ ਜਾਂ ਗੈਰ-ਅਕਾਦਮਿਕ ਰੁਕਾਵਟਾਂ ਦੁਆਰਾ ਬਿਨਾਂ ਕਿਸੇ ਰੁਕਾਵਟ ਦੇ ਸਿੱਖਣ ਅਤੇ ਸਿੱਖਣ ਦੀ ਅਤੇ ਕਿਸੇ ਵੀ ਰਾਏ ਦੇ ਪੂਰੇ ਅਤੇ ਅਪ੍ਰਬੰਧਿਤ ਵਿਚਾਰ ਵਿੱਚ ਸ਼ਾਮਲ ਹੋਣ ਦੀ ਆਜ਼ਾਦੀ ਹੈ।

2 014 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ, ਭਾਰਤ ਦਾ ਹਿੰਦੂ ਰਾਸ਼ਟਰਵਾਦੀ ਸ਼ਾਸਨ ਰਾਜਨੀਤਿਕ ਅਤੇ ਅਕਾਦਮਿਕ ਅਜ਼ਾਦੀ ਦੇ ਸਥਾਨਾਂ ਨੂੰ ਲਗਾਤਾਰ ਸੁੰਗੜਾਈ ਜਾ ਰਿਹਾ ਹੈ। ਇਸ ਦੀਆਂ ਨਵੀਨਤਮ ਚਾਲਾਂ ਆਲੋਚਨਾਤਮਕ ਆਵਾਜ਼ਾਂ ਨੂੰ ਚੁੱਪ ਕਰਾਉਣ ਅਤੇ ਇਤਿਹਾਸ ਅਤੇ ਸਮਾਜ ਬਾਰੇ ਇਸ ਦੇ ਤੰਗ

ਵਿਚਾਰਾਂ ਨੂੰ ਅੱਗੇ ਵਧਾਉਣ ਲਈ ਨਿਰੰਤਰ ਰੁਝਾਨ ਨੂੰ ਦਰਸਾਉਂਦੀਆਂਹਨ ਫ੍ਰਟ੍ਰ;ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਭਾਰਤ ਇੱਕ ਅਜਿਹਾ ਵਰਣਨ ਹੈ ਜਿਸ ਨੂੰ ਵਿਸ਼ਵ ਪ੍ਰੈਸ ਬਹੁਤ ਸ਼ੌਕ ਨਾਲ ਵਰਤਦੀ ਹੈ। ਇਹ ਇੱਕ ਅਜਿਹਾ ਦੁਹਰਾਓ ਹੈ ਜੋ ਲੰਬੇ ਸਮੇਂ ਤੋਂ ਆਪਣੀ ਪ੍ਰਸੰਗਿਕਤਾ ਤੋਂ ਬਾਹਰ ਹੈ, ਪਰ ਇਸਦਾ ਬਾਅਦ ਵਾਲਾ ਜੀਵਨ ਇੱਕ ਲੋਕਤੰਤਰ ਵਿਰੋਧੀ ਹਿੰਦੂ ਕੱਟੜਪੰਥੀ ਸਰਕਾਰ ਲਈ ਬਹੁਤ ਮਹੱਤਵ ਵਾਲਾ ਰਿਹਾ ਹੈ। 15 ਜਨਵਰੀ 2021 ਨੂੰ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ ਇੱਕ ਨੌਕਰਸ਼ਾਹੀ ਨੋਟਿਸ ਵਿੱਚ ਦੱਸਿਆ ਗਿਆ ਹੈ ਕਿ ਸਰਕਾਰੀ ਫੰਡ ਪ੍ਰਾਪਤ ਸੰਸਥਾਵਾਂ ਵਿੱਚ ਜਾਂ ਉਹਨਾਂ ਦੀ

ਭਾਗੀਦਾਰੀ ਨਾਲ ਹੋਣ ਵਾਲੇ ਸਾਰੇ ਔਨਲਾਈਨ ਅਕਾਦਮਿਕ ਸਮਾਗਮਾਂ ਜਾਂ ਕਾਨਫਰੰਸਾਂ ਨੂੰ ਪੂਰਵ ਪ੍ਰਵਾਨਗੀ ਦੇ ਅਧੀਨ ਹੋਣਾ ਚਾਹੀਦਾ ਹੈ ਅਤੇ ਮੰਤਰਾਲੇ ਕੋਲ ਰਜਿਸਟਰਡ ਹੋਣਾ ਚਾਹੀਦਾ ਹੈ। ਵਿਦੇਸ਼ ਮਾਮਲਿਆਂ ਬਾਰੇ, ਇਸ ਦਾ ਪ੍ਰੋਗਰਾਮ ਮੰਤਰਾਲੇ ਦੁਆਰਾ ਪ੍ਰਦਾਨ ਕੀਤੀ ਇੱਕ ਔਨਲਾਈਨ ਸਾਈਟ ’ਤੇ ਅਪਲੋਡ ਕੀਤਾ ਗਿਆ ਹੈ। ਮੀਟਿੰਗਾਂ ਅੰਦਰੂਨੀ ਮਾਮਲਿਆਂ, ਸੰਵੇਦਨਸ਼ੀਲ ਮੁੱਦਿਆਂ ਜਾਂ ਰਾਸ਼ਟਰੀ ਸੁਰੱਖਿਆ ਦੇ ਮਾਮਲਿਆਂ ’ਤੇ ਚਰਚਾ ਨਹੀਂ ਕਰ ਸਕੀਆਂ। ਨੋਟਿਸ ਦਾ ਵਾਕੰਸ਼ ਅਸਪਸ਼ਟ ਅਤੇ ਸਭ ਨੂੰ ਸ਼ਾਮਲ ਕਰਨ ਵਾਲਾ ਸੀ, ਪਰ ਇਹ ਸਪੱਸ਼ਟ ਸੀ ਕਿ ਅਨੁਪਾਤਕ ਲਚਕਤਾ ਅਤੇ ਸੌਖ ਜਿਸ ਨਾਲ ਅਕਾਦਮਿਕ ਅਤੇ

ਬੌਧਿਕ ਸਹਿਯੋਗ ਬਿਨਾਂ ਬਜਟ ਦੇ ਔਨਲਾਈਨ ਹੋ ਸਕਦਾ ਹੈ ਅਤੇ ਯਾਤਰਾ ਦੀ ਜ਼ਰੂਰਤ ਭਾਰਤ ਸਰਕਾਰ ਲਈ ਚਿੰਤਾ ਦਾ ਵਿਸ਼ਾ ਸੀ।

ਅਮਰੀਕਨ ਹਿਸਟੋਰੀਕਲ ਐਸੋਸੀਏਸ਼ਨ, ਪ੍ਰਤੀਕਿਰਿਆ ਕਰਨ ਵਾਲੀ ਪਹਿਲੀ ਪੇਸ਼ੇਵਰ ਅਕਾਦਮਿਕ ਐਸੋਸੀਏਸ਼ਨਾਂ ਵਿੱਚੋਂ ਇੱਕ ਨੇ ਕਿਹਾ ਕਿ ਦਿਸ਼ਾ-ਨਿਰਦੇਸ਼ਾਂ ਵਿੱਚ ਭਾਰਤ ਦੇ ਵਿਦਵਾਨਾਂ ਲਈ ਦਿਲਚਸਪੀ ਦੇ ਜ਼ਿਆਦਾਤਰ ਵਿਸ਼ੇ ਸ਼ਾਮਲ ਹਨ। ਦੁਨੀਆ



ਭਰ ਦੀਆਂ ਹੋਰ ਅਕਾਦਮਿਕ ਐਸੋਸੀਏਸ਼ਨਾਂ ਨੇ ਚਿੰਤਾ ਦੇ ਪ੍ਰਗਟਾਵੇ ਲਈ ਆਪਣੀਆਂ ਆਵਾਜ਼ਾਂ ਸ਼ਾਮਲ ਕੀਤੀਆਂ ਹਨ। ਭਾਰਤ ਵਿੱਚ ਸਹਿਕਰਮੀਆਂ ਨੇ ਸਹਿਮਤੀ ਪ੍ਰਗਟਾਈ ਕਿ ਨਵੇਂ ਦਿਸ਼ਾ-ਨਿਰਦੇਸ਼ਾਂ ਨੇ ਪ੍ਰੀ-ਸੈਂਸਰ ਕੀਤੇ ਬਿਨਾਂ ਜਾਂ ਸਾਥੀਆਂ ਨੂੰ ਬਦਲਾ ਲੈਣ ਦੇ ਜੋਖਮ ਵਿੱਚ ਰੱਖੇ ਬਿਨਾਂ ਕਿਸੇ ਵੀ ਚੀਜ਼ ’ਤੇ ਚਰਚਾ ਕਰਨਾ ਲਗਭਗ ਅਸੰਭਵ ਬਣਾ ਦਿੱਤਾ ਹੈ। ਬਾਅਦ ਵਿੱਚ ਆਏ ਇੱਕ ਨੋਟਿਸ ਰਾਹੀ ਨਵੇਂ ਦਿਸ਼ਾ-ਨਿਰਦੇਸ਼ਾਂ ਨੂੰ ਵਾਪਸ ਲੈ ਲਿਆ ਹੈ, ਪਰ

ਮੰਤਰਾਲੇ ਦੇ ਨਿਯੰਤਰਣ ਦੀ ਜ਼ਰੂਰਤ ਨੂੰ ਦੁਹਰਾਇਆ। ਲੋਕ ਉਸ ਪਲ ਨੂੰ ਯਾਦ ਕਰਦੇ ਹਨ ਜਦੋਂ 1975 ਤੋਂ 1977 ਤੱਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਬਦਨਾਮ ਐਮਰਜੈਂਸੀ ਦੌਰਾਨ ਪਹਿਲਾਂ ਸਿਆਸੀ ਅਤੇ ਅਕਾਦਮਿਕ ਆਜ਼ਾਦੀਆਂ ’ਤੇ ਹਮਲੇ ਹੋਏ ਸਨ। ਬਹੁਤੇ ਹੁਣ ਇਸ ਗੱਲ ਨਾਲ ਸਹਿਮਤ ਹੋਣਗੇ ਕਿ 2014 ਤੋਂ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਅਕਾਦਮਿਕ ਅਤੇ ਬੁੱਧੀਜੀਵੀਆਂ ਦੀਆਂ ਆਜ਼ਾਦੀਆਂ ’ਤੇ ਹਮਲੇ, ਆਪਣੇ ਆਪ ਵਿੱਚ ਬਹੁਤ ਬੇਮਿਸਾਲ ਹਨ।

ਭਾਰਤ ਦੀ ਅਕਾਦਮਿਕ ਪ੍ਰਣਾਲੀ ਨੇ, ਕੁਦਰਤੀ ਵਿਗਿਆਨ ਅਤੇ ਸਮਾਜਿਕ ਵਿਗਿਆਨ ਅਤੇ ਹਿਊਮੈਨਟੀਜ਼ ਦੋਵਾਂ ਵਿੱਚ, ਸਰੋਤਾਂ ਦੀ ਘਾਟ ਹੋਣ ਅਤੇ ਕਈ ਵਾਰ ਉਪ-ਅਨੁਕੂਲ ਸਥਿਤੀਆਂ ਵਿੱਚ ਕੰਮ ਕਰਨ ਦੇ ਬਾਵਜੂਦ, ਵਿਸ਼ਵ-ਮਿਆਰੀ ਖੋਜ ਪੈਦਾ ਕੀਤੀ ਹੈ। ਪਰ ਅਕਾਦਮਿਕ ਸੁਤੰਤਰਤਾ ਦੇ ਸੂਚਕਾਂਕ ਦੇ ਰੂਪ ਵਿੱਚ ਕੰਮ ਦੀ ਗੁਣਵੱਤਾ ਦੇ ਮਾਮਲੇ ਵਿੱਚ ਇਸਦੀ ਭਰੋਸੇਯੋਗਤਾ ਨੂੰ ਨਵੇਂ ਸ਼ਾਸਨ ਵਿੱਚ ਨੁਕਸਾਨ ਪਹੁੰਚਿਆ ਹੈ। ਭਾਰਤੀ ਅਕਾਦਮਿਕਤਾ ਦੀਆਂ ਢਾਂਚਾਗਤ ਸਮੱਸਿਆਵਾਂ ਅਤੇ ਸੰਸਥਾਗਤ ਅਸਫਲਤਾਵਾਂ ਨੂੰ ਸ਼ਾਸਨ ਦੁਆਰਾ ਹੋਰ ਵਧਾ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਸਟਾਫ਼ ਅਤੇ ਵਿਦਿਆਰਥੀਆਂ ਦੇ ਸਿਆਸੀ ਵਿਵਹਾਰ ਨੂੰ ਕੰਟਰੋਲ ਕਰਨ ਦੇ ਉਦੇਸ਼ ਨਾਲ ਅਤੇ ਅਕਾਦਮਿਕ ਮਿਆਰਾਂ ਦੀ ਪੂਰੀ ਤਰ੍ਹਾਂ ਅਣਦੇਖੀ ਦੇ ਨਾਲ ਪਾਰਟੀ ਦੇ ਅਯੋਗ ਲੋਕਾਂ ਨੂੰ ਵਾਈਸ-ਚਾਂਸਲਰਸ਼ਿਪਾਂ ’ਤੇ ਨਿਯੁਕਤ ਕੀਤਾ ਗਿਆ ਹੈ। ਸਰਕਾਰੀ ਜਾਂ ਸਰਕਾਰੀ ਫੰਡ ਵਾਲੀਆਂ ਯੂਨੀਵਰਸਿਟੀਆਂ ਵਧੇਰੇ ਸਿੱਧੇ ਤੌਰ ’ਤੇ ਪ੍ਰਭਾਵਿਤ ਹੁੰਦੀਆਂ ਹਨ, ਪਰ ਪ੍ਰਾਈਵੇਟ ਯੂਨੀਵਰਸਿਟੀਆਂ ਜੋ ਨਵੇਂ ਭਾਰਤ ਵਿੱਚ ਕੰਮ ਕਰਨਾ ਜਾਰੀ ਰੱਖਣਾ ਚਾਹੁੰਦੀਆਂ ਹਨ ਜਾਂ ਤਾਂ ਸਵੈ-ਸੈਂਸਰ ਕਰਦੀਆਂ ਹਨ ਜਾਂ ਅਨੁਕੂਲਤਾ ਲਈ ਮਜਬੂਰ ਹੁੰਦੀਆਂ ਹਨ ਕਿਤੇ ਉਹ ਸਰਕਾਰ ਨਾਲ ਮੁਸੀਬਤ ਵਿੱਚ ਨਾ ਪੈ ਜਾਣ। ਯੂਨੀਵਰਸਿਟੀ ਪੱਧਰ ’ਤੇ ਸਥਾਈ

ਅਸਾਮੀਆਂ ਵਿੱਚ ਮਹੱਤਵਪੂਰਨ ਕਮੀ ਆਈ ਹੈ, ਅਤੇ ਪਾਰਟ-ਟਾਈਮ ਅਧਿਆਪਕਾਂ ਦਾ ਸਹਾਰਾ ਲਿਆ ਜਾ ਰਿਹਾ ਹੈ ਅਤੇ ਪਾਰਟੀ ਦੇ ਵਫਾਦਾਰਾਂ ਨੂੰ ਨਵੀਂ ਨਿਯੁਕਤੀਆਂ ਸੌਂਪੀਆਂ ਗਈਆਂ ਹਨ। ਪਿਛੜੇ ਹੋਏ ਆਰਥਿਕ ਜਾਂ ਜਾਤੀ ਪਿਛੋਕੜ ਵਾਲੇ ਲੋਕਾਂ ਲਈ ਹੌਲੀ-ਹੌਲੀ ਹਾਂ-ਪੱਖੀ ਕਾਰਵਾਈ ਦੀ ਨੀਤੀ ’ਤੇ

ਹਮਲੇ ਕੀਤੇ ਜਾ ਰਹੇ ਹਨ ਅਤੇ ਅਜਿਹੀਆਂ ਨੀਤੀਆਂ ਦੇ ਸੀਮਤ ਲਾਭਾਂ ਨੂੰ ਪਿੱਛੇ ਧੱਕਿਆ ਜਾ ਰਿਹਾ ਹੈ।

ਇਹ ਸਪੱਸ਼ਟ ਹੈ ਕਿ ਇਸ ਸੰਕਟਮਈ ਸਮਿਆਂ ਵਿੱਚ, ਜਦੋਂ ਸੱਤਾ ਦਾ ਜ਼ੁਲਮ ਸਾਰੀਆਂ ਵਿਕਲਪਕ ਆਵਾਜ਼ਾਂ ’ਤੇ ਸ਼ੱਕ ਕਰਦਾ ਹੈ, ਸਾਡੇ ਵਿਦਿਅਕ ਅਦਾਰੇ ਵਿਦਵਤਾਤਮਕ ਬਹਿਸ, ਸੰਵਾਦ ਅਤੇ ਬੌਧਿਕ ਪ੍ਰਤੀਯੋਗਤਾ ਦੇ ਸਿਰਜਣਾਤਮਕ ਸਥਾਨਾਂ ਦੇ ਰੂਪ ਵਿੱਚ ਸੁਰੱਖਿਅਤ ਨਹੀਂ ਰਹਿ ਸਕਦੇ ਹਨ। ਕੋਈ ਹੈਰਾਨੀ ਦੀ ਗੱਲ ਨਹੀਂ, ਅਕਾਦਮਿਕ ਆਜ਼ਾਦੀ ਦੀ ਭਾਵਨਾ, ਜਿਵੇਂ ਕਿ ਅਜੋਕੇ ਸਮੇਂ ਦੀਆਂ ਘਟਨਾਵਾਂ ਦੀ ਲੜੀ ਦਰਸਾਉਂਦੀ ਹੈ, ਖ਼ਤਰੇ ਵਿੱਚ ਹੈ। ‘ਅਧਿਕਾਰਤ’ ਸੱਚ ਵਿੱਚ ਮਾਮੂਲੀ ਜਿਹੀ ਅਸਪਸ਼ਟਤਾ ਨੂੰ ਵੀ ਪ੍ਰਗਟ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਉਦਾਹਰਨ ਲਈ, ਆਈਆਈਟੀ- ਬੰਬੇ ਵੱਲੋਂ ਇਜ਼ਰਾਈਲ-ਫਲਸਤੀਨ ਸੰਘਰਸ਼ ’ਤੇ ਪ੍ਰੋ ਅਚਿਨ ਵਨਾਇਕ ਦੀ ਪ੍ਰਸਤਾਵਿਤ ਗੱਲਬਾਤ ਨੂੰ ਰੱਦ ਕਰ ਦਿੱਤਾ ਗਿਆ ; ਜਾਂ ਇਸ ਸੰਸਥਾ ਦੇ ਕੁਝ ਵਿਦਿਆਰਥੀਆਂ ਦੁਆਰਾ ਇੱਕ ਡਾਕੂਮੈਂਟਰੀ ਫਿਲਮ, ਅਰਨਾਜ਼ ਚਿਲਡਰਨ ਦੀ ਸਕ੍ਰੀਨਿੰਗ ਲਈ ਇੱਕ ਪ੍ਰੋਫੈਸਰ ਅਤੇ ਇੱਕ ਗੈਸਟ ਲੈਕਚਰਾਰ ਦੇ ਖ਼ਿਲਾਫ਼ ਪੁਲਿਸ ਸ਼ਿਕਾਇਤ ਦਰਜ ਕਰਵਾਈ ਗਈ ਹੈ। ਇਹ ਦੁੱਖ ਦੀ ਗੱਲ ਹੈ ਕਿ ਆਪਣੇ ਪ੍ਰੋਫੈਸਰ ਜਾਂ ਗੈਸਟ ਸਪੀਕਰ ਨਾਲ ਜਾਣਕਾਰੀ ਭਰਪੂਰ ਅਤੇ ਅਕਾਦਮਿਕ ਤੌਰ ’ਤੇ ਭਰਪੂਰ ਗੱਲਬਾਤ ਕਰਨ ਦੀ ਬਜਾਏ, ਉਨ੍ਹਾਂ ਨੇ ਸਮੁੱਚੀ ਅਕਾਦਮਿਕ ਅਭਿਆਸ ਨੂੰ ਹਮਾਸ ਅਤੇ ਅੱਤਵਾਦੀਆਂ ਦੇ ਸਮਰਥਨ ਵਜੋਂ ਦੇਖਿਆ।

ਇੱਕ ਹੋਰ ਘਟਨਾ ਵਿੱਚ, ਹਰਿਆਣਾ ਵਿੱਚ ਓਪੀ ਜਿੰਦਲ ਗਲੋਬਲ ਯੂਨੀਵਰਸਿਟੀ ਨੇ ਪ੍ਰੋਫੈਸਰ ਵਿਨਾਇਕ ਨੂੰ ਫਲਸਤੀਨ ਦੇ ਇਤਿਹਾਸ ਬਾਰੇ ਇੱਕ ਅਧਿਆਪਨ ਸੈਸ਼ਨ ’ਤੇ ਅਫਸੋਸ ਪ੍ਰਗਟ ਕਰਨ ਲਈ ਕਿਹਾ।

ਸਾਡੀਆਂ ਯੂਨੀਵਰਸਿਟੀਆਂ ਦੇ ਕਿਸੇ ਵੀ ਸੰਵੇਦਨਸ਼ੀਲ ਅਤੇ ਬੌਧਿਕ ਤੌਰ ’ਤੇ ਇਮਾਨਦਾਰ ਅਕਾਦਮਿਕ ਨਾਲ ਗੱਲ ਕਰੋ - ਚਾਹੇ ਉਹ ਕੁਲੀਨ/ਉਦਾਰ/ਨਿੱਜੀ ਸੰਸਥਾਵਾਂ ਤੋਂ ਜਾਂ ਸਾਡੀਆਂ ਬਹੁਤ ਨਿੰਦਣ ਵਾਲੀਆਂ ਜਨਤਕ ਯੂਨੀਵਰਸਿਟੀਆਂ ਤੋਂ - ਤੁਸੀਂ ਫੈਕਲਟੀ ਵਿੱਚ ਡਰ ਮਹਿਸੂਸ ਕਰਦੇ ਹੋ। ਅਜਿਹੇ ਯੁੱਗ ਵਿੱਚ ਜਿੱਥੇ ਤੁਹਾਡੇ ਲੈਕਚਰ ਦਾ ਇੱਕ ਚੋਣਵਾਂ ਹਿੱਸਾ ਵੀ ਉਨ੍ਹਾਂ ਲੋਕਾਂ ਲਈ ਵਾਇਰਲ ਵੀਡੀਓ ਵਿੱਚ

ਬਦਲਿਆ ਜਾ ਸਕਦਾ ਹੈ ਜਿਨ੍ਹਾਂ ਦੀਆਂ ਰਾਸ਼ਟਰਵਾਦੀ ਧਾਰਮਿਕ ਭਾਵਨਾਵਾਂ ਨੂੰ ਤੁਰੰਤ ਅਤੇ ਜਲਦੀ ਠੇਸ ਪਹੁੰਚਾਈ ਜਾਂਦੀ ਹੈ, ਜਿਸ ਨਾਲ ਤੁਰੰਤ ਐਫਆਈਆਰ ਦਰਜ ਕੀਤੀ ਜਾਂਦੀ ਹੈ ਅਤੇ ਜਿੱਥੇ ਯੂਨੀਵਰਸਿਟੀ ਫੈਕਲਟੀ ਦੀ ਇੱਜ਼ਤ, ਸੁਰੱਖਿਆ ਅਤੇ ਆਜ਼ਾਦੀ ਦੀ ਰਾਖੀ ਲਈ ਅਧਿਕਾਰੀ ਘੱਟ ਹੀ ਅੱਗੇ ਆਉਂਦੇ ਹਨ, ਤੁਸੀਂ ਹੋਰ ਕੀ ਉਮੀਦ ਕਰ ਸਕਦੇ ਹੋ ? ਦਰਅਸਲ ਸਾਡੇ ਵਿੱਦਿਅਕ ਅਦਾਰੇ ਨਿਘਾਰ ਵੱਲ ਜਾ ਰਹੇ ਹਨ।

# ਸਿੱਖ, ਸਿੰਘ ਅਤੇ ਖ਼ਾਲਸੇ ਦੀ ਪਹਿਚਾਣ



ਡੇਜ਼ੀ ਵਾਲੀਆ

ਅੱਜ ਦੇ ਅਜੋਕੇ ਯੁੱਗ ਦੇ ਸਮੇਂ ਵਿੱਚ ਸਿੱਖ ਧਰਮ ਨੂੰ ਸਮਝਣ ਲਈ ਸਿੱਖ, ਸਿੰਘ ਅਤੇ ਖ਼ਾਲਸਾ ਸ਼ਬਦ ਦੇ ਅਰਥਾਂ ਨੂੰ ਸਮਝਣਾ ਬਹੁਤ ਜਰੂਰੀ ਹੈ ਕਿਉਂਕਿ ਦੇਸ਼ ਵਿਦੇਸ਼ਾਂ ਅਤੇ ਹੋਰ ਧਰਮਾਂ ਮੁਤਾਬਿਕ ਸਿੱਖ, ਸਿੰਘ ਅਤੇ ਖ਼ਾਲਸਾ ਦੇ ਰੂਪ ਨੂੰ ਵੱਖੋ-ਵੱਖਰੇ ਨਜ਼ਰੀਏ ਦੇ ਨਾਲ ਵੇਖਿਆ ਤੇ ਸਮਝਿਆ ਜਾ ਰਿਹਾ ਹੈ। ਜਦ ਕਿ ਇਹ ਤਿੰਨੇ ਸ਼ਬਦਾਂ ਦਾ ਅਰਥ ਸਿੱਖ ਸਿਧਾਂਤਾਂ ਮੁਤਾਬਿਕ ਇੱਕ ਹੀ ਰੂਪ ਹਨ। ਸਾਨੂੰ ਇਹਨਾਂ ਤਿੰਨਾਂ ਸ਼ਬਦ ਰੂਪ ਅਰਥਾਂ ਨੂੰ ਸਮਝਣ ਲਈ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਨੂੰ ਵਿਚਾਰਨਾ ਪਵੇਗਾ।

ਸਿੱਖ ਧਰਮ 550 ਸਾਲ ਤੋਂ ਵੀ ਪੁਰਾਣਾ ਹੈ। ਸਿੱਖ ਧਰਮ ਦੀ ਨੀਂਹ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਵੱਲੋਂ ਰੱਖੀ ਗਈ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਿਦੇਸ਼ਾਂ ਵਿੱਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨ ਲਈ ਚਾਰ ਉਦਾਸੀਆਂ ਕੀਤੀਆਂ ਗਈਆਂ। ਦੁਨੀਆਂ ਵਿੱਚ ਜਿਨ੍ਹਾਂ ਲੋਕਾਂ ਨੇ ਬਾਬਾ ਨਾਨਕ ਦੇ ਵਿਚਾਰਾਂ ਨੂੰ ਸੁਣਿਆ ਤੇ ਸਿਧਾਂਤਾਂ ਨੂੰ ਅਪਣਾਇਆ ਉਹ ਗੁਰੂ ਦੇ ਸਿੱਖ ਬਣਦੇ ਗਏ। ਗੁਰੂ ਜੀ ਨੇ ਸਮਝਾਇਆ ਕਿ ਸਿੱਖ ਸ਼ਬਦ ਦਾ ਮਤਲਬ ਹੈ, ਸਿੱਖਿਆ ਲੈਣ ਵਾਲਾ ਇੱਕ ਵਿਦਿਆਰਥੀ। ਉਸ ਵਕਤ ਦੀ ਦੁਨੀਆਂ ਦੇ ਲੋਕ ਜੋ ਵਹਿਮਾਂ-ਭਰਮਾਂ ਅਤੇ ਜਾਤਾਂ-ਪਾਤਾਂ ਵਿੱਚ ਫਸੇ ਹੋਏ ਸਨ, ਉਹਨਾਂ ਨੂੰ ਇਹਨਾਂ ਵਹਿਮਾਂ-ਭਰਮਾਂ ਵਿੱਚੋਂ ਬਾਹਰ ਕੱਢਦਿਆਂ ਗੁਰੂ ਜੀ ਨੇ ਲੋਕਾਂ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਤਿੰਨ ਸਿਧਾਂਤ ਦਿੱਤੇ ਅਤੇ ਏਕ ਨੂਰ ਤੇ ਸਭੁ ਜਗੁ ਉਪਜਿਆ ਦਾ ਪਾਠ ਪੜ੍ਹਾਉਂਦਿਆਂ ਹੋਇਆਂ ਇੱਕ ਹੀ ਰੱਬ ਨੂੰ ਮੰਨਣ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਥਾਂ-ਥਾਂ ਗੁਰੂ ਜੀ ਦੇ ਸਿੱਖ ਬਣਦੇ ਗਏ।

ਗੁਰੂ ਨਾਨਕ ਦੇਵ ਜੀ ਜਦੋਂ ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿੱਚ ਪ੍ਰਗਟ ਹੋਏ। ਉਸ ਸਮੇਂ ਗੁਰੂ ਜੀ ਵੱਲੋਂ ਮਨੁੱਖਤਾ ਅੰਦਰ ਸਾਹਸ ਅਤੇ ਨਿਡਰਤਾ ਪੈਦਾ ਕਰਨ ਲਈ ਸਿੰਘ ਖ਼ਾਲਸਾ ਦੀ ਨੀਂਹ ਰੱਖੀ ਗਈ।

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ 13 ਅਪ੍ਰੈਲ 1699 ਦੀ ਵਿਸਾਖੀ ਮੌਕੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸਿੱਖ ਸਿਧਾਂਤਾਂ ਨੂੰ ਮੰਨਣ ਵਾਲੇ ਪੰਜ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ, ਹਰ ਨਾਮ ਪਿੱਛੇ ਸਿੰਘ ਅਤੇ ਕੌਰ ਲਗਾਉਣ ਦਾ ਹੁਕਮ ਦਿੱਤਾ ਅਤੇ ਖ਼ਾਲਸਾ ਰੂਪ ਦੀ ਸਾਜਨਾ ਕੀਤੀ। ਗੁਰੂ ਜੀ ਵੱਲੋਂ ਹਰ ਖ਼ਾਲਸੇ ਨੂੰ ਪੰਜ ਕੱਕੇ ਧਾਰਨ ਕਰਨ ਲਈ ਹੁਕਮ ਦਿੱਤਾ। ਪੰਜ ਕੱਕੇ (ਕੱਛ, ਕੜਾ, ਕ੍ਰਿਪਾਨ, ਕੰਘਾ ਤੇ ਕੇਸ) ਧਾਰਨਾ ਹੀ ਖ਼ਾਲਸੇ



ਦੇ ਰੂਪ ਦੀ ਪਹਿਚਾਣ ਬਣੀ।

ਸਿੰਘ ਅਤੇ ਖ਼ਾਲਸਾ ਸ਼ਬਦ ਦਾ ਇੱਕ ਵਿਸ਼ੇਸ਼ ਮਤਲਬ ਹੈ। ਸਿੰਘ ਦਾ ਮਤਲਬ ਸ਼ੇਰ ਦੀ ਤਰ੍ਹਾਂ ਬਹਾਦੁਰ ਅਤੇ ਖ਼ਾਲਸਾ ਦਾ ਮਤਲਬ ਮਿਲਾਵਟ ਤੋਂ ਰਹਿਤ ਸ਼ੁੱਧ ਵਿਚਾਰਾਂ ਵਾਲਾ। ਦੁਨੀਆਂ ਭਰ ਵਿੱਚ ਕੋਈ ਵੀ ਇਨਸਾਨ ਧਰਮ ਦੇ ਵਿਤਕਰਿਆਂ ਅਤੇ ਭਰਮਾਂ ਤੋਂ ਉਪਰ ਉੱਠਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਮੁਤਾਬਿਕ ਸਿੰਘ-ਖ਼ਾਲਸਾ ਸੱਜ ਸਕਦਾ ਹੈ। ਬਸ ਸਾਨੂੰ ਆਪਣੇ ਖ਼ਾਲਸਾ ਰੂਪ ਨੂੰ ਬਰਕਰਾਰ ਰੱਖਦੇ ਹੋਏ ਸਾਰੀ ਦੁਨੀਆਂ ਵਿੱਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨ ਦੀ ਜਰੂਰਤ ਹੈ। ਅੱਜ ਖ਼ਾਲਸੇ ਨੇ ਦੂਰ-ਦੁਰਾਂਡੇ ਦੇਸ਼ਾਂ-ਵਿਦੇਸ਼ਾਂ ਵਿੱਚ ਜਾ ਕੇ ਵੱਡੇ-ਵੱਡੇ ਮੁਕਾਮ ਹਾਸਿਲ ਕੀਤੇ ਹਨ, ਪਰ ਹਾਲੇ ਵੀ ਦੇਸ਼ਾਂ ਵਿਦੇਸ਼ਾਂ ਵਿੱਚ ਕੁੱਝ ਵਿਤਕਰੇ ਕੀਤੇ ਜਾਂਦੇ ਹਨ। ਜਿਨ੍ਹਾਂ ਨੂੰ ਦੂਰ ਕਰਨ ਦੀ ਸਖ਼ਤ ਜਰੂਰਤ ਹੈ। ਸਿੰਘ ਖ਼ਾਲਸਾ ਜਿੱਥੇ ਅਕਾਲ ਪੁਰਖ ਦੇ ਸਿਮਰਨ ਨਾਲ ਜੁੜ ਕੇ ਰਹਿੰਦਾ ਹੈ, ਉਥੇ ਨਾਲ ਹੀ ਹਰ ਇੱਕ ਇਨਸਾਨ ਨੂੰ ਪਰਮੇਸ਼ਵਰ ਰੂਪ ਜਾਣ ਕੇ ਇਨਸਾਨੀਅਤ ਦੀ ਸੇਵਾ ਕਰਨ ਲਈ ਤਿਆਰ ਰਹਿੰਦਾ ਹੈ। ਸਿੰਘ-ਖ਼ਾਲਸਾ ਮੁੱਢ ਤੋਂ ਹੀ ਦੁਨੀਆਂ ਭਰ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਅਤੇ ਦੂਜਿਆਂ ਦੀ ਇੱਜਤ-ਪਤ ਦੀ ਸੁਰੱਖਿਆ ਕਰਨ ਲਈ ਕ੍ਰਿਪਾਨ ਸ਼ਸਤਰ ਧਾਰ ਕੇ ਰੱਖਦਾ ਹੈ। ਜੋ ਕਿ ਸਾਡੇ ਗੁਰੂ ਗੋਬਿੰਦ ਸਿੰਘ ਜੀ ਦਾ ਦਿੱਤਾ ਹੋਇਆ ਕਕਾਰ ਹੈ। ਇਸੀ ਤਰ੍ਹਾਂ ਸਿੰਘ ਅਤੇ ਖ਼ਾਲਸਾ ਕੇਸ ਅਤੇ ਦਾੜ੍ਹਾ ਵੀ ਵਾਹਿਗੁਰੂ ਦੀ ਦਿੱਤੀ ਦਾਤ ਸਮਝ ਕੇ ਖ਼ਾਲਸੇ ਰੂਪ ਨੂੰ ਪੂਰਨ ਕਰਨ ਵਾਸਤੇ ਸਾਂਭ ਕੇ ਰੱਖਦਾ ਹੈ।

ਅਜੋਕੇ ਸਮੇਂ ਵਿੱਚ ਇੰਝ ਹੀ ਖਾਲਸ-ਥਾਨ ਸ਼ਬਦ ਦੁਨੀਆਂ ਭਰ ਵਿੱਚ ਆਪੋ ਆਪਣੀ ਸਮਝ ਮੁਤਾਬਿਕ ਚਰਚਾ ਵਿੱਚ ਰਹਿੰਦਾ ਹੈ। ਪਤਾ ਨਹੀਂ ਖ਼ਾਲਸ-ਥਾਨ ਦਾ ਮਤਲਬ ਗਲਤ ਕਿਉਂ ਕੱਢਿਆ ਜਾਂਦਾ ਹੈ। ਜਦ ਕਿ ਖ਼ਾਲਸ ਦਾ ਮਤਲਬ ਸ਼ੁੱਧ ਅਤੇ ਥਾਨ ਦਾ ਮਤਲਬ ਜਗਾ ਹੈ - (ਖ਼ਾਲਸ-ਥਾਨ)। ਇਸ ਤੋਂ ਇਲਾਵਾ ਇਸ ਦਾ ਕੋਈ ਵੀ ਮਤਲਬ ਕੱਢ ਲੈਣਾ ਇਹ ਗੱਲ ਲੋਕਾਂ ਨੂੰ ਸਮਝਣ ਦੀ ਲੋੜ ਹੈ। ਖ਼ਾਲਸ-ਥਾਨ ਕਿਸੇ ਇੱਕ ਕਸਬੇ ਜਾਂ ਇੱਕ ਦੇਸ਼ ਦਾ ਨਾਮ ਨਹੀਂ ਬਲਕਿ ਸਿੱਖਾਂ ਨੇ ਜਿਸ ਜਿਸ ਜਗ੍ਹਾ ’ਤੇ ਵੀ ਖ਼ਾਲਸ ਨਿਸ਼ਾਨ ਸਾਹਿਬ ਲਗਾਇਆ ਹੈ, ਉਸ ਨੂੰ ਵਿਤਕਰਿਆਂ, ਭਰਮਾਂ ਤੋਂ ਰਹਿਤ, ਸਰਬ ਸਾਂਝੀ ਵਾਲਤਾ ਦਾ ਉਪਦੇਸ਼ ਦਿੰਦਿਆਂ ਖ਼ਾਲਸ (ਸ਼ੁੱਧ) ਥਾਨ (ਜਗ੍ਹਾ) ਬਣਾਇਆ ਹੈ। ਅਸੀਂ ਛੋਟਾ ਨਾ ਸੋਚੀਏ ਸਿੰਘ-ਖ਼ਾਲਸਾ ਦੁਨੀਆਂ ਭਰ ਵਿੱਚ ਜਾ ਕੇ ਵੱਸੇ ਅਤੇ ਹਰ ਦੇਸ਼ ਵਿੱਚ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਸਿੱਖੀ ਦਾ ਪ੍ਰਚਾਰ ਕਰੀਏ:

**ਸਿੱਖੀ ਸਿਧਾਂਤਾਂ ਨੂੰ ਦੂਰ ਦੂਰ ਤੱਕ ਪਹੁੰਚਾਈਏ**
**ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ**
**ਮਤਲਬ ਸਾਰੀ ਦੁਨੀਆ ਨੂੰ ਸਮਝਾਈਏ।**

ਅਖੀਰ ਵਿੱਚ ਇੱਥੇ ਮੈਂ ਬਾਬਾ ਨਾਨਕ ਦੀ ਇੱਕ ਸਾਖੀ ਦਾ ਜ਼ਿਕਰ ਕਰਨਾ ਜਰੂਰੀ ਸਮਝਦੀ ਹਾਂ: ਜਿਸ ਵਕਤ ਗੁਰੂ ਨਾਨਕ ਦੇਵ ਜੀ ਕੰਗਨਪੁਰ ਨਗਰ ਵਿੱਚ ਪਹੁੰਚੇ ਉੱਥੋਂ ਦੇ ਰਹਿਣ ਵਾਲਿਆਂ ਲੋਕਾਂ ਨੇ ਗੁਰੂ ਜੀ ਦੇ ਨਾਲ ਬਦ-ਸਲੂਕੀ ਕੀਤੀ ਅਤੇ ਮੰਦੇ ਸ਼ਬਦ ਬੋਲੇ ਤੇ ਮਾੜਾ ਵਿਵਹਾਰ ਕੀਤਾ ਗਿਆ। ਇਸ ਨਗਰ ਤੋਂ ਚਲਦਿਆਂ ਗੁਰੂ ਜੀ ਨੇ ਉੱਥੋਂ ਦੇ ਲੋਕਾਂ ਨੂੰ ਵੱਸਦੇ ਰਹਿਣ ਦਾ ਵਰ ਦਿੱਤਾ ਅਤੇ ਉਸ ਤੋਂ ਬਾਅਦ ਜਦ ਗੁਰੂ ਜੀ ਚਲ ਕੇ ਨਜ਼ਦੀਕ ਦੇ ਪਿੰਡ ਮਾਨਕ ਪਹੁੰਚੇ। ਉਥੋਂ ਦੇ ਰਹਿਣ ਵਾਲੇ ਨੇ ਲੋਕਾਂ ਨੇ ਗੁਰੂ ਜੀ ਦਾ ਬੜੀ ਭਾਵਨਾ ਦੇ ਨਾਲ ਸਤਿਕਾਰ ਕੀਤਾ ਅਤੇ ਗੁਰੂ ਜੀ ਦਾ ਉਪਦੇਸ਼ ਲਿਆ।

(**ਬਾਕੀ ਸਫ਼ਾ 31 ’ਤੇ**)



# ਆਲੀਸ਼ਾਨ ਵਿਆਹਾਂ ਦਾ ਵਧਿਆ ਰੁਝਾਨ

## ਖ਼ਰਚੀਲੇ ਵਿਆਹਾਂ ਨੇ ਕਰਜ਼ਾਈ ਕੀਤੇ ਲੋਕ



- ➤ ਮਹਿੰਗੇ ਹੋਟਲਾਂ ਤੇ ਮੈਰਿਜ ਪੈਲਿਸਾਂ 'ਚ ਵਿਆਹ ਕਰਨ ਦਾ ਵਧਿਆ ਰੁਝਾਨ
- ➤ ਇੱਕ ਵਿਆਹ ਸਮਾਗਮ 'ਚ ਕਰਵਾਏ ਜਾਂਦੇ ਹਨ ਕਈ ਫੰਕਸ਼ਨ

ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹੀ ਇਸ ਸਮੇਂ ਵਿਆਹਾਂ ਦਾ ਸੀਜ਼ਨ ਚੱਲ ਰਿਹਾ ਹੈ, ਜਿਸ ਕਰਕੇ ਹਰ ਦਿਨ ਹਰ ਪਾਸੇ ਵਿਆਹ ਹੁੰਦੇ ਦਿਖਾਈ ਦੇ ਰਹੇ ਹਨ। ਖਾਸ ਗੱਲ ਇਹ ਹੈ ਕਿ ਇਹ ਸਾਰੇ ਵਿਆਹ ਮਹਿੰਗੇ ਹੋਟਲਾਂ ਤੋਂ ਲੈ ਕੇ ਮੈਰਿਜ ਪੈਲਿਸਾਂ ਵਿੱਚ ਹੋ ਰਹੇ ਹਨ, ਜਿਨ੍ਹਾਂ ਉੱਪਰ ਲੱਖਾਂ ਰੁਪਏ ਖ਼ਰਚਾ ਆ ਰਿਹਾ ਹੈ। ਹੁਣ ਇੱਕ ਵਿਆਹ ਦੌਰਾਨ ਹੀ ਕਈ ਸਮਾਗਮ ਕਰਵਾਉਣ ਦਾ ਵੀ ਰਿਵਾਜ ਪੈ ਗਿਆ ਹੈ। ਇਸ ਕਰਕੇ ਰਿੰਗ ਸੈਰਮੇਨੀ, ਮਹਿੰਦੀ ਰਸਮ ਤੋਂ ਲੈ ਕੇ ਵਿਆਹ ਅਤੇ ਡੋਲੀ ਦੀਆਂ ਰਸਮਾਂ ਤਕ ਅਤੇ ਰਿਸੈਪਸ਼ਨ ਸਮੇਤ ਅਨੇਕਾਂ ਸਮਾਗਮ ਸਿਰਫ਼ ਇਕੋ ਹੀ ਵਿਆਹ ਦੌਰਾਨ ਕਰਵਾਏ ਜਾਂਦੇ ਹਨ, ਜਿਨ੍ਹਾਂ ਉੱਪਰ ਲੱਖਾਂ ਰੁਪਏ ਖ਼ਰਚਾ ਆਉਂਦਾ ਹੈ। ਹਾਲ ਤਾਂ ਇਹ ਹੈ ਕਿ ਵੱਡੀ ਗਿਣਤੀ ਲੋਕ ਇੱਕ ਦੂਜੇ ਦੀ ਦੇਖਾ-ਦੇਖੀ ਵਿਆਹਾਂ ਉੱਪਰ ਭਾਰੀ ਖ਼ਰਚਾ ਕਰ ਰਹੇ ਹਨ। ਵੱਡੀ ਗਿਣਤੀ ਲੋਕ ਵਿਆਹਾਂ ਉੱਪਰ ਲੱਖਾਂ ਰੁਪਏ ਖ਼ਰਚ ਕਰਨ ਲਈ ਕਰਜ਼ਾਈ ਵੀ ਹੋ ਰਹੇ ਹਨ ਪਰ ਵਿਆਹਾਂ ਦੀ ਸ਼ਹਿਨਾਈਆਂ ਸੁਣਨ ਵਿੱਚ ਰੁੱਝੇ ਲੋਕਾਂ ਨੂੰ ਕਰਜ਼ੇ ਦੀ ਆਵਾਜ਼ ਨਹੀਂ ਸੁਣ ਰਹੀ। ਭਾਵੇਂ ਕਿ ਕਈ ਸਾਲਾਂ ਤੋਂ ਵਿਆਹ ਸਮਾਗਮ ਸਿਰਫ਼ ਮੈਰਿਜ ਪੈਲਿਸਾਂ ਅਤੇ ਹੋਟਲਾਂ ਤੱਕ ਸੀਮਿਤ ਹੋ ਕੇ ਰਹਿ ਗਏ ਹਨ ਅਤੇ ਇੱਕ ਵਿਆਹ ਸਮਾਗਮ ਸਿਰਫ਼ ਕੁਝ ਘੰਟਿਆਂ ਤੱਕ ਸੀਮਿਤ ਹੁੰਦਾ ਹੈ। ਕਈ ਵਾਰ ਤਾਂ ਇੱਕੋ ਹੀ ਮੈਰਿਜ ਪੈਲਿਸ ਵਿੱਚ ਦੋ ਦੋ ਵਿਆਹ ਇਕੱਠੇ ਹੁੰਦੇ ਹਨ, ਜਿਸ ਕਰਕੇ ਇਹਨਾਂ ਵਿਆਹਾਂ ਵਿੱਚ ਸ਼ਾਮਲ ਹੋਣ ਵਾਲੇ ਲੋਕ ਅਕਸਰ ਭੰਬਲ ਭੂਸੇ ਵਿੱਚ ਪੈ ਜਾਂਦੇ ਹਨ ਕਿ ਉਹ ਕਿਹੜੇ ਵਿਆਹ ਵਿੱਚ ਸ਼ਾਮਲ ਹੋਣ ਆਏ ਹਨ।





ਕੁਝ ਦਹਾਕੇ ਪਹਿਲਾਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਸਾਦੇ ਵਿਆਹ ਕਰਵਾਉਣ ਦੀ ਰੀਤ ਸੀ, ਉਸ ਸਮੇਂ ਸਿਰਫ਼ ਵੱਡੇ ਸ਼ਹਿਰਾਂ ਵਿੱਚ ਅਮੀਰ ਲੋਕ ਹੀ ਵਿਆਹਾਂ ਉੱਪਰ ਸ਼ਾਹੀ ਖ਼ਰਚ ਕਰਦੇ ਸਨ। ਹੁਣ ਤਾਂ ਆਮ ਆਦਮੀ ਵੀ ਆਪਣੇ ਧੀਆਂ ਪੁੱਤਰਾਂ ਦੇ ਵਿਆਹਾਂ ਮੌਕੇ ਲੱਖਾਂ ਰੁਪਏ ਖ਼ਰਚ ਕਰਨ ਵਿੱਚ ਆਪਣੀ ਸ਼ਾਨ ਸਮਝਦਾ ਹੈ। ਕਈ ਵਾਰ ਤਾਂ ਲੋਕਾਂ ਨੂੰ ਵਿਆਹਾਂ ਤੇ ਲੱਖਾਂ ਰੁਪਏ ਖ਼ਰਚ ਕਰਨ ਲਈ ਕਰਜ਼ਾ ਵੀ ਲੈਣਾ ਪੈਂਦਾ ਹੈ, ਇਸ ਦੇ ਬਾਵਜੂਦ ਆਮ ਲੋਕ ਮਹਿੰਗੇ ਅਤੇ ਖ਼ਰਚੀਲੇ ਵਿਆਹੀ ਕਰਨ ਤੇ ਕਰਵਾਉਣ ਲਈ ਤਿਆਰ ਰਹਿੰਦੇ ਹਨ। ਇਸ ਤਰਾਂ ਵਿਆਹ ਵੀ ਇੱਕ ਉਦਯੋਗ ਬਣ ਗਏ ਹਨ ਅਤੇ ਹੁਣ ਵਿਆਹਾਂ ਦੇ ਸੀਜ਼ਨ ਦੌਰਾਨ ਕਰੋੜਾਂ ਰੁਪਏ ਦਾ ਕਾਰੋਬਾਰ ਹੁੰਦਾ ਹੈ।

ਹੋਟਲਾਂ ਅਤੇ ਮੈਰਿਜ ਪੈਲਿਸਾਂ ਵਿੱਚ ਹੁੰਦੇ ਵਿਆਹਾਂ ਵਿੱਚ ਰੌਣਕ ਬਹੁਤ ਹੁੰਦੀ ਹੈ ਅਤੇ ਹਰ ਪਾਸੇ ਅੱਖਾਂ ਨੂੰ ਚੁੰਧਿਆਉਂਦੀਆਂ ਬਿਜਲਈ ਰੌਸ਼ਨੀਆਂ ਸਭ ਦਾ ਮਨ ਮੋਹ ਲੈਂਦੀਆਂ ਹਨ। ਇਸ ਤੋਂ ਇਲਾਵਾ ਵਿਆਹਾਂ ਵਿੱਚ ਖਾਣ ਪੀਣ ਲਈ ਅਨੇਕਾਂ ਪਦਾਰਥ ਹੁੰਦੇ ਹਨ। ਅਜਿਹੇ ਵਿਆਹਾਂ ਵਿੱਚ ਹਿਸਾ ਲੈਣ ਵਾਲੇ ਲੋਕ ਇਸ ਸਭ ਤੋਂ ਬਹੁਤ ਪ੍ਰਭਾਵਿਤ ਹੁੰਦੇ ਹ ਨ ਅਤੇ ਫਿਰ ਉਹ ਵੀ ਆਪਣੇ ਧੀਆਂ ਪੁੱਤਰਾਂ ਦੇ ਵਿਆਹ ਇਸੇ ਤਰਾਂ ਆਲੀਸ਼ਾਨ ਢੰਗ ਨਾਲ ਹੋਟਲਾਂ ਅਤੇ ਮੈਰਿਜ ਪੈਲਿਸਾਂ ਵਿੱਚ ਕਰਦੇ ਹਨ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਇਸ ਦੇ ਵੱਡੀ ਗਿਣਤੀ ਵਸਨੀਕ ਖੇਤੀਬਾੜੀ ਅਤੇ ਖੇਤੀ ਅਧਾਰਿਤ ਕੰਮ ਧੰਦੇ ਕਰਦੇ ਹਨ। ਮੱਘਰ ਦੇ ਮਹੀਨੇ ਕਿਸਾਨ ਖੇਤਾਂ ਵਿੱਚ ਕਣਕ ਬੀਜ ਕੇ ਕੁਝ ਵਿਹਲੇ ਹੁੰਦੇ ਹਨ, ਇਸੇ ਕਾਰਨ ਪੰਜਾਬ ਵਿੱਚ ਮੱਘਰ ਮਹੀਨੇ ਵਿਆਹ ਕਾਫ਼ੀ ਗਿਣਤੀ ਵਿੱਚ ਹੁੰਦੇ ਹਨ। ਹੁਣ ਕਿਸਾਨ ਵੀ ਆਪਣੇ ਧੀਆਂ ਪੁੱਤਰਾਂ ਦੇ ਵਿਆਹ ਮੈਰਿਜ ਪੈਲਿਸਾਂ ਵਿੱਚ ਆਲੀਸ਼ਾਨ ਢੰਗ ਨਾਲ ਕਰਦੇ ਹਨ ਅਤੇ ਜਿੰਦਗੀ ਦਾ ਹਰ ਸੁੱਖ ਸਹੂਲਤ ਇਹਨਾਂ ਵਿਆਹਾਂ ਵਿੱਚ ਮੁਹੱਈਆ ਕਰਵਾਉਣ ਦਾ ਯਤਨ ਕਰਦੇ ਹਨ, ਜਿਸ ਕਾਰਨ ਉਹਨਾਂ ਦਾ ਕਾਫ਼ੀ ਖਰਚਾ ਹੋ ਜਾਂਦਾ ਹੈ। ਕਈ ਵਾਰ ਤਾਂ ਹਾਲਤ ਸ਼ਾਹੂਕਾਰਾਂ ਜਾਂ ਆੜ੍ਹਤੀਆਂ ਤੋਂ ਕਰਜ਼ਾ ਲੈਣ ਤੱਕ ਪਹੁੰਚ ਜਾਂਦੀ ਹੈ। ਆਮ ਦੁਕਾਨਦਾਰ ਅਤੇ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਕਰਨ ਵਾਲੇ ਲੋਕ ਵੀ ਆਪਣੇ ਬੱਚਿਆਂ ਦੇ ਵਿਆਹਾਂ ਉੱਪਰ ਸ਼ਾਹੀ ਖਰਚ ਕਰਦੇ ਹਨ, ਜਿਸ ਕਾਰਨ ਇਹਨਾਂ ਲੋਕਾਂ ਨੂੰ ਵੀ ਕਈ ਵਾਰ ਕਰਜ਼ਾ ਲੈਣਾ ਪੈਂਦਾ ਹੈ। ਸਰਕਾਰੀ ਨੌਕਰੀਆਂ ਵਾਲਿਆਂ ਨੂੰ ਤਾਂ ਮਹਿੰਗੇ ਵਿਆਹਾਂ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਪ੍ਰਾਈਵੇਟ ਨੌਕਰੀਆਂ ਅਤੇ ਆਮ ਦੁਕਾਨਦਾਰਾਂ ਨੂੰ ਅਕਸਰ ਵਿਆਹਾਂ 'ਤੇ ਖੁੱਲ੍ਹਾ ਖ਼ਰਚਾ ਕਰਨ ਲਈ ਕਰਜ਼ਾ ਲੈਣਾ ਪੈਂਦਾ ਹੈ। ਵਿਆਹਾਂ ਤੋਂ ਬਾਅਦ ਫਿਰ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਵਿੱਚ ਉਮਰ ਲੰਘਦੀ ਹੈ।

ਭਾਵੇਂ ਕਿ ਸਿਆਣੇ ਅਤੇ ਸੂਝਵਾਨ ਲੋਕਾਂ ਵੱਲੋਂ ਆਮ ਲੋਕਾਂ ਨੂੰ ਵਿਆਹਾਂ ਮੌਕੇ ਸੰਜਮ ਨਾਲ ਖ਼ਰਚ ਕਰਨ ਦੀ ਨਸੀਅਤ ਦਿੱਤੀ ਜਾਂਦੀ ਹੈ, ਪਰ ਉਹਨਾਂ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਦਿੰਦਾ, ਜਿਸ ਕਰਕੇ ਦਿਨੋਂ ਦਿਨ ਖ਼ਰਚੀਲੇ ਅਤੇ ਮਹਿੰਗੇ ਆਲੀਸ਼ਾਨ ਵਿਆਹਾਂ ਦਾ ਰੁਝਾਨ ਵੱਧਦਾ ਜਾ ਰਿਹਾ ਹੈ।



## ਵਿਆਹਾਂ ਦੇ ਸੀਜ਼ਨ 'ਚ 4.7 ਲੱਖ ਕਰੋੜ ਦਾ ਕਾਰੋਬਾਰ ਹੋਣ ਦੀ ਉਮੀਦ



ਦੀਵਾਲੀ ਦੇ ਤਿਉਹਾਰੀਂ ਸੀਜ਼ਨ ਵਿੱਚ ਰਿਕਾਰਡ ਵਿਕਰੀ ਤੋਂ ਬਾਅਦ ਕਾਰੋਬਾਰੀ ਭਾਈਚਾਰਾ ਵਿਆਹਾਂ ਦੇ ਸੀਜ਼ਨ ਵਿਚ ਖਪਤਕਾਰਾਂ ਦੀ ਮੰਗ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਵਪਾਰੀਆਂ ਦੇ ਸੰਗਠਨ ਕਨਫੈਡਰੇਸ਼ਨ ਆਫ਼ ਆਲ ਇੰਡੀਆ ਟਰੇਡਰਜ਼ (ਸੀਏਆਈਟੀ) ਨੇ ਉਮੀਦ ਜਤਾਈ ਹੈ ਕਿ 23 ਨਵੰਬਰ ਤੋਂ ਸ਼ੁਰੂ ਹੋਏ ਵਿਆਹਾਂ ਦੇ ਸੀਜ਼ਨ ਵਿੱਚ ਦੇਸ਼ ਭਰ ਵਿੱਚ ਲਗਭਗ 38 ਲੱਖ ਵਿਆਹ ਹੋਣਗੇ, ਜਿਸ ਨਾਲ ਲਗਭਗ 4.74 ਲੱਖ ਕਰੋੜ ਰੁਪਏ ਦੀਆਂ ਵਸਤਾਂ ਅਤੇ ਸੇਵਾਵਾਂ ਦੀ ਵਿਕਰੀ ਹੋਵੇਗੀ।

ਕੈਟ ਨੇ ਕਿਹਾ ਕਿ ਇਸ ਸੀਜ਼ਨ 'ਚ ਵਿਆਹ ਸ਼ਾਪਿੰਗ ਅਤੇ ਖਪਤਕਾਰਾਂ ਦੁਆਰਾ ਵੱਖ-ਵੱਖ ਸੇਵਾਵਾਂ ਦੀ ਖਰੀਦਦਾਰੀ ਨਾਲ ਸਬੰਧਿਤ ਖਰਚਾ ਪਿਛਲੇ ਸਾਲ ਦੇ ਮੁਕਾਬਲੇ ਲਗਭਗ 1 ਲੱਖ ਕਰੋੜ ਰੁਪਏ ਵੱਧ ਹੈ।

ਇਹ ਅਨੁਮਾਨ ਵੱਖ-ਵੱਖ ਰਾਜਾਂ ਦੇ 30 ਸ਼ਹਿਰਾਂ ਵਿੱਚ ਵਪਾਰਕ ਸੰਸਥਾਵਾਂ ਅਤੇ ਵਸਤੂਆਂ ਅਤੇ ਸੇਵਾਵਾਂ ਦੇ ਹਿੱਸੇਦਾਰਾਂ ਤੋਂ ਪ੍ਰਾਪਤ ਅੰਕੜਿਆਂ 'ਤੇ ਅਧਾਰਤ ਹਨ।

ਕੈਟ ਦੇ ਸਕੱਤਰ ਜਨਰਲ ਪ੍ਰਵੀਨ ਖੰਡੇਲਵਾਲ ਨੇ ਦੱਸਿਆ, ਅੰਦਾਜ਼ਾ ਹੈ ਕਿ ਇਸ ਸਮੇਂ (23 ਨਵੰਬਰ-15 ਦਸੰਬਰ) ਦੌਰਾਨ ਲਗਭਗ 38 ਲੱਖ ਵਿਆਹ ਹੋਣਗੇ ਅਤੇ ਕੁੱਲ ਖਰਚਾ ਲਗਭਗ 4.7 ਲੱਖ ਕਰੋੜ ਰੁਪਏ ਹੋਵੇਗਾ।

ਉਨ੍ਹਾਂ ਕਿਹਾ, ਪਿਛਲੇ ਸਾਲ ਲਗਭਗ 32 ਲੱਖ ਵਿਆਹ ਹੋਏ ਅਤੇ ਕੁੱਲ ਖਰਚਾ 3.75 ਲੱਖ ਕਰੋੜ ਰੁਪਏ ਸੀ। ਇਸ ਲਈ, ਇਸ ਸਾਲ (ਖਰਚ) ਵਿੱਚ ਲਗਭਗ 1 ਲੱਖ ਕਰੋੜ ਰੁਪਏ ਦੇ ਵਾਧੇ ਦੀ ਉਮੀਦ ਹੈ ਜੋ ਕਿ ਭਾਰਤੀ ਅਰਥਵਿਵਸਥਾ ਅਤੇ ਪ੍ਰਚੂਨ ਵਪਾਰ ਲਈ ਇੱਕ ਚੰਗਾ ਸੰਕੇਤ ਹੈ।

ਕੈਟ ਨੇ ਦੱਸਿਆ ਕਿ ਭਲਕੇ 23 ਨਵੰਬਰ ਨੂੰ ਦੇਵਥਨ ਇਕਾਦਸ਼ੀ ਤੋਂ ਵਿਆਹਾਂ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ, ਜੋ 15 ਦਸੰਬਰ ਤੱਕ ਚੱਲੇਗਾ। ਨਵੰਬਰ ਵਿੱਚ ਵਿਆਹ ਦੀਆਂ ਤਰੀਕਾਂ 23,24,27,28,29 ਹਨ, ਜਦੋਂ ਕਿ ਦਸੰਬਰ ਵਿੱਚ ਵਿਆਹ ਦੀਆਂ ਤਰੀਕਾਂ 3,4,7,8,9 ਅਤੇ 15 ਹਨ।

ਖੰਡੇਲਵਾਲ ਨੇ ਕਿਹਾ ਕਿ ਇਸ ਸੀਜ਼ਨ 'ਚ ਇਕੱਲੇ ਦਿੱਲੀ 'ਚ ਚਾਰ ਲੱਖ ਵਿਆਹ ਹੋਣ ਦੀ ਉਮੀਦ ਹੈ, ਜਿਸ ਨਾਲ ਕਰੀਬ 1.25 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਣ ਦੀ ਉਮੀਦ ਹੈ।



# ਡਾਲੀ ਨਾਲੋਂ ਤੋੜ ਨਾ ਸਾਨੂੰ ਅਸਾਂ ਹੱਟ ਮਹਿਕ ਦੀ ਲਾਈ






ਜ਼ਿੰਦਗੀ ਦੇ ਇਸ ਸਫ਼ਰ ਦੌਰਾਨ ਅਕਸਰ ਅਨੇਕਾਂ ਅਨਜਾਣੇ ਚਿਹਰਿਆਂ ਨਾਲ ਵੀ ਸਾਡੀ ਮੁਲਾਕਾਤ ਹੋ ਜਾਂਦੀ ਹੈ ਜੋ ਕਿ ਸਾਨੂੰ ਧੁਰ ਅੰਦਰ ਤਕ ਪ੍ਰਭਾਵਿਤ ਕਰ ਜਾਂਦੇ ਹਨ। ਜਿਸ ਕਰਕੇ ਮੂੰਹੋਂ ਅਕਸਰ ਨਿਕਲ ਜਾਂਦਾ ਹੈ ਕਿ 'ਅਸਾਡੀ ਤੁਹਾਡੀ ਮੁਲਾਕਾਤ ਹੋਈ, ਜਿਵੇਂ ਅੱਗ 'ਚ ਸੜਦੇ ਜੰਗਲ 'ਤੇ ਬਰਸਾਤ ਹੋਈ।' ਜ਼ਿੰਦਗੀ ਦੇ ਉਤਰਾਓ ਚੜ੍ਹਾਓ ਵਾਲੇ ਸਫ਼ਰ ਦੌਰਾਨ ਕਈ ਲੋਕ ਸਾਨੂੰ ਫੁੱਲਾਂ ਵਰਗੇ ਮਿਲਦੇ ਹਨ, ਜੋ ਕਿ ਹਮੇਸ਼ਾ 'ਮਹਿਕ' ਦੀ ਹੱਟ ਲਗਾਈ ਰੱਖਦੇ ਹਨ ਅਤੇ ਹਮੇਸ਼ਾ ਖੁਸ਼ ਰਹਿੰਦੇ ਹਨ। ਮੁਸਕਰਾਉਂਦੇ ਅਤੇ ਹੱਸਦੇ ਚਿਹਰੇ ਹਮੇਸ਼ਾ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਉਹਨਾਂ ਨੂੰ ਵੇਖ ਕੇ ਇਸ ਤਰਾਂ ਲੱਗਦਾ ਹੈ, ਜਿਵੇਂ ਕਿਧਰੇ ਹੱਸਣ ਦਾ ਅਭਿਆਸ ਚੱਲ ਰਿਹਾ ਹੈ ਜੋ ਸਾਰੀ ਫ਼ਿਜ਼ਾ 'ਚ ਹਾਸੇ ਬਿਖੇਰਦਾ ਜਾ ਰਿਹਾ ਹੈ। ਆਪਣੇ ਘਰ ਤੋਂ ਦਫ਼ਤਰ ਜਾਂਦਿਆਂ ਸੜਕਾਂ ਦੇ ਦੋਨੋਂ ਪਾਸੇ ਦਰਖਤਾਂ ਦੇ ਸਿਰੇ ਜੁੜ ਕੇ ਵਧੀਆ ਦਿੱਖ ਦੇ ਰਹੇ ਹੁੰਦੇ ਹਨ, ਜਾਪਦੈ ਆਪਸ 'ਚ ਗੱਲਾਂ-ਬਾਤਾਂ ਕਰਦੇ ਨੇ। ਕਈ ਪੌਦੇ ਰੰਗ-ਬਿਰੰਗੇ ਫੁੱਲਾਂ ਨਾਲ ਲੱਦੇ ਪਏ ਹੁੰਦੇ ਹਨ ਜੋ ਕਹਿੰਦੇ ਨੇ 'ਡਾਲੀ ਨਾਲੋਂ ਤੋੜ ਨਾ ਸਾਨੂੰ ਅਸਾਂ ਹੱਟ ਮਹਿਕ ਦੀ ਲਾਈ'। ਘਰ ਤੋਂ ਦਫ਼ਤਰ ਅਤੇ ਦਫ਼ਤਰ ਤੋਂ ਘਰ ਜਾਂਦਿਆਂ ਸਵੇਰੇ ਅਤੇ ਸ਼ਾਮ ਸਮੇਂ ਪੌਦਿਆਂ ਦੇ ਹਰੇ-ਕਚੂਰ ਪੱਤਿਆਂ ਦੀ ਸਰਸਰਾਹਟ, ਪੰਛੀਆਂ ਦਾ ਚਹਿਕਣਾ, ਸੁਗੰਧੀਆਂ ਬਿਖੇਰਦੇ ਫੁੱਲਾਂ 'ਤੇ ਤਿਤਲੀਆਂ ਮੰਡਰਾਉਣਾ ਦਾ ਨਜ਼ਾਰਾ ਹਰ ਕੁਦਰਤ ਪ੍ਰੇਮੀ ਮਾਣਦਾ ਹੈ।



ਕੁਦਰਤ ਦੇ ਅਸੂਲਾਂ ਦੇ ਅਨੁਸਾਰ ਹੀ ਜ਼ਿੰਦਗੀ ਜਿਉਣ ਦਾ ਨਜ਼ਾਰਾ ਹੀ ਵੱਖਰਾ ਹੁੰਦਾ ਹੈ। ਕਈ ਵਿਅਕਤੀਆਂ ਨੂੰ ਬਚਪਣ ਵਿੱਚ ਹੀ ਕੁਦਰਤ ਨਾਲ ਇੱਕ ਮਿੱਕ ਹੋਣ ਦੀ ਆਦਤ ਪੈ ਜਾਂਦੀ ਹੈ, ਜੋ ਕਿ ਸਾਰੀ ਜ਼ਿੰਦਗੀ ਉਹਨਾਂ ਦੇ ਨਾਲ ਹੀ ਰਹਿੰਦੀ ਹੈ। ਏਸੇ ਕਾਰਨ ਇਹ ਵਿਅਕਤੀ ਜ਼ਿੰਦਗੀ ਵਿੱਚ ਆਉਂਦੇ ਹਰ ਦੁੱਖ ਸੁੱਖ ਦੌਰਾਨ ਵੀ ਕੁਦਰਤ ਦੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ ਅਤੇ ਕੁਦਰਤ ਨਾਲ ਕੋਈ ਗਿਲਾ ਸ਼ਿਕਵਾ ਨਹੀਂ ਕਰਦੇ। ਅਕਸਰ ਸਕੂਲਾਂ ਤੇ ਕਾਲਜਾਂ ਵਿੱਚ ਵੇਖਿਆ ਜਾਂਦਾ ਹੈ ਕਿ ਹੁਸ਼ਿਆਰ ਵਿਦਿਆਰਥੀਆਂ ਦੀ ਥਾਂ ਆਮ ਵਿਦਿਆਰਥੀ ਨਕਲ ਮਾਰ ਕੇ ਜਾਂ ਸਿਫ਼ਾਰਸ਼ ਨਾਲ ਜਾਂ ਕਿਸੇ ਹੋਰ ਤਰੀਕੇ ਨਾਲ ਅੱਵਲ ਆ ਜਾਂਦੇ ਹਨ। ਜਿਸ ਕਾਰਨ ਅਕਸਰ ਹੁਸ਼ਿਆਰ ਵਿਦਿਆਰਥੀ ਉਦਾਸ ਹੋ ਜਾਂਦੇ ਹਨ ਅਤੇ ਮਨ ਵਿੱਚ ਹੀ ਕਹਿੰਦੇ ਹਨ ਕਿ 'ਦਿਲ ਹੀ ਉਦਾਸ ਐ ਜੀ, ਬਾਕੀ ਸਭ ਖੈਰ ਏ'। ਇਹ ਵਿਦਿਆਰਥੀ ਹਾਰ ਨਹੀਂ ਮੰਨਦੇ ਸਗੋਂ ਸਖ਼ਤ ਮਿਹਨਤ ਕਰਕੇ ਸੁੰਨੇ ਸੁੰਨੇ ਰਾਹਾਂ ਵਿੱਚ ਵੀ ਆਪਣੀ ਪੈੜ ਪਾ ਜਾਂਦੇ ਹਨ। ਕਈ ਵਾਰ ਕਾਲਜਾਂ ਵਿੱਚ ਵੇਖਿਆ ਗਿਆ ਹੈ ਕਿ ਸ਼ਰਾਰਤੀ ਵਿਦਿਆਰਥੀਆਂ ਦੀ ਕਿਸੇ ਸ਼ਰਾਰਤ ਨਾਲ ਆਮ ਭੋਲੇ ਭਾਲੇ ਵਿਦਿਆਰਥੀ ਬਲੀ ਦਾ ਬੱਕਰਾ ਬਣ ਜਾਂਦੇ ਹਨ ਅਤੇ ਇਸ ਤਰਾਂ ਵਿਦਿਅਕ ਅਦਾਰਿਆਂ ਵਿੱਚ ਹੀ ਸ਼ਰਾਰਤੀ ਅਨਸਰਾਂ ਵੱਲੋਂ ਕਈ ਫੁੱਲਾਂ ਨੂੰ ਖਿੜਨ ਤੋਂ ਪਹਿਲਾਂ ਹੀ ਮਧੋਲ਼ਨ ਦਾ ਯਤਨ ਕੀਤਾ ਜਾਂਦਾ ਹੈ।



ਪੜ੍ਹਾਈ ਪੂਰੀ ਕਰਦਿਆਂ ਹਰ ਨੌਜਵਾਨ ਨੂੰ ਨੌਕਰੀ ਨਹੀਂ ਮਿਲਦੀ, ਭਾਵੇਂ ਕਿ ਵੱਡੀ ਗਿਣਤੀ ਨੌਜਵਾਨ ਸਰਕਾਰੀ ਨੌਕਰੀਆਂ ਲੈਣ ਵਿੱਚ ਸਫ਼ਲ ਹੋ ਜਾਂਦੇ ਹਨ ਪਰ ਕਈ ਵਿਦਿਆਰਥੀ ਆਪਣਾ ਵਪਾਰ ਸ਼ੁਰੂ ਕਰਨ ਦੇ ਚੱਕਰ ਵਿੱਚ ਸਰਕਾਰੀ ਨੌਕਰੀਆਂ ਤੋਂ ਦੂਰ ਰਹਿੰਦੇ ਹਨ ਪਰ ਜਦੋਂ ਉਹਨਾਂ ਦਾ ਉਦਯੋਗਪਤੀ ਜਾਂ ਰੁਜ਼ਗਾਰ ਦਾਤਾ ਬਣਨ ਦਾ ਸੁਪਨਾ ਟੁੱਟ ਜਾਂਦਾ ਹੈ ਤਾਂ ਉਹ ਸਰਕਾਰੀ ਨੌਕਰੀ ਨਾ ਲੈਣ ਕਾਰਨ ਝੂਰਦੇ ਹਨ। ਕਈ ਨੌਜਵਾਨਾਂ ਨੂੰ ਰੁਜ਼ਗਾਰ ਖਾਤਰ ਹਰ ਦਿਨ ਸੈਂਕੜੇ ਮੀਲਾਂ ਦਾ ਸਫ਼ਰ ਸਵੇਰੇ ਸ਼ਾਮ ਬੱਸਾਂ ਵਿੱਚ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਇਕੋ ਘਰ ਵਿੱਚ ਰਹਿੰਦਿਆਂ ਵੀ ਇਹਨਾਂ ਦੀ ਆਪਣੇ ਬੱਚਿਆਂ ਨਾਲ ਗੱਲਬਾਤ ਹਫ਼ਤੇ ਬਾਅਦ ਐਤਵਾਰ ਵਾਲੇ ਦਿਨ ਹੁੰਦੀ ਹੈ, ਕਿਉਂਕਿ ਸਵੇਰੇ ਜਦੋਂ ਇਹ ਆਪਣੀ ਡਿਊਟੀ 'ਤੇ ਜਾਣ ਲਈ ਘਰੋਂ ਨਿਕਲਦੇ ਹਨ ਤਾਂ ਬੱਚੇ ਸੁੱਤੇ ਹੁੰਦੇ ਹਨ ਅਤੇ ਜਦੋਂ ਹਨੇਰਾ ਹੋਏ ਵਾਪਸ ਘਰ ਆਉਂਦੇ ਹਨ ਤਾਂ ਬੱਚੇ ਉਦੋਂ ਤਕ ਥੱਕ ਕੇ ਸੌਂ ਗਏ ਹੁੰਦੇ ਹਨ। ਬੱਸਾਂ ਵਿੱਚ ਸਵੇਰੇ ਸ਼ਾਮ ਸਫ਼ਰ ਕਰਕੇ ਅੱਕੇ ਤੇ ਥੱਕੇ ਨੌਜਵਾਨਾਂ ਨੂੰ ਜਦੋਂ ਘਰ ਦੇ ਬਿਲਕੁਲ ਨੇੜੇ ਹੀ ਰੁਜ਼ਗਾਰ ਮਿਲ ਜਾਂਦਾ ਹੈ, ਤਾਂ ਇਹਨਾਂ ਨੌਜਵਾਨਾਂ ਦੇ ਚਿਹਰੇ ਫੁੱਲਾਂ ਵਾਂਗ ਖਿੜ ਜਾਂਦੇ ਹਨ। ਇਹ ਨੌਜਵਾਨ ਨਵੇਂ ਦਫ਼ਤਰ ਵਿੱਚ ਜਲਦੀ ਹੀ ਰਚ ਮਿਚ ਜਾਂਦੇ ਹਨ। ਅਜਿਹੇ ਨੌਜਵਾਨ ਆਪਣੇ ਦਫ਼ਤਰ ਨੂੰ ਇੱਕ ਵਿਸ਼ਾਲ ਦਰਖ਼ਤ ਸਮਝਦੇ ਹਨ, ਜਿਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਦੇਸ਼ -ਵਿਦੇਸ਼ ਵਿੱਚ ਫੈਲੀਆਂ ਹੁੰਦੀਆਂ ਹਨ। ਇਸ ਦਫ਼ਤਰ ਰੂਪੀ ਵਿਸ਼ਾਲ ਦਰਖ਼ਤ ਦੇ ਫੁੱਲ ਬਣ ਕੇ ਇਹਨਾਂ ਨੌਜਵਾਨਾਂ ਨੂੰ ਜ਼ਿੰਦਗੀ ਦੀ ਅਹਿਮ ਖੁਸ਼ੀ ਮਿਲਦੀ ਹੈ।

ਸਿਆਣੇ ਕਹਿੰਦੇ ਹਨ ਕਿ ਸਮਾਂ ਇੱਕੋ ਜਿਹਾ ਨਹੀਂ ਰਹਿੰਦਾ, ਸਮੇਂ ਦੇ ਬਦਲਣ ਨਾਲ ਹੋਰ ਵੀ ਬਹੁਤ ਕੁਝ ਬਦਲ ਜਾਂਦਾ ਹੈ। ਚਲਦੇ ਰਹਿਣਾ ਹੀ ਜ਼ਿੰਦਗੀ ਦਾ ਅਸੂਲ ਹੈ। ਨਾ ਟਾਲੇ ਜਾਣ ਵਾਲੇ ਕਾਰਨਾਂ ਕਰਕੇ ਜਦੋਂ ਕਈ ਨੌਜਵਾਨਾਂ ਨੂੰ ਨੌਕਰੀ ਤੋਂ ਜਵਾਬ ਮਿਲ ਜਾਂਦਾ ਹੈ ਤਾਂ ਇਹਨਾਂ ਦੇ ਬੁੱਲ੍ਹਾਂ 'ਤੇ ਚੁੱਪ ਵਾਲਾ ਜਿੰਦਰਾ ਲੱਗ ਜਾਂਦਾ ਹੈ। ਇਹ ਨੌਜਵਾਨ ਫਿਰ ਆਪਣਾ ਪੱਖ ਵੀ ਸਹੀ ਤਰੀਕੇ ਨਾਲ ਰੱਖ ਨਹੀਂ ਪਾਉਂਦੇ ਪਰ ਇਹ ਆਪਣੇ ਮਨ ਵਿੱਚ ਹੀ ਆਪਣੇ ਦਫ਼ਤਰ ਰੂਪੀ ਵਿਸ਼ਾਲ ਦਰਖ਼ਤ ਦੇ ਮਾਲਕ/ਮਾਲਕਣ ਨੂੰ ਇਹ ਜ਼ਰੂਰ ਕਹਿੰਦੇ ਹਨ ਕਿ

ਡਾਲੀ ਨਾਲੋਂ ਤੋੜ ਨ ਸਾਨੂੰ,
ਅਸਾਂ ਹੱਟ 'ਮਹਿਕ' ਦੀ ਲਾਈ !







# ਅਮਰੀਕਾ ਦੀ ਅਰਥ ਵਿਵਸਥਾ ਵਿੱਚ ਭਾਰਤੀਆਂ ਦਾ ਯੋਗਦਾਨ



## ਭਾਰਤੀ ਕੰਪਨੀਆਂ ਕਰ ਰਹੀਆਂ ਹਨ ਅਮਰੀਕੀ ਅਰਥ ਵਿਵਸਥਾ ਨੂੰ ਮਜ਼ਬੂਤ



21ਵੀਂ ਸਦੀ ਵਿੱਚ ਭਾਰਤ ਅਤੇ ਅਮਰੀਕਾ ਦੇ ਸਬੰਧ ਲਗਾਤਾਰ ਮਜ਼ਬੂਤ ਹੋ ਰਹੇ ਹਨ। ਇਸ ਵਿੱਚ ਭਾਰਤੀ ਕੰਪਨੀਆਂ ਦੀ ਵੀ ਵੱਡੀ ਭੂਮਿਕਾ ਹੈ। ਭਾਰਤੀ ਕੰਪਨੀਆਂ ਨਾ ਸਿਰਫ਼ ਅਮਰੀਕਾ ਵਿੱਚ ਵੱਡੇ ਪੱਧਰ ’ਤੇ ਨਿਵੇਸ਼ ਕਰ ਰਹੀਆਂ ਹਨ, ਸਗੋਂ ਭਾਰਤੀ ਕੰਪਨੀਆਂ ਕਾਰਨ ਉੱਥੇ ਲੱਖਾਂ ਨੌਕਰੀਆਂ ਵੀ ਪੈਦਾ ਹੋਈਆਂ ਹਨ।ਅਮਰੀਕਾ ਵਿੱਚ ਹੁਣ ਤੱਕ 163 ਭਾਰਤੀ ਕੰਪਨੀਆਂ ਨੇ 40 ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ। ਇਸ ਕਾਰਨ ਅਮਰੀਕਾ ਵਿੱਚ ਕਰੀਬ 4.25 ਲੱਖ ਨੌਕਰੀਆਂ ਪੈਦਾ ਹੋਈਆਂ ਹਨ।

ਇਹ ਜਾਣਕਾਰੀ ਕੁਝ ਸਮਾਂ ਪਹਿਲਾਂ ਕੀਤੇ ਗਏ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਦੇ ‘ਇੰਡੀਅਨ ਰੂਟਸ, ਅਮਰੀਕਨ ਸੋਇਲ’ ਸਿਰਲੇਖ ਵਾਲੇ ਸਰਵੇਖਣ ਤੋਂ ਸਾਹਮਣੇ ਆਈ ਹੈ।ਇਹ ਸਰਵੇਖਣ ਅਮਰੀਕੀ ਧਰਤੀ ’ਤੇ ਭਾਰਤੀ ਮੂਲ ਦੇ ਲੋਕਾਂ ਦੁਆਰਾ ਨਿਵੇਸ਼ ਅਤੇ ਉੱਦਮੀ ਮਾਹੌਲ ਦੇ ਵਿਕਾਸ ਵਿੱਚ ਯੋਗਦਾਨ ਨਾਲ ਸਬੰਧਤ ਹੈ।

ਭਾਰਤੀ ਕੰਪਨੀਆਂ ਅਮਰੀਕਾ ’ਚ ਕਾਰਪੋਰੇਟ ਸੋਸ਼ਲ ਰਿਸਪੌਂਸੀਬਿਲਟੀ ’ਤੇ ਵੀ ਕਾਫੀ ਪੈਸਾ ਖਰਚ ਰਹੀਆਂ ਹਨ। ਰਿਪੋਰਟ ਦਰਸਾਉਂਦੀ ਹੈ ਕਿ ਭਾਰਤੀ ਕੰਪਨੀਆਂ ਨੇ ਅਮਰੀਕਾ ਵਿੱਚ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ’ਤੇ ਲਗਭਗ 185 ਮਿਲੀਅਨ ਖਰਚ ਕੀਤੇ ਹਨ।ਇਸ ਦੇ ਨਾਲ ਹੀ ਭਾਰਤੀ ਕੰਪਨੀਆਂ ਅਮਰੀਕਾ ਵਿੱਚ ਰਿਸਰਚ ਐਂਡ ਡਿਵੈਲਪਮੈਂਟ (ਆਰਐਂਡਡੀ) ਉੱਤੇ ਵੀ ਵੱਡੀ ਰਕਮ ਖਰਚ ਕਰ ਰਹੀਆਂ ਹਨ। ਸੀਆਈਆਈ ਦੀ ਰਿਪੋਰਟ ਹੀ ਦੱਸਦੀ ਹੈ ਕਿ ਭਾਰਤੀ ਕੰਪਨੀਆਂ ਵੱਲੋਂ ਅਮਰੀਕਾ ਸਥਿਤ ਖੋਜ ਅਤੇ ਵਿਕਾਸ ਪ੍ਰੋਜੈਕਟਾਂ ਵਿੱਚ ਇੱਕ ਬਿਲੀਅਨ ਡਾਲਰ ਦੀ ਰਕਮ ਖਰਚ ਕੀਤੀ ਗਈ ਹੈ। ਰਿਪੋਰਟ ’ਚ ਕਿਹਾ ਗਿਆ ਹੈ ਕਿ ਅਮਰੀਕਾ ’ਚ ਖੋਜ ਅਤੇ ਵਿਕਾਸ ਦੇ ਨਾਲ-ਨਾਲ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ’ਤੇ ਭਾਰਤੀ ਕੰਪਨੀਆਂ ਦਾ ਖਰਚ ਵੀ ਲਗਾਤਾਰ ਵਧ ਰਿਹਾ ਹੈ।

**ਭਾਰਤੀ ਫਰਮਾਂ ਨਾਲ ਮਜ਼ਬੂਤ ਹੋਈ ਅਮਰੀਕੀ ਅਰਥਵਿਵਸਥਾ**

ਭਾਰਤੀ ਕੰਪਨੀਆਂ ਅਮਰੀਕੀ ਅਰਥਚਾਰੇ ਵਿੱਚ ਮਜ਼ਬੂਤੀ, ਲਚਕੀਲਾਪਣ ਅਤੇ ਮੁਕਾਬਲੇਬਾਜ਼ੀ ਲਿਆ ਰਹੀਆਂ ਹਨ ਅਤੇ ਰੁਜ਼ਗਾਰ ਪੈਦਾ ਕਰਨ ਦੇ ਨਾਲ-ਨਾਲ ਸਥਾਨਕ ਭਾਈਚਾਰਿਆਂ ਦਾ ਸਮਰਥਨ ਕਰ ਰਹੀਆਂ ਹਨ। ਭਾਰਤੀ ਕੰਪਨੀਆਂ ਨੇ ਅਮਰੀਕੀ ਬਾਜ਼ਾਰ ਵਿੱਚ ਆਪਣੀ ਲੜਨ ਦੀ ਸਮਰੱਥਾ ਅਤੇ ਪ੍ਰਤੀਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। ਇਸ ਤੋਂ ਇਲਾਵਾ ਨਿਵੇਸ਼ ਵਧਾਉਣ ਦੇ ਨਾਲ-ਨਾਲ ਰੁਜ਼ਗਾਰ ਦੇ ਕਈ ਮੌਕੇ ਵੀ ਪੈਦਾ ਹੋਏ ਹਨ। ਇਸ ਨਾਲ ਅਮਰੀਕਾ ਦੇ ਵੱਖ-ਵੱਖ ਖੇਤਰਾਂ ਵਿੱਚ ਵਿਭਿੰਨਤਾ ਆਈ ਹੈ।

**ਅਮਰੀਕਾ ਦੇ ਹਰ ਖੇਤਰ ਵਿੱਚ ਹਨ ਭਾਰਤੀ ਕੰਪਨੀਆਂ**

ਸਰਵੇਖਣ ਕੀਤੀਆਂ ਗਈਆਂ ਭਾਰਤੀ ਕੰਪਨੀਆਂ ਵਿੱਚੋਂ, 29% ਜੀਵਨ ਵਿਗਿਆਨ ਅਤੇ ਫਾਰਮਾਸਿਊਟੀਕਲ ਫਰਮਾਂ ਸਨ, 21% ਸੂਚਨਾ ਤਕਨਾਲੋਜੀ ਅਤੇ ਦੂਰਸੰਚਾਰ ਫਰਮਾਂ ਸਨ, 18% ਨਿਰਮਾਣ ਕੰਪਨੀਆਂ ਸਨ। ਇਸ ਤੋਂ ਇਲਾਵਾ 10% ਵਿੱਤੀ, ਕਾਨੂੰਨੀ, ਲੌਜਿਸਟਿਕਸ ਅਤੇ ਡਿਜ਼ਾਈਨ ਸੇਵਾਵਾਂ ਖੇਤਰ ਨਾਲ ਸਬੰਧਤ ਸਨ, ਜਦੋਂ ਕਿ 5% ਆਟੋਮੋਟਿਵ ਸੈਕਟਰ ਨਾਲ ਸਬੰਧਤ ਸਨ। ਭਾਰਤੀ ਕੰਪਨੀਆਂ ਅਮਰੀਕਾ ਦੇ ਸਾਰੇ 50 ਰਾਜਾਂ ਵਿੱਚ ਨਿਵੇਸ਼ ਕਰ ਰਹੀਆਂ ਹਨ, ਹਰ ਰਾਜ ਵਿੱਚ ਨੌਕਰੀਆਂ ਪੈਦਾ ਕਰ ਰਹੀਆਂ ਹਨ। ਰਿਪੋਰਟ ਦੇ ਅਨੁਸਾਰ, ਇਹਨਾਂ ਫਰਮਾਂ ਦੁਆਰਾ ਨਿਵੇਸ਼ ਦੇ ਮਾਮਲੇ ਵਿੱਚ ਚੋਟੀ ਦੇ ਪੰਜ ਰਾਜਾਂ ਵਿੱਚ ਟੈਕਸਾਸ, ਜਾਰਜੀਆ, ਨਿਊ ਜਰਸੀ, ਨਿਊਯਾਰਕ ਅਤੇ ਮੈਸੇਚਿਉਸੇਟਸ ਸ਼ਾਮਲ ਹਨ।

**ਵਪਾਰ ਅਤੇ ਨਿਵੇਸ਼ ਸਬੰਧਾਂ ਦਾ ਨੀਂਹ ਪੱਥਰ**

ਭਾਰਤ ਸੰਯੁਕਤ ਰਾਜ ਅਮਰੀਕਾ ਲਈ ਇੱਕ ਕੁਦਰਤੀ ਵਪਾਰ ਅਤੇ ਨਿਵੇਸ਼ ਭਾਈਵਾਲ ਹੈ। ਭਾਰਤ-ਅਮਰੀਕਾ ਆਰਥਿਕ ਸਬੰਧ ਦੋਵਾਂ ਦੇਸ਼ਾਂ ਦੇ ਭਵਿੱਖ ਦੇ ਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਹਨ। ਅਸੀਂ ਕਹਿ ਸਕਦੇ ਹਾਂ ਕਿ ਵਪਾਰ ਅਤੇ ਨਿਵੇਸ਼ ਭਾਰਤ ਅਤੇ ਅਮਰੀਕਾ ਦੇ ਦੁਵੱਲੇ ਸਬੰਧਾਂ ਦਾ ਆਧਾਰ ਹਨ। ਇਸ ਸੰਦਰਭ ਵਿੱਚ ਜਿਸ ਤਰ੍ਹਾਂ ਭਾਰਤੀ ਕੰਪਨੀਆਂ ਅਮਰੀਕਾ ਵਿੱਚ ਨਿਵੇਸ਼ ਰਾਹੀਂ ਵੱਡੇ ਪੱਧਰ ’ਤੇ ਰੁਜ਼ਗਾਰ ਪੈਦਾ ਕਰ ਰਹੀਆਂ ਹਨ, ਉਹ ਭਵਿੱਖ ਵਿੱਚ ਆਪਸੀ ਸਬੰਧਾਂ ਲਈ ਜੀਵਨ ਰੇਖਾ ਦਾ ਕੰਮ ਕਰੇਗੀ।ਇਸ ਸਮੇਂ ਅਮਰੀਕਾ ਪਿਛਲੇ ਦੋ ਸਾਲਾਂ ਤੋਂ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਹਾਲ ਹੀ ਵਿੱਚ ਸਾਲ 2022-23 ਦੇ ਕਾਰੋਬਾਰੀ ਅੰਕੜੇ ਸਾਹਮਣੇ ਆਏ ਹਨ। ਕਿਹਾ ਗਿਆ ਕਿ ਇਸ ਸਾਲ ਵੀ ਅਮਰੀਕਾ ਚੀਨ ਨੂੰ ਪਿੱਛੇ ਛੱਡ ਕੇ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਬਣਿਆ ਰਿਹਾ। ਦਰਅਸਲ, ਅਮਰੀਕਾ ਨੇ 2021-22 ਵਿੱਚ ਇਸ ਮਾਮਲੇ ਵਿੱਚ ਚੀਨ ਨੂੰ ਪਿੱਛੇ ਛੱਡ ਦਿੱਤਾ ਸੀ ਅਤੇ ਉਸ ਸਾਲ ਹੀ ਭਾਰਤ ਦਾ ਸਭ ਤੋਂ ਵੱਡਾ ਭਾਈਵਾਲ ਬਣ ਗਿਆ ਸੀ।2022-23 ਵਿੱਚ ਵੀ ਇਹੀ ਸਥਿਤੀ ਬਣੀ ਰਹੀ। ਇਸ ਦੌਰਾਨ ਭਾਰਤ ਅਤੇ ਅਮਰੀਕਾ ਵਿਚਾਲੇ ਦੁਵੱਲਾ ਵਪਾਰ 128.55 ਅਰਬ ਡਾਲਰ ਤੱਕ ਪਹੁੰਚ ਗਿਆ। ਵਿੱਤੀ ਸਾਲ 2022-23 ਦੌਰਾਨ ਭਾਰਤ ਅਤੇ ਅਮਰੀਕਾ ਦਰਮਿਆਨ ਦੁਵੱਲੇ ਵਪਾਰ ਵਿੱਚ 7.65% ਦਾ ਵਾਧਾ ਹੋਇਆ ਹੈ।

**ਲਗਾਤਾਰ ਮਜ਼ਬੂਤ ਹੋ ਰਹੇ ਹਨ ਆਰਥਿਕ ਸਬੰਧ**

ਇਹ ਅੰਕੜੇ ਇਹ ਦਰਸਾਉਣ ਲਈ ਕਾਫੀ ਹਨ ਕਿ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਬੰਧ ਲਗਾਤਾਰ ਮਜ਼ਬੂਤ ਹੋ ਰਹੇ ਹਨ। ਵਿਸ਼ਵ ਦ੍ਰਿਸ਼ਟੀਕੋਣ ਤੋਂ ਭਾਰਤ ਅਮਰੀਕਾ ਲਈ ਬਹੁਤ ਮਹੱਤਵਪੂਰਨ ਹੈ। ਇਸ ਵਿੱਚ ਵਪਾਰ ਦੀ ਭੂਮਿਕਾ ਬਹੁਤ ਵੱਡੀ ਹੈ। ਇਹੀ ਕਾਰਨ ਹੈ ਕਿ ਦੋ ਸਾਲਾਂ ਵਿੱਚ ਆਪਸੀ ਵਪਾਰ ਵਿੱਚ 48 ਅਰਬ ਡਾਲਰ ਦਾ ਵਾਧਾ ਹੋਇਆ ਹੈ। ਸਭ ਤੋਂ ਵੱਡਾ ਵਪਾਰਕ ਭਾਈਵਾਲ ਹੋਣ ਦੇ ਬਾਵਜੂਦ, ਭਾਰਤ ਅਮਰੀਕਾ ਨੂੰ ਦਰਾਮਦ ਨਾਲੋਂ ਵੱਧ ਨਿਰਯਾਤ ਕਰਦਾ ਹੈ। ਭਾਵ ਅਮਰੀਕਾ ਨਾਲ ਵਪਾਰ ਦੇ ਲਿਹਾਜ਼ ਨਾਲ ਭਾਰਤ ਦੀ ਸਥਿਤੀ ਮਜ਼ਬੂਤ ਹੈ। ਇਸ ਦੇ ਨਾਲ ਹੀ ਚੀਨ ਨਾਲ ਭਾਰਤ ਦਾ ਵਪਾਰ ਘਾਟਾ ਲਗਾਤਾਰ ਵਧ ਰਿਹਾ ਹੈ। ਅਮਰੀਕਾ ਨਾਲ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਕੰਪਨੀਆਂ ਦੀ ਵੀ ਵੱਡੀ ਭੂਮਿਕਾ ਹੈ।

## ਪੜ੍ਹਾਈ ਕਰਨ ਲਈ ਅਮਰੀਕਾ ਹੈ ਮਨਪਸੰਦ ਸਥਾਨ



ਪੜ੍ਹਾਈ ਲਈ ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ ਵਧੀ ਹੈ। ਯੂਐਸ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਦੀ ਸਾਲਾਨਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2022 ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਅਤੇ ਚੀਨੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਇਸ ਰਿਪੋਰਟ ਦੇ ਅਨੁਸਾਰ ਭਾਰਤ ਨੇ ਪਿਛਲੇ ਸਾਲ ਦੇ ਮੁਕਾਬਲੇ 2022 ਵਿੱਚ 64,300 ਹੋਰ ਵਿਦਿਆਰਥੀ ਭੇਜੇ, ਜਦੋਂ ਕਿ ਚੀਨ ਤੋਂ ਇੱਥੇ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ 2021 ਦੇ ਮੁਕਾਬਲੇ 24,796 ਘੱਟ ਸੀ।

## ਅਮਰੀਕਾ ਦੀ ਪ੍ਰਸਿੱਧ ਮਿਸੀਸਿਪੀ ਨਦੀ



ਮਿਸੀਸਿਪੀ ਨਦੀ ਸੰਯੁਕਤ ਰਾਜ ਅਮਰੀਕਾ ਦੇ ਉਦਯੋਗੀਕਰਨ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਲਈ ਮਸ਼ਹੂਰ ਹੈ। ਇਹ ਨਦੀ ਪਣ-ਬਿਜਲੀ ਊਰਜਾ ਦਾ ਇੱਕ ਮਹੱਤਵਪੂਰਨ ਸਰੋਤ ਹੈ, ਲੱਖਾਂ ਲੋਕਾਂ ਲਈ ਪੀਣ ਵਾਲਾ ਪਾਣੀ ਪ੍ਰਦਾਨ ਕਰਦੀ ਹੈ। ਇਸ ਨਦੀ ਵਿੱਚ ਬਹੁਤ ਸਾਰੀਆਂ ਵਾਤਾਵਰਣਿਕ ਅਤੇ ਵਪਾਰਕ ਤੌਰ ’ਤੇ ਮਹੱਤਵਪੂਰਨ ਮੱਛੀਆਂ ਦੀਆਂ ਕਿਸਮਾਂ ਵੇਖਣ ਨੂੰ ਮਿਲਦੀਆਂ ਹਨ। ਅਮਰੀਕੀ ਸੱਭਿਆਚਾਰ ਨਾਲ ਨਦੀ ਦੇ ਸਬੰਧ ਨੇ ਇਸ ਨੂੰ ਮਾਰਕ ਟਵੇਨ ਦੇ ਹਕਲਬੇਰੀ ਫਿਨ ਸਮੇਤ ਬਹੁਤ ਸਾਰੇ ਅਮਰੀਕੀ ਸਾਹਿਤ ਦਾ ਕੇਂਦਰ ਬਿੰਦੂ ਬਣਾ ਦਿੱਤਾ ਹੈ।

2 ਮਿਲੀਅਨ ਵਰਗ ਮੀਲ ਨੂੰ ਕਵਰ ਕਰਦੇ ਹੋਏ, ਮਿਸੀਸਿਪੀ ਨਦੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਨਦੀ ਹੈ। ਮਿਸੀਸਿਪੀ ਨੂੰ ਸਿਰਫ਼ ਐਮਾਜ਼ਾਨ ਅਤੇ ਕਾਂਗੋ ਨਦੀ ਦੁਆਰਾ ਪਛਾੜਿਆ ਗਿਆ ਹੈ। ਇਹ ਨਦੀ 31 ਰਾਜਾਂ ਤੋਂ ਪਾਣੀ ਇਕੱਠਾ ਕਰਦੀ ਹੈ। ਮਿਸੀਸਿਪੀ ਨਦੀ ਦਾ ਜਲ ਖੇਤਰ ਸੰਯੁਕਤ ਰਾਜ ਅਮਰੀਕਾ ਦੇ 40% ਤੋਂ ਵੱਧ ਨੂੰ ਕਵਰ ਕਰਦਾ ਹੈ।

ਪੇਪਿਨ ਝੀਲ ਮਿਸੀਸਿਪੀ ਨਦੀ ਦੇ ਸ਼ਿਪਿੰਗ ਚੈਨਲ ਦਾ ਸਭ ਤੋਂ ਚੌੜਾ ਹਿੱਸਾ ਹੈ।

ਮਿਸੀਸਿਪੀ ਨਦੀ ਦਾ ਸਭ ਤੋਂ ਚੌੜਾ ਬਿੰਦੂ ਉਹ ਹੈ ਜਿੱਥੇ ਨਦੀ ਬੇਨਿੰਗਟਨ, ਮਿਨੇਸੋਟਾ ਦੇ ਨੇੜੇ ਵਿਨੀਬੀਗੋਸ਼ੀਸ਼ ਝੀਲ ਬਣਾਉਂਦੀ ਹੈ। ਇਸ ਦੇ ਸਭ ਤੋਂ ਚੌੜੇ ਬਿੰਦੂ ’ਤੇ, ਮਿਸੀਸਿਪੀ ਦੀ ਝੀਲ ਵਿਨੇਬੀਗੋਸ਼ੀਸ਼ 11 ਮੀਲ ਤੋਂ ਵੱਧ ਚੌੜੀ ਹੈ। ਨਦੀ ਦੇ ਸ਼ਿਪਿੰਗ ਚੈਨਲ ਦੇ ਅੰਦਰ, ਸਭ ਤੋਂ ਚੌੜਾ ਬਿੰਦੂ ਪੇਪਿਨ ਝੀਲ ਹੈ, ਜਿੱਥੇ ਚੈਨਲ ਲਗਭਗ 2 ਮੀਲ ਚੌੜਾ ਹੈ।

ਮਿਸੀਸਿਪੀ ਨਦੀ ’ਤੇ ਵਿਨੀਬੀਗੋਸ਼ੀਸ਼ ਝੀਲ ਹੈ ਜਿੱਥੇ ਵਾਟਰ ਸਕੀਇੰਗ ਦੀ ਖੋਜ ਕੀਤੀ ਗਈ ਸੀ। ਸਿਰਫ਼ 18 ਸਾਲ ਦੀ ਉਮਰ ਵਿੱਚ, ਰਾਲਫ਼ ਸੈਮੂਅਲਸਨ ਬਰਫ਼ ਦੀ ਸਕੀਇੰਗ ਤੋਂ ਪਾਣੀ ਵਿੱਚ ਤਬਦੀਲੀ ਕਰਨ ਵਾਲਾ ਪਹਿਲਾ ਵਿਅਕਤੀ ਸੀ। ਹਾਲਾਂ ਕਿ, ਸੈਮੂਅਲਸਨ ਨੇ ਇਸ ਕਾਢ ਨੂੰ ਪੇਟੈਂਟ ਨਹੀਂ ਕੀਤਾ। ਇਸ ਦੀ ਬਜਾਏ, ਨਿਊਯਾਰਕ ਦੇ



ਖੋਜੀ ਫਰੇਡ ਵਾਲਰ ਨੇ ਸੈਮੂਅਲਸਨ ਦੀ ਪਹਿਲੀ ਸਫਲ ਵਾਟਰ ਸਕੀ ਰਾਈਡ ਤੋਂ ਤਿੰਨ ਸਾਲ ਬਾਅਦ, 1925 ਵਿੱਚ ਵਾਟਰ ਸਕੀ ਲਈ ਇੱਕ ਪੇਟੈਂਟ ਪ੍ਰਾਪਤ ਕੀਤਾ। ਸਭ ਤੋਂ ਪਹਿਲਾਂ, 2002 ਵਿੱਚ, ਸਲੋਵੇਨੀਅਨ ਦੂਰੀ ਦੇ ਤੈਰਾਕ ਮਾਰਟਿਨ ਸਟ੍ਰੇਲ ਨੇ ਮਿਸੀਸਿਪੀ ਨਦੀ ਦੀ ਲੰਬਾਈ 68 ਦਿਨਾਂ ਵਿੱਚ ਨਦੀ ਵਿੱਚ ਤੈਰ ਕੇ ਮਾਪੀ। ਉਸਨੇ ਐਮਾਜ਼ਾਨ ਅਤੇ ਯਾਂਗਸੀ ਦਰਿਆਵਾਂ ਦੀ ਲੰਬਾਈ ਵੀ ਮਾਪੀ। ਫਿਰ, 2015 ਵਿੱਚ, ਯੂਐਸ ਨੇਵੀ ਦੇ ਲੜਾਕੂ ਅਨੁਭਵੀ ਕ੍ਰਿਸ ਰਿੰਗ ਮਿਸੀਸਿਪੀ ਨਦੀ ਵਿੱਚ ਤੈਰਾਕੀ ਨੂੰ ਪੂਰਾ ਕਰਨ ਵਾਲਾ ਦੂਜਾ ਵਿਅਕਤੀ ਅਤੇ ਪਹਿਲਾ ਅਮਰੀਕੀ ਬਣ ਗਿਆ। ਰਿੰਗ ਤੱਕ ਦੇ ਸਫ਼ਰ ’ਚ ਉਸ ਨੂੰ 181 ਦਿਨ ਲੱਗੇ। ਮਿਸੀਸਿਪੀ ਦਰਿਆ ਵੱਖ-ਵੱਖ ਕਿਸਮਾਂ ਦੇ ਜਾਨਵਰਾਂ ਦਾ ਘਰ ਹੈ, ਜਿਸ ਵਿੱਚ ਮੱਛੀਆਂ ਦੀਆਂ ਘੱਟੋ-ਘੱਟ 260 ਕਿਸਮਾਂ ਸ਼ਾਮਲ ਹਨ।

# ਸਟੇਟ ਐਵਾਰਡ 2021 ਤੇ ਮਿਨਸਟਰੀ ਆਫ਼ ਐਜੂਕੇਸ਼ਨ ਭਾਰਤ ਵੱਲੋਂ ਰਾਸ਼ਟਰੀ ਪੁਰਸਕਾਰ 2023 ਨਾਲ ਸਨਮਾਨਿਤ ਅੰਮ੍ਰਿਤਪਾਲ ਸਿੰਘ (ਪਾਲੀ ਖ਼ਾਦਿਮ)

ਸੁਖਜੀਤ ਕੌਰ ਚੀਮਾ
9877101405

ਕਰੋੜਾਂ ਦੀ ਆਬਾਦੀ ਵਿੱਚ ਸਿਰਫ ਤਿੰਨ ਇਨਸਾਨ ਹੀ ਇਹ ਚਾਹੁੰਦੇ ਹਨ ਕਿ ਤੁਸੀਂ ਉਹਨਾਂ ਤੋਂ ਵੀ ਵੱਧ ਤਰੱਕੀ ਕਰੋ , ਖੁੱਲ੍ਹੇ ਅਸਮਾਨ ਵਿੱਚ ਉੱਡੋ ਤੇ ਆਪਣੇ ਸਾਰੇ ਸੁਪਨੇ ਸਾਕਾਰ ਕਰਨ ਦਾ ਜਿਗਰਾ ਰੱਖੋਂ ! ਇਹ ਤਿੰਨ ਹਨ : ਮਾਤਾ , ਪਿਤਾ ਤੇ ਅਧਿਆਪਕ। ਅੱਜ ਅਸੀਂ ਇਸ ਲੇਖ ਰਾਹੀਂ ਇੱਕ ਐਸੇ ਹੀ ਚਾਨਣ ਮੁਨਾਰੇ ਦੇ ਜੀਵਨ ਬਾਰੇ ਚਾਨਣਾ ਪਾਵਾਂਗੇ ਜਿਸ ਦੀ ਆਪਣੀ ਫੇਸਬੁੱਕ ਕੰਧ 'ਤੇ ਲਿਖੀ ਇਹ ਤੁੱਕ 'ਮੇਰੇ ਕੋਲ ਕਾਲਜ ਕਲਰ ਤੇ ਮੇਰੇ ਵਿਦਿਆਰਥੀ ਕੋਲ ਯੂਨੀਵਰਸਿਟੀ ਕਲਰ' ਇਹ ਸਾਫ਼ ਜ਼ਾਹਿਰ ਕਰਦੀ ਹੈ ਕਿ ਉਹ ਆਪਣੇ ਵਿਦਿਆਰਥੀਆਂ ਦੀ ਉੱਚੀ ਉਡਾਰੀ ਵੇਖ ਸਿਰਫ਼ ਖੁਸ਼ ਨਹੀਂ ਹੁੰਦਾ ਸਗੋਂ ਉਹਨਾਂ ਨੂੰ ਮੰਜ਼ਿਲਾਂ ਸਰ ਕਰਨ ਦੇ ਕਾਬਿਲ ਬਣਾਉਣ ਲਈ ਸਖ਼ਤ ਮਿਹਨਤ ਵੀ ਕਰਦਾ ਹੈ , ਪਾਲੀ ਖ਼ਾਦਿਮ !!



ਜਿੱਥੇ ਅੱਜ ਮਸ਼ੀਨੀਕਰਨ ਨੇ ਸਾਨੂੰ ਸੱਭਿਆਚਾਰ ਨਾਲੋਂ ਤੋੜ ਦਿੱਤਾ ਹੈ ਉੱਥੇ ਹੀ ਪਾਲ਼ੀ ਖ਼ਾਦਿਮ ਜੀ ਇਸੇ ਮਸ਼ੀਨੀਕਰਨ ਦੀ ਵਰਤੋਂ ਕਰ ਸੱਭਿਆਚਾਰ ਅਤੇ ਰੰਗਮੰਚ ਦਾ ਪ੍ਰਸਾਰ ਕਰਨ ਦੀ ਇਕ ਨਿਵੇਕਲੀ ਹੀ ਉਦਾਹਰਣ ਪੇਸ਼ ਕੀਤੀ ਹੈ ! ਜਿਸਦਾ ਨਮੂਨਾ ਅਸੀਂ ਉਹਨਾਂ ਦੁਆਰਾ ਚਲਾਏਂ ਜਾਂਦੇ ਯੂ-ਟਿਊਬ ਚੈਨਲ "ਪਰਵਾਜ਼" ਉੱਤੇ ਬਾਖੂਬੀ ਦੇਖ ਸਕਦੇ ਹਾਂ !

ਕਹਿੰਦੇ ਹਨ ਛਾਂ ਵੀ ਉਸੇ ਰੁੱਖ ਦੀ ਗੂੜੀ ਹੁੰਦੀ ਏ, ਜਿਸਦੀਆਂ ਜੜ੍ਹਾਂ ਡੂੰਘੀਆਂ ਹੋਣ ਭਾਵ ਗੁਣ ਵੀ ਉਹੀਂ ਵੰਡ ਸਕਦੈ ਜੋ ਆਪ ਗੁਣਵਾਨ ਹੋਵੇ ! ਸੋ ਇਹ ਗੁਣਾਂ ਦਾ ਬੂਟਾ ਮਲੇਰਕੋਟਲਾ ਦੇ ਇੱਕ ਕਸਬੇ ਅਹਿਮਦਗੜ੍ਹ ਵਿੱਚ ਸਤਿਕਾਰਯੋਗ ਸਵ:ਮਾਤਾ ਜਸਵੀਰ ਕੌਰ ਤੇ ਪਿਤਾ ਭੁਪਿੰਦਰ ਸਿੰਘ ਜੀ ਦੇ ਘਰ 17 ਫਰਵਰੀ 1982 ਨੂੰ ਉਪਜਿਆ ! ਪਾਲ਼ੀ ਖ਼ਾਦਿਮ ਜੀ ਨੇ ਲਗਭਗ ਆਪਣੀ ਸਾਰੀ ਹੀ ਪੜ੍ਹਾਈ ਅਹਿਮਦਗੜ੍ਹ ਦੇ ਗਾਂਧੀ ਸਕੂਲ ਅਤੇ ਸਰਕਾਰੀ ਕਾਲਜ਼ ਕਰਮਸਰ ਰਾੜਾ ਸਾਹਿਬ ਤੋਂ ਪ੍ਰਾਪਤ ਕੀਤੀ ! ਆਪਣੇ ਵਿਸ਼ੇ ਨਾਲ ਸਬੰਧਤ ਡਿਗਰੀਆਂ ਬੀ.ਏ ,ਪੀ.ਜੀ.ਡੀ.ਸੀ.ਏ,ਐਮ.ਐਸ.ਸੀ (ਆਈ ਟੀ ) ਅਤੇ ਐਮ.ਸੀ.ਏ ਤੋਂ ਹੱਟ ਕੇ ਕੀਤੀ ਪੰਜਾਬੀ ਭਾਸ਼ਾ ਦੀ ਐਮ.ਏ ਇਹਨਾਂ ਦਾ ਮਾਂ ਬੋਲੀ ਨਾਲ਼ ਗੂੜ੍ਹਾ ਮੋਹ ਹੋਣ ਦਾ ਚਿੱਤਰ ਉਲੀਕਦੀ ਹੈ ! ਸਭਿਆਚਾਰਕ ਨਰੋਏਪਨ ਦੀ ਖਿੱਚ ਪੜ੍ਹਾਈ ਕਰਦਿਆਂ ਹੀ ਪੈਦਾ ਹੋਈ ਹੋਣ ਕਰਕੇ ਆਪ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਲੋਕ ਸਾਜ਼ਾਂ 'ਤੇ ਅਧਾਰਿਤ ਵੰਨਗੀ 'ਫੋਕੀ ਆਰਕੈਸਟਰਾ' ਵਿੱਚ ਸਾਲ 2002 ਵਿੱਚ ਸੋਨ ਤਗਮਾ ਜਿੱਤਿਆ ! ਇਸ ਤੋਂ ਇਲਾਵਾ ਪਾਲ਼ੀ ਖ਼ਾਦਿਮ ਜੀ ਨੂੰ ਪੰਜਾਬ ਦੇ ਤਕਰੀਬਨ ਸਾਰੇ ਲੋਕ ਸਾਜ਼ ਜਿਵੇਂ ਅਲਗੋਜ਼ੇ, ਢੱਡ ,ਤੂੰਬੀ, ਢੋਲਕੀ,ਬੱਗਤੂ ਅਤੇ ਘੜਾ ਆਦਿ ਵਜਾਉਣ ਵਿੱਚ ਵੀ ਚੰਗੀ ਮੁਹਾਰਤ ਹਾਸਲ ਹੈ ! ਸੁਘੜ ਸਿਆਣਾ, ਸਿਰੜੀ , ਨਿਮਰਤਾ ਤੇ ਨਿਵਨਤਾ ਭਰਪੂਰ, ਸੁਹਿਰਦ ਤੇ ਅਗਾਂਹ ਵਧੂ ਸੋਚ ਦੇ ਮਾਲਕ ਇਸ ਅਧਿਆਪਕ ਨੇ 2006 ਵਿੱਚ ਸਿੱਖਿਆ ਵਿਭਾਗ ਵਿੱਚ ਪੈਰ ਰੱਖਦਿਆਂ ਹੀ ਆਪਣੇ ਵਿਦਿਆਰਥੀਆਂ ਨੂੰ ਤਰਾਸ਼ਣਾ ਸ਼ੁਰੂ ਕਰ ਦਿੱਤਾ ! ਇਕ ਸੱਚੇ ਅਧਿਆਪਕ ਦਾ ਫ਼ਰਜ਼, ਗਿਆਨ ਵੰਡਣ ਦੀ ਰੀਤ ਨੂੰ ਮਨ ਨਾਲ ਨਿਭਾਉਂਦੇਹੋਏ ਉਹ ਪਹਿਲਾਂ (2006 ਤੋਂ 2009) ਸਰਕਾਰੀ ਹਾਈ ਸਕੂਲ ਝੁਨੇਰ, ਜ਼ਿਲ੍ਹਾ ਸੰਗਰੂਰ ਤੇ ਹੁਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਪਾਰ (ਲੁਧਿਆਣਾ) ਦੇ ਬੱਚਿਆਂ ਨੂੰ ਸਮੇਂ ਸਮੇਂ ਤੇ ਕਰਵਾਏ ਜਾਂਦੇ ਕਲਾ ਉਤਸਵ ਮੁਕਾਬਲਿਆਂ ਵਿੱਚ ਚੰਗੇ ਮੈਡਲ ਹਾਸਿਲ ਕਰਵਾ ਰਹੇ ਹਨ ! ਉਹਨਾਂ ਵੱਲੋਂ ਤਿਆਰ ਕੀਤੀ ਮਲਵਈ ਗਿੱਧੇ ਦੀ ਟੀਮ ਦਾ ਪੀ.ਟੀ.ਸੀ. ਪੰਜਾਬੀ ਵੱਲੋਂ ਸਰਵੋਤਮ ਟੀਮ ਅਤੇ ਰਾਜ ਪੱਧਰੀ ਮੁਕਾਬਲੇ 2014 ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨਾ ਉਹਨਾਂ ਦੀ ਲੋਕ ਨਾਚਾਂ ਬਾਰੇ ਡੂੰਘੀ ਜਾਣਕਾਰੀ ਦੀ ਹੀ ਨਹੀਂ ਸਗੋਂ ਉਹਨਾਂ ਵਿੱਚਲੇ ਚੰਗੇ ਉਸਤਾਦੀ ਗੁਣ ਦੀ ਹਾਮੀ ਉੱਚੀ ਉੱਚੀ ਬੋਲ ਕੇ ਭਰਦਾ ਹੈ !

ਆਪਣੇ ਵਿਸ਼ੇ ਦੇ ਕੰਪਿਊਟਰ ਵਾਂਗ ਮਲਟੀਪਰਪਜ਼ ਪਾਲ਼ੀ ਖ਼ਾਦਿਮ ਜੀ ਕੇਵਲ ਨੱਚਣ ਗਾਉਣ ਤੱਕ ਸੀਮਤ ਨਹੀਂ ਸਗੋਂ ਦੂਰਦਰਸ਼ਨ ਦੇ ਪ੍ਰੋਗਰਾਮ ਲਿਸ਼ਕਾਰਾ 'ਤੇ 'ਮੈਂ ਗੂੰਗੀ ਨਹੀਂ' ਨਾਟਕ ਵਿੱਚ ਆਪਣੀ ਭੂਮਿਕਾ ਨਿਭਾ ਕੇ ,ਆਪਣੇ ਵਿਦਿਆਰਥੀਆਂ ਨੂੰ ਕੋਰਿਓਗ੍ਰਾਫੀ, ਹਿਸਟਾਨਿਕਸ, ਸਕਿੱਟ, ਮਿਮਕਰੀ ਅਤੇ ਮਾਈਮ ਤਿਆਰ ਕਰਵਾ ਕੇ ਰੰਗ ਮੰਚ ਦੇ ਵਿਹੜੇ ਵਿੱਚ ਵੀ ਆਪਣੀ ਕਲਾ ਦੇ ਜੌਹਰ ਖੂਬਸੂਰਤੀ ਨਾਲ ਪੇਸ਼ ਕਰ ਚੁੱਕੇ ਹਨ ! ਇੱਥੇ ਹੀ ਬਸ ਨਾ ਕਰਦਿਆਂ, ਸ.ਅੰਮ੍ਰਿਤਪਾਲ ਸਿੰਘ ਤੋਂ ਪਾਲ਼ੀ ਖ਼ਾਦਿਮ ਗ਼ਜ਼ਲ ਵਰਗਾ ਨਾਂ ਧਰਦਿਆ ਉਹਨਾਂ ਨੇ ਆਪਣਾ ਗ਼ਜ਼ਲ ਸੰਗ੍ਰਹਿ ਸਵੈ ਦੀ ਤਸਦੀਕ ਸਾਹਿਤ ਜਗਤ ਦੀ ਝੋਲੀ ਪਾਇਆ ! ਆਪਣੀ ਕਿਤਾਬ ਦਾ ਮੁੱਖ ਬੰਦ ਕਿਸੇ ਨਾਮਵਰ ਲੇਖਕ ਤੋਂ ਲਿਖਵਾਉਣ ਦੀ ਥਾਂ ਆਪ ਲਿਖ ਕੇ ਉਹਨਾਂ ਸਵੈ ਦੀ ਸਚਮੁੱਚ ਹੀ ਤਸਦੀਕ ਕੀਤੀ ਜਾਪਦੀ ਹੈ ਤੇ ਆਪਣੀ ਲਿਖਣ ਕਲਾ ਪ੍ਰਤੀ ਇਹ ਦ੍ਰਿੜ ਭਰੋਸਾ ਹੀ ਉਹਨਾਂ ਦੀ ਬਾਲ ਪੁਸਤਕ ਸਾਡੀ ਕਿਤਾਬ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵੋਤਮ ਬਾਲ ਪੁਰਸਕਾਰ ਦੀ ਹੱਕਦਾਰ ਬਣਾਉਂਦਾ ਹੈ ! ਉਹਨਾਂ ਵੱਲੋਂ ਲਿਖੇ ਦੋ ਬਾਲ ਨਾਵਲ ਵਾਇਰਸ ਅਤੇ ਜਾਦੂ ਪੱਤਾ ਤੇ ਉਹਨਾਂ ਦੀ ਆਈਸੀਟੀ ਪਰਵਾਜ਼ ਚੈਨਲ ਤੇ ਉਪਲਬਧ ਆਡੀਓ ਆਪਣੀ ਰੌਚਿਕਤਾ ਨਾਲ ਬਾਲ ਮਨਾਂ ਤੇ ਸਚਮੁੱਚ ਹੀ ਆਪਣਾ ਜਾਦੂ ਛੱਡਦੀ ਹੈ ! ਸ਼ਾਇਦ ਇਸੇ ਹੀ ਮਕਬੂਲੀਅਤ ਕਾਰਨ ਜਾਦੂ ਪੱਤਾ ਸਰਹੱਦੋਂ ਪਾਰ ਉੱਡ ਕੇ ਪਾਕਿਸਤਾਨ ਦੇ ਬੱਚਿਆਂ ਤੱਕ ਉਰਦੂ ਭਾਸ਼ਾ ਵਿੱਚ ਵੀ ਪਹੁੰਚ ਕਰ ਚੁੱਕਾ ਹੈ ! ਪਾਲ਼ੀ ਖ਼ਾਦਿਮ ਜੀ ਕੇਵਲ ਸਾਹਿਤਕ ਵੰਨਗੀਆਂ ਹੀ ਨਹੀਂ ਸਗੋਂ ਵਿਆਕਰਣ ਨੂੰ ਸੌਖੀ ਕਰ ਇਕ ਪੰਜਾਬੀ ਵਿਆਕਰਣ ਦੀ ਕਿਤਾਬ (ਰਾਜ ਅਤੇ ਪੁਰਸਕਾਰ ਨਾਲ ਸਨਮਾਨਿਤ) ਵੀ ਪੰਜਾਬੀ ਭਾਸ਼ਾ ਨੂੰ ਭੇਂਟ ਕਰ ਚੁੱਕੇ ਹਨ !



ਸੋ ਉਪਰੋਕਤ ਗੁਣਾਂ ਦੀ ਗੁਥਲੀ ਇਸ ਆਸ਼ਾਵਾਦੀ ਇਨਸਾਨ ਪਾਲ਼ੀ ਖ਼ਾਦਿਮ ਜੀ ਨੂੰ ਅਧਿਆਪਨ ਖ਼ੇਤਰ ਵਿੱਚ ਸਟੇਟ ਐਵਾਰਡ 2021 ਤੇ ਮਿਨਸਟਰੀ ਆਫ ਐਜੂਕੇਸ਼ਨ ਭਾਰਤ ਵੱਲੋਂ ਰਾਸ਼ਟਰੀ ਪੁਰਸਕਾਰ 2023 ਨਾਲ ਸਨਮਾਨਿਤ ਕੀਤਾ ਗਿਆ ਹੈਂ। ਆਪ ਦੀਆਂ ਸੱਭਿਆਚਾਰਕ ਗਤੀਵਿਧੀਆਂ ਨੂੰ ਗਹੁ ਨਾਲ ਵਾਚਦਿਆਂ ਸੱਭਿਆਚਾਰਕ ਮੰਤਰਾਲੇ ਵੱਲੋਂ ਆਪ ਨੂੰ ਸੀਨੀਅਰ ਖੋਜ ਫੈਲੋਸ਼ਿਪ ਨਾਲ ਵੀ ਨਿਵਾਜ਼ਿਆ ਗਿਆ ਹੈ ।

ਆਪਣੇ ਵਿਸ਼ੇ ਨੂੰ ਕਵਿਤਾਵਾਂ ਤੇ ਬੋਲੀਆਂ ਨਾਲ ਸ਼ਿੰਗਾਰ, 30 ਐਜੂਕੇਸ਼ਨਲ ਮੋਬਾਇਲ ਗੇਮਾਂ ਬਣਾ ਕੇ 3 ਲੱਖ ਤੋਂ ਵੱਧ ਬੱਚਿਆਂ ਨੂੰ ਆਪਣੇ ਵਿਸ਼ੇ ਨਾਲ ਜੋੜ , ਥਿੰਕ ਕਲਾਈਂਟ ਨੈੱਟਵਰਕਿੰਗ ਲੈਬ ਤੇ ਪੰਜਾਬ ਦਾ ਪਹਿਲਾ ਕੰਪਿਊਟਰ ਪਾਰਕ ਬਣਾ ਸਿੱਖਿਆ ਦੇ ਖੇਤਰ ਨੂੰ ਵਿਸ਼ਾਲ ਕਰਨ ਵਾਲਾ ਇਹ ਅਧਿਆਪਕ ਸਦਾ ਹੀ ਚੜ੍ਹਦੀ ਕਲਾਂ ਵਿੱਚ ਵਿਚਰੇ । ਪਰਮਾਤਮਾ ਕਰੇ ਕਿ ਪਾਲ਼ੀ ਖ਼ਾਦਿਮ ਜੀ ਆਪਣੇ ਗੁਣਾਂ ਦੀ ਖ਼ਾਦ ਪਾ ਆਪਣੇ ਵਿਦਿਆਰਥੀ ਰੂਪੀ ਬੂਟਿਆਂ ਨੂੰ ਸਦਾ ਹੀ ਮਿਹਕਾਂਉਦੇ ਰਹਿਣ ਤਾਂ ਕਿ ਸਮਾਜ ਸਿੱਖਿਆ ਦੇ ਚਾਨਣ ਨਾਲ ਜਗਮਗਾ ਉੱਠੇ।



# ਬੋਝਲ ਖੁਰਾਕਾਂ ਦੇ ਸੁਆਦ ਨੇ ਪੰਜਾਬ ਦੇ ਗੱਭਰੂਆਂ ਨੂੰ ਰੋਗੀ ਬਣਾਇਆ



ਮਹਿੰਦਰ ਸਿੰਘ ਦੋਸਾਂਝ

ਕੁਝ ਸਮਾਂ ਪਹਿਲਾਂ ਮੇਰਾ ਇੱਕ ਦੋਸਤ ਮੈਨੂੰ ਮਿਲਣ ਆਇਆ ਤੇ ਉਸਨੇ ਮੈਨੂੰ ਇੱਕ ਗੀਤ ਸੁਣਾਇਆ, ਗੀਤ ਦੇ ਪਹਿਲੇ ਬੋਲ ਸਨ-
ਕਿੱਥੇ ਗਏ ਹਲ਼, ਕਿੱਥੇ ਗਈਆਂ ਨੇ ਪੰਜਾਲੀਆਂ ?
ਕਿੱਥੇ ਗਈਆਂ ਖੇਤੀਂ ਭੱਤਾ ਲੈ ਕੇ ਜਾਣ ਵਾਲੀਆਂ ?

ਸੱਚ ਤਾਂ ਇਹ ਹੈ ਕਿ ਕੇਵਲ ਹਲ਼ ਪੰਜਾਲੀਆਂ ਅਤੇ ਭੱਤੇ ਹੀ ਨਹੀਂ ਪੰਜਾਬੀ ਸੱਭਿਆਚਾਰ ਦਾ ਹੋਰ ਬਹੁਤ ਕੁਝ ਵੀ ਕਿਤੇ ਗੁੰਮ ਗੁਆਚ ਗਿਆ ਹੈ, ਇਹ ਸਭ ਕੁਝ ਸਮੇਂ ਦੀਆਂ ਆਧੁਨਿਕ ਪੈੜਾਂ ਹੇਠ ਦਬ ਗਿਆ ਹੈ ਤੇ ਹੁਣ ਇਹ ਕੇਵਲ ਪੁਰਾਣੇ ਪੰਜਾਬੀਆਂ ਦੀਆਂ ਸਿਮਰਤੀਆਂ ਤੇ ਅਜਾਇਬ ਘਰਾਂ ਵਿੱਚ ਹੀ ਰਹਿ ਗਿਆ ਹੈ।

ਪੰਜਾਬ ਦੇ ਪੇਂਡੂ ਕਿਸਾਨਾਂ ਦੇ ਰਹਿਣ-ਸਹਿਣ ਤੇ ਖਾਣ-ਪੀਣ ਦੇ ਪ੍ਰਬੰਧ ਵਿੱਚ ਸਹਾਈ ਹੋਣ ਦੇ ਨਾਲ-ਨਾਲ ਉਨ੍ਹਾਂ ਦੀਆਂ ਖੇਤੀ ਲਈ ਵੱਖ-ਵੱਖ ਲੋੜਾਂ ਵਾਸਤੇ ਹਰ ਸਮੇਂ ਤੇ ਹਰ ਪਿੰਡ ਵਿੱਚ ਕਾਰੀਗਰਾਂ ਅਤੇ ਲਾਗੀਆਂ ਦੀ ਇਕ ਮਜ਼ਬੂਤ ਤੇ ਭਰੋਸੇਯੋਗ ਟੀਮ ਹੁੰਦੀ ਸੀ।

ਸਾਉਣੀ ਦੀਆਂ ਫ਼ਸਲਾਂ ਤੋਂ ਖਾਲੀ ਰੱਖੇ ਖੇਤਾਂ ਵਿੱਚ ਕਿਸਾਨ ਹਾੜ੍ਹੀ ਦੀ ਫ਼ਸਲ ਬੀਜਣ ਲਈ ਅੱਸੂ ਤੇ ਕੱਤਕ ਦੇ ਮਹੀਨਿਆਂ ਵਿੱਚ ਲਗਾਤਾਰ ਵਹਾਈ ਕਰਦੇ ਸਨ, ਇਨ੍ਹਾਂ ਦਿਨਾਂ ਵਿੱਚ ਲੁਹਾਰਾਂ ਤੇ ਤਰਖਾਣਾਂ ਦੇ ਅੱਡਿਆਂ 'ਤੇ ਖੇਤੀ ਦੇ ਨਵੇਂ ਸੰਦ ਬਣਾਉਣ ਤੇ ਪੁਰਾਣਿਆਂ ਦੀ ਮੁਰੰਮਤ ਕਰਵਾਉਣ ਲਈ ਕਿਸਾਨਾਂ ਦੇ ਮੇਲੇ ਅਕਸਰ ਜੁੜੇ ਰਹਿੰਦੇ ਸਨ। ਪੰਜਾਲੀਆਂ ਦੇ ਮੁਠੀਏ, ਅਰਲੀਆਂ ਬਣਵਾਉਣ ਤੇ ਮੇਚ ਕਰਨ ਦੇ ਕੰਮ ਨਿਰੰਤਰ ਚਲਦੇ ਰਹਿੰਦੇ ਸਨ, ਠੀਕ ਤੇ ਲੋੜੀਂਦੀ ਡੂੰਘਾਈ ਤੱਕ ਵਹਾਈ ਲਈ ਹਲ਼ ਤੇ ਹਲ਼ ਦੀ ਪੱਥੀ ਨੂੰ ਠੀਕ ਕੀਤਾ ਜਾਂਦਾ ਸੀ, ਤੇ ਜ਼ਮੀਨ ਵਿੱਚ ਜੇ ਹਲ਼ ਉਪਰਾ ਲਗਦਾ ਹੋਵੇ ਤਾਂ ਹਲ਼ਾਂ ਵਿੱਚ ਲੱਗੀ ਹਲਸ (ਹਲ਼ ਖਿੱਚਣ ਵਾਲੀ ਲੰਮੀਂ ਲੱਕੜ) ਦੇ ਹੇਠ ਓਗ (ਲੱਕੜ ਦਾ ਫਾਨਾਂ) ਫਸਾ ਦਿੱਤਾ ਜਾਂਦਾ ਸੀ ਤੇ ਜੇ ਹਲ ਜ਼ਮੀਨ ਵਿੱਚ ਡੂੰਘਾ ਉੱਤਰ ਜਾਂਦਾ ਹੋਵੇ ਤਾਂ ਇਹੋ ਓਗ ਹਲ਼ਸ ਦੇ ਉੱਪਰਲੇ ਪਾਸੇ ਫਸਾ ਦਿੱਤਾ ਜਾਂਦਾ ਸੀ। ਹਲ਼ ਉੱਪਰ ਲੱਗੇ ਤਾਂ ਅਗਲੀ ਕੀਲੀ ਪਾਉਣ ਲਈ ਹਲਸ ਦੇ ਅਗਲੇ ਪਾਸੇ ਵਰਮੇ ਨਾਲ ਇਕ ਦੋ ਛੇਕ ਕਰ ਦਿੱਤੇ ਜਾਂਦੇ ਸਨ ਅਤੇ ਡੂੰਘਾ ਲੱਗੇ ਤਾਂ ਹਲਸ ਦੇ ਪਿਛਲੇ ਹਿੱਸੇ 'ਤੇ ਇਹ ਦੋ ਛੇਕ ਪਾ ਦਿੱਤੇ ਜਾਂਦੇ ਸਨ।

ਇਨ੍ਹਾਂ ਮਹੀਨਿਆਂ ਵਿੱਚ ਸਾਉਣੀ ਦੀਆਂ ਫ਼ਸਲਾਂ ਦੀ ਕਟਾਈ ਤੇ ਹਾੜ੍ਹੀ ਦੀਆਂ ਫ਼ਸਲਾਂ ਲਈ ਵਹਾਈ ਲਈ ਹਲ਼ਾਂ ਦੇ ਫਾਲ਼ੇ ਤੇ ਰੰਬੇ ਦਾਤੀਆਂ ਤਿੱਖੇ ਕਰਵਾਉਣ ਦਾ ਕੰਮ ਅਕਸਰ ਚਲਦਾ ਰਹਿੰਦਾ ਸੀ ਤੇ ਲੁਹਾਰਾਂ ਦੀਆਂ ਆਰਨਾਹਲੀਆਂ (ਕਾਰਖਾਨਿਆਂ) 'ਤੇ ਰੌਣਕਾਂ ਲੱਗੀਆਂ ਰਹਿੰਦੀਆਂ ਸਨ।

ਕੱਤਕ ਦੇ ਮਹੀਨੇ ਵਿੱਚ ਹਾੜ੍ਹੀ ਦੀਆਂ ਫਸਲਾਂ ਦੀ ਰੌਣੀ ਕਰਨ ਵਾਸਤੇ ਅੰਦਰੀਂ ਰੱਖੇ ਚੜਸ ਕੱਢ ਕੇ ਉਨ੍ਹਾਂ ਨੂੰ ਨਰਮ ਕਰਨ ਲਈ ਰਾਤ ਨੂੰ ਦੇਸੀ ਤੇਲ ਦੀ ਮਾਲਿਸ਼ ਕੀਤੀ ਜਾਂਦੀ ਸੀ, ਖੂਹਾਂ ਵਿਚੋਂ ਚੜਸ ਖਿੱਚ੍ਹਣ ਲਈ ਲੋਅ (ਮੋਟਾ ਰੱਸਾ) ਵੀ ਕੱਢ ਕੇ ਤਿਆਰ ਕਰ ਲਈ ਜਾਂਦੀ ਸੀ ਅਤੇ ਵਿੱਢ ਦੀ ਮਜ਼ਬੂਤੀ ਵੀ ਪਰਖ ਲਈ ਜਾਂਦੀ ਸੀ।

ਚੜਸ ਚਲਾਉਣ ਲਈ ਤਿੰਨ ਚਾਰ ਬੰਦੇ ਚਾਹੀਦੇ ਸਨ ਤੇ ਦਿਨ 'ਚ ਸਿੰਚਾਈ ਹੁੰਦੀ ਸੀ ਕੇਵਲ ਤਿੰਨ ਚਾਰ ਕਨਾਲ ਪਰ ਹੁਣ ਤਾਂ ਬਟਨ ਦੱਬਣ ਦੀ ਲੋੜ ਵੀ ਖਤਮ ਹੋ ਗਈ ਹੈ, ਬਿਜਲੀ ਵਾਲੇ ਟਿਊਬਵੈੱਲਾਂ 'ਤੇ ਲੱਗੇ ਆਟੋਮੈਟਿਕਾਂ ਨਾਲ ਟਿਊਬਵੈੱਲ ਆਪੇ ਚੱਲ ਪੈਂਦੇ ਹਨ ਅਤੇ ਵੇਖਦਿਆਂ ਵੇਖਦਿਆਂ ਖੇਤਾਂ ਵਿੱਚ ਜਲਥਲ ਕਰ ਦਿੰਦੇ ਹਨ।

ਇਨ੍ਹਾਂ ਦਿਨਾਂ ਵਿੱਚ ਕਿਸਾਨ ਔਰਤਾਂ ਪਿੱਠਾਂ ਪਿੱਛੇ ਦੁਪੱਟਿਆਂ ਦੀਆਂ ਝੋਲੀਆਂ ਬੰਨ੍ਹ ਕੇ ਖੇਤਾਂ ਵਿੱਚ ਖਿੜੀਆਂ ਕਪਾਹਾਂ ਚੁਗ ਕੇ, ਹੱਥ ਨਾਲ ਚੱਲਣ ਵਾਲੇ ਵੇਲਣਿਆਂ ਨਾਲ ਵੇਲ ਕੇ ਰੂੰਅ ਤੇ ਵੜੇਵੇਂ (ਕਪਾਹ ਦੇ ਬੀਜ) ਵੱਖ-ਵੱਖ ਕਰ ਲੈਂਦੀਆਂ ਸਨ ਤੇ ਫੇਰ ਕਾਰੀਗਰਾਂ ਤੋਂ ਧੁਣਖੀ ਦੇ ਹੱਥ ਯੰਤਰ ਨਾਲ ਪਿੰਜਾ ਕੇ ਤੇ ਪਿੰਜੇ ਰੂੰਅ ਵਿੱਚ ਕਾਨਿਆਂ ਤੇ ਡੱਕੇ ਰੱਖ ਕੇ ਪੂਣੀਆਂ ਵੱਟਦੀਆਂ ਸਨ।

ਫੇਰ ਇਨ੍ਹਾਂ ਪੂਣੀਆਂ ਨੂੰ ਆਪਣੇ ਚਰਖਿਆਂ 'ਤੇ ਕੱਤ ਕੇ ਚਰਖੇ ਦੇ ਤੱਕਲੇ ਦੁਆਲੇ ਨਾਲੋ-ਨਾਲ ਲਪੇਟ ਕੇ ਗਲੋਟੇ ਤਿਆਰ ਕੀਤੇ ਜਾਂਦੇ ਸਨ, ਸੂਤ ਕੱਤਣ ਲਈ ਤੇ ਚਰਖਾ ਚਲਾਉਣ ਲਈ ਸੱਜੇ ਹੱਥ ਦੀ ਉਂਗਲ ਨਾਲ ਚਰਖੇ ਦੀ ਗੁੱਝ ਨੂੰ ਘੁਮਾਇਆ ਜਾਂਦਾ ਸੀ, ਇਸ ਤੋਂ ਬਾਅਦ ਕੱਤੇ ਗਲੋਟਿਆਂ ਦੇ ਲੱਛੇ ਬਣਾਉਣ ਲਈ ਹੱਥ ਨਾਲ ਵਰਤਣ ਵਾਲੇ ਅਟੇਰਨ ਦੀ ਵਰਤੋਂ ਕੀਤੀ ਜਾਂਦੀ ਸੀ, ਅਟੇਰੇ ਸੂਤ ਤੋਂ ਪਿੰਡ ਦੇ ਬੁਣਕਰ ਆਪਣੀ ਖੱਡੀ 'ਤੇ ਖੱਦਰ ਦੇ ਕੱਪੜੇ ਬੁਣਦੇ ਸਨ ਤੇ ਇਹ ਕੱਪੜੇ ਗਰਮੀਆਂ ਵਿੱਚ ਠੰਢੇ ਤੇ ਸਰਦੀਆਂ ਵਿੱਚ ਗਰਮ ਰਹਿੰਦੇ ਸਨ। ਇਹ ਆਪੇ ਤਿਆਰ ਕੀਤੇ ਕੱਪੜੇ ਪਹਿਨਣ ਨਾਲ ਕਦੇ ਚਮੜੀ ਦੇ ਰੋਗ ਨਹੀਂ ਸਨ ਲਗਦੇ, ਜੋ ਹੁਣ ਸਿੰਥੈਟਿਕ ਕੱਪੜੇ ਪਹਿਨਣ ਨਾਲ ਲੱਗਦੇ ਹਨ, ਪਰ ਹੁਣ ਨਾ ਇਹ ਖੱਦਰ ਦੇ ਕੱਪੜੇ ਰਹੇ ਤੇ ਨਾ ਇਹ ਕੱਪੜੇ ਤਿਆਰ ਕਰਨ ਵਾਲਾ ਸੰਦ ਸਬੇਲਾ।



ਇਕ ਸਮਾਂ ਸੀ ਜਦੋਂ ਮੁੰਜ ਬਗੜ ਦੇ ਬਾਣ ਨਾਲ ਬੁਣੇ ਮੰਜੇ ਬੈਠਣ ਤੇ ਸੌਣ ਲਈ ਵਰਤੇ ਜਾਂਦੇ ਸਨ। ਇਹ ਬਾਣ ਤਿਆਰ ਕਰਨ ਲਈ ਕਾਮੇ ਤੇ ਵਪਾਰੀ ਪੰਜਾਬ ਦੀ ਕੰਢੀ ਤੇ ਸ਼ਿਵਾਲਿਕ ਪੱਟੀ ਵਿਚੋਂ ਵੱਡੀ ਪੱਧਰ 'ਤੇ ਬਗੜ ਤੇ ਬੇਟ ਦੇ ਇਲਾਕਿਆਂ ਵਿਚੋਂ ਸਰਕੰਡਾ ਇਕੱਠਾ ਕਰਕੇ ਲਿਆਉਂਦੇ ਸਨ। ਬਗੜ ਦੀਆਂ ਜੜ੍ਹਾਂ ਨਾਲ ਨੀਵੀਆਂ ਪਹਾੜੀਆਂ 'ਚ ਮਿੱਟੀ ਦਾ ਖੋਰਾ ਵੀ ਰੁਕ ਜਾਂਦਾ ਸੀ ਤੇ ਅਨੇਕਾਂ ਲੋਕਾਂ ਨੂੰ ਮੁੰਜ ਬਗੜ ਲਿਆਉਣ ਤੇ ਹੱਥੀਂ ਇਸ ਦਾ ਬਾਣ ਵੱਟਣ ਨਾਲ ਰੁਜ਼ਗਾਰ ਵੀ ਨਸੀਬ ਹੁੰਦਾ ਸੀ। ਹੁਣ ਤਾਂ ਨਾ ਮੰਜੇ ਰਹੇ ਤੇ ਨਾ ਹੀ ਮੰਜਿਆਂ ਦੇ ਪਾਵੇ, ਸਰਾਵੇ ਤੇ ਬਾਹੀਆਂ ਬਣਾਉਣ ਲਈ ਬੇਰੀਆਂ ਦੇ ਲੱਕੜ ਰਹੇ। ਇੱਥੋਂ ਤੱਕ ਕਿ ਇਨ੍ਹਾਂ ਮੰਜਿਆਂ ਦੇ ਪਾਵਿਆਂ 'ਚ ਚੂਲਾਂ ਠੋਕਣ ਵਾਲਾ ਵੀ ਕੋਈ ਤਰਖਾਣ ਤੇ ਮਿਸਤਰੀ ਕਿਤੇ ਨਹੀਂ ਮਿਲਦਾ।

ਲੱਕੜ ਦੇ ਗੱਡਿਆਂ ਦੀ ਥਾਂ ਵੀ ਟਰੈਕਟਰਾਂ ਟਰਾਲੀਆਂ ਨੇ ਮੱਲ ਲਈ ਹੈ, ਗੱਡਿਆਂ ਦੇ ਪਹੀਏ, ਤੀਰ, ਪਿੰਜਣੀਆਂ, ਫੜ੍ਹਾਂ, ਜੁੰਗਲੇ, ਦਮੋਦਰ, ਫੱਟੀਆਂ, ਯਾਤੂ ਤੇ ਵਲੀਆਂ ਸੈੱਟ ਕਰਨ ਵਾਲੇ ਮਿਸਤਰੀ ਤੇ ਕਾਰੀਗਰ ਵੀ ਬੱਸ ਕਿਤੇ ਸੁਫ਼ਨਿਆਂ ਦੇ ਵਾਸੀ ਬਣ ਗਏ ਹਨ। ਘੋੜੀਆਂ ਤੇ ਊਠਾਂ ਦੀ ਥਾਂ ਮਹਿੰਗੀਆਂ ਕਾਰਾਂ ਨੇ ਲੈ ਲਈ ਹੈ, ਏਸ ਕਰਕੇ ਇਨ੍ਹਾਂ ਜਾਨਵਰਾਂ ਦੇ ਕਾਠੜੇ, ਗੱਦੀਆਂ ਤੇ ਬੀਂਡਾਂ ਵੀ ਅਲੋਪ ਹੋ ਗਈਆਂ ਹਨ। ਊਠ ਤਾਂ ਜੇ ਕਿਤੇ ਹਨ ਤਾਂ ਉਨ੍ਹਾਂ ਤੋਂ ਖੇਤੀ ਦਾ ਕੰਮ ਹੀ ਲਿਆ ਜਾਂਦਾ ਹੈ, ਕਦੇ ਘੋੜੇ, ਘੋੜੀਆਂ ਤੇ ਮੱਝਾਂ ਰਾਹੀਂ ਖੁਸ਼ਹਾਲ ਤੇ ਖਾਨਦਾਨੀ ਪਰਿਵਾਰਾਂ ਦੀ ਪਛਾਣ ਪੰਜਾਬ ਦੀ ਇੱਕ ਪੁਰਾਣੀ ਕਹਾਵਤ ਰਾਹੀਂ ਕੀਤੀ ਜਾਂਦੀ ਸੀ ਕਿ--

ਘੋੜੇ ਘਰ ਸੁਲਤਾਨਾਂ ਤੇ ਮੱਝਾਂ ਘਰ ਵਰਿਆਮਾਂ।

ਖੇਤੀ ਬਾੜੀ ਦੇ ਪੁਰਾਣੇ ਸੰਦ ਸਬੇਲੇ ਦੇ ਨਾਲ-ਨਾਲ ਕਿਸਾਨਾਂ ਦੇ ਮਨਾਂ ਵਿੱਚ ਖੇਤੀ ਨਾਲ ਦਿਲਚਸਪੀ ਤੇ ਪਿਆਰ ਵੀ ਕਿਤੇ ਗੁਆਚ ਗਿਆ ਹੈ। ਕਈ ਦਹਾਕੇ ਪਹਿਲਾਂ ਭਾਦੋਂ ਦੇ ਹੁੰਮਸ ਭਰੇ ਦਿਨਾਂ ਵਿੱਚ ਕਿਸਾਨ ਪਸ਼ੂਆਂ ਨੂੰ ਹੱਥੀਂ ਕੁਤਰਿਆ ਚਾਰਾ ਪਾ ਕੇ ਮੱਕੀ ਦੀ ਗੁਡਾਈ ਲਈ ਮਜ਼ਦੂਰਾਂ ਨਾਲ ਬਹਿੰਦੇ ਸਨ ਤੇ ਕਿਸਾਨ ਬੀਬੀਆਂ ਉਨ੍ਹਾਂ ਲਈ ਤਿੰਨ ਵੇਲੇ ਖਾਣਾ ਬਣਾਉਂਦੀਆਂ ਸਨ ਅਤੇ ਛਾਹ ਵੇਲੇ ਦਸਾਂ-ਦਸਾਂ ਪੰਦਰਾਂ-ਪੰਦਰਾਂ ਬੰਦਿਆਂ ਦੀਆਂ ਰੋਟੀਆਂ ਤੇ ਲੱਸੀ ਦੀ ਚਾਟੀ ਟੋਕਰੇ ਵਿਚ ਰੱਖ ਕੇ ਸਮੇਂ ਸਿਰ ਖੇਤਾਂ ਵਿੱਚ ਪਹੁੰਚਦੀਆਂ ਤੇ ਪਿੱਛੇ ਭੜੋਲੀ ਵਿੱਚ ਪਾਥੀਆਂ ਦੀ ਰੇਣ ਲਾ ਕੇ ਦੁਪਹਿਰ ਦੇ ਖਾਣੇ ਲਈ ਦਾਲ ਧਰ ਆਉਂਦੀਆਂ ਸਨ।

ਹੁਣ ਮੱਕੀ ਦੇ ਇੱਕ ਖੇਤ ਦੇ ਨਦੀਨ ਮਾਰਨ ਲਈ ਖੇਤ ਵਿੱਚ ਖਿਲਾਰਨ ਵਾਸਤੇ ਭਈਏ ਨੂੰ ਨਦੀਨ ਨਾਸ਼ਕਾਂ ਦਾ ਡੱਬਾ ਫੜਾ ਕੇ ਕਿਸਾਨ ਦਾ ਸਾਰਾ ਪਰਿਵਾਰ ਵਿਹਲਾ ਹੋ ਜਾਂਦਾ ਹੈ।

ਕਦੇ ਹੱਥੀਂ ਖੇਤੀ ਦੇ ਕੰਮ ਨੇ ਪੰਜਾਬੀ ਕਿਸਾਨਾਂ ਨੂੰ ਆਰਥਿਕ ਪੱਖੋਂ ਸਥਿਰ ਰੱਖਿਆ ਸੀ ਤੇ ਉਨ੍ਹਾਂ ਦੇ ਸਰੀਰਾਂ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਸੀ, ਜ਼ੋਰ ਦੇ ਕੰਮ ਕਰਦਿਆਂ ਪਸੀਨੇ ਨਾਲ ਸਰੀਰ ਦੇ ਰੋਮ ਖੁੱਲ੍ਹ ਜਾਂਦੇ ਸਨ ਤੇ ਸਰੀਰ ਫੁੱਲਾਂ ਵਾਂਗ ਖਿੜੇ ਰਹਿੰਦੇ ਸਨ। ਅੱਜ ਪੰਜਾਬੀ ਕਿਸਾਨਾਂ ਨੇ ਸੰਜਮ, ਸਾਦਗੀ ਤੇ ਹੱਥੀਂ ਕੰਮ ਕਰਨ ਦੀ ਭਾਵਨਾ ਤਿਆਗ ਦਿੱਤੀ ਹੈ ਤੇ ਇਨ੍ਹਾਂ ਦੇ ਸਰੀਰਾਂ ਤੇ ਮਨਾਂ ਉਤੇ ਫਜ਼ੂਲ ਦੇ ਵਿਖਾਵਿਆਂ ਨੇ ਕਾਠੀ ਪਾ ਲਈ ਹੈ, ਭਾਈਚਾਰੇ ਟੁੱਟ ਗਏ ਹਨ ਤੇ ਪਰਿਵਾਰ ਵੱਖ ਹੋ ਗਏ ਹਨ।ਪੁਰਾਣੇ ਪੇਂਡੂ ਪੰਜਾਬ ਵਿੱਚ ਹੱਥੀਂ ਕਣਕ ਦੀ ਕਟਾਈ ਤੇ ਗਹਾਈ ਦਾ ਕੰਮ ਮਹੀਨਾ-ਮਹੀਨਾ ਚਲਦਾ ਰਹਿੰਦਾ ਸੀ, ਪੱਛੋਂ ਦੀ ਹਵਾ ਚੱਲਣ 'ਤੇ ਗਹਾਈ ਤੋਂ ਬਾਅਦ ਧੜ ਲਾਉਣ ਵਾਲੇ ਕਿਸਾਨ ਦੀ ਧੜ ਉਡਾਉਣ ਲਈ ਗੁਆਂਢੀ ਕਿਸਾਨ ਆਪਣੇ ਕੰਮ ਛੱਡ ਕੇ ਬਿਨਾਂ ਸੱਦੇ ਆਪਣੀਆਂ ਹੀ ਤੰਗਲੀਆਂ ਲੈ ਕੇ ਧੜ 'ਤੇ ਚੜ੍ਹ ਜਾਂਦੇ ਸਨ, ਹੁਣ ਕੁਝ ਕ ਘੰਟਿਆਂ ਵਿੱਚ ਹੀ ਕੰਬਾਈਨਾਂ ਪੰਜਾਹ ਪੰਜਾਹ ਏਕੜ ਕਣਕ ਕੱਟ ਕੇ ਕਿਸਾਨਾਂ ਨੂੰ ਵਿਹਲੇ ਕਰ ਦਿੰਦੀਆਂ ਹਨ।

ਕੰਬਾਈਨਾਂ ਦੀ ਆਮਦ ਨੇ ਪੱਕੀ ਕਣਕ ਨਜਿੱਠਣ ਦੇ ਪੁਰਾਣੇ ਤੇ ਰਵਾਇਤੀ ਸੰਦ ਤੇ ਢੰਗ ਵੀ ਖਤਮ ਕਰ ਦਿੱਤੇ ਹਨ। ਫਲ੍ਹੇ, ਤੰਗਲੀਆਂ, ਛੱਜਲੀਆਂ ਤੇ ਸਾਂਗੇ ਅਲੋਪ ਹੋ ਗਏ ਹਨ, ਤੂੜੀ ਵਿਚੋਂ ਕੱਢਣ ਤੋਂ ਬਾਅਦ ਕਣਕ ਦੇ ਦਾਣਿਆਂ ਨੂੰ ਸਿਲਰੀ ਤੇ ਘੁੰਡੀਆਂ ਵਿਚੋਂ ਕੱਢਣ ਲਈ ਗੋਲ ਦਾਇਰੇ ਵਿੱਚ ਖਿਲਾਰ ਕੇ ਤੇ ਇਸ 'ਤੇ ਘੇਰੇ ਵਿੱਚ ਬਲਦ ਘੁੰਮਾ ਕੇ ਮੇੜ੍ਹ ਫੇਰੀ ਜਾਂਦੀ ਸੀ। ਹੁਣ ਮੇੜ੍ਹ ਫੇਰਨ ਦੀ ਲੋੜ ਵੀ ਖ਼ਤਮ ਹੋ ਗਈ ਹੈ ਤੇ ਬਲਦ ਵੀ ਕਿਤੇ ਵਿਰਲੇ ਟਾਵੇਂ ਹੀ ਰਹਿ ਗਏ ਹਨ।

ਕਣਕ ਦੀਆਂ ਭਰੀਆਂ ਖੋਲ੍ਹ ਕੇ ਦੋ ਸੁੱਤਾਂ ਵਾਲੇ ਸਾਂਗੇ ਨਾਲ ਲੌਣ ਖਿਲਾਰਿਆ ਜਾਂਦਾ ਸੀ। ਹੁਣ ਸਾਂਗੇ ਕਿਤੇ ਨਹੀਂ ਲੱਭਦੇ, ਹਾਂ! ਨਿੱਕੀਆਂ ਨਿੱਕੀਆਂ ਸਧਾਰਨ ਲੋੜਾਂ ਲਈ ਤੰਗਲੀਆਂ ਤੇ ਰੰਬੇ-ਦਾਤੀਆਂ ਅਜੇ ਜ਼ਰੂਰ ਵਰਤੇ ਜਾ ਰਹੇ ਹਨ।

ਅੱਜ ਪੰਜਾਬ 'ਚ ਦੁੱਧ ਨੂੰ ਘਿਓ ਤਕ ਲਿਜਾਣ ਲਈ ਦਧੂਨੇਂ, ਚਾਟੀਆਂ, ਘੜੇ ਅਤੇ ਕੁੱਜੇ ਬਣਾਉਣ ਵਾਲੇ ਕਾਰੀਗਰ (ਘੁਮਿਆਰ) ਸ਼ਾਇਦ ਕਿਸੇ ਹੀ ਪਿੰਡ ਵਿਚੋਂ ਲੱਭ ਸਕਣ। ਅਜਿਹਾ ਏਸ ਕਰਕੇ ਹੈ ਕਿ ਜਿਸ ਕਿਸਾਨ ਦੀ ਲਵੇਰੀ ਤਿੰਨ ਕਿੱਲੋ ਦੁੱਧ ਦਿੰਦੀ ਹੈ, ਉਹ ਕੇਵਲ ਇਕ ਕਿਲੋ ਦੁੱਧ ਆਪਣੇ ਪਰਿਵਾਰ ਲਈ ਰੱਖ ਕੇ ਦੋ ਕਿਲੋ ਦੁੱਧ ਡੋਲੂ ਵਿੱਚ ਪਾ ਕੇ ਦੁੱਧ ਵਿਕਰੀ ਕੇਂਦਰ 'ਤੇ ਦੁੱਧ ਪਾਉਣ ਵਾਲੇ ਲੋਕਾਂ ਦੀ ਲਾਈਨ ਵਿਚ ਦੁੱਧ ਪਾਉਣ ਲਈ ਖੜ੍ਹਾ ਹੁੰਦਾ ਹੈ। ਅਜਿਹੀ ਅਵਸਥਾ ਵਿੱਚ ਕਾਰੀਗਰਾਂ ਵਲੋਂ ਦੁੱਧ ਦੀ ਸੰਭਾਲ ਲਈ ਬਣਾਏ ਮਿੱਟੀ ਦੇ ਭਾਂਡੇ ਬੇਕਾਰ ਹੋ ਗਏ ਹਨ। ਪੁਰਾਣੇ ਪੰਜਾਬ 'ਚ ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਸਮਾਨ ਸਮਝਿਆ ਜਾਂਦਾ ਸੀ ਤੇ ਕਿਸਾਨਾਂ ਦੇ ਘਰਾਂ ਵਿੱਚ ਦੇਸੀ ਘਿਓ ਦੀਆਂ ਚਾਟੀਆਂ ਭਰੀਆਂ ਰਹਿੰਦੀਆਂ ਸਨ। ਕਿਸਾਨ ਦੇਸੀ ਘਿਓ, ਦੁੱਧ ਤੇ ਅਧਰਿੜਕਾ ਰੱਜ-ਰੱਜ ਕੇ ਵਰਤਦੇ ਸਨ, ਹੱਥੀਂ ਜ਼ੋਰ ਵਾਲੇ ਕੰਮ ਕਰਨ ਕਰਕੇ ਇਹ ਨਿਆਮਤਾਂ ਉਨ੍ਹਾਂ ਨੂੰ ਹਜ਼ਮ ਵੀ ਹੁੰਦੀਆਂ ਸਨ। ਅਜੋਕੇ ਦੌਰ ਵਿੱਚ ਲੱਕੜੀ ਦੀਆਂ ਮਧਾਣੀਆਂ ਤਿਆਰ ਕਰਨ ਦਾ ਕਿੱਤਾ ਕਰਨ ਵਾਲੇ ਤਰਖਾਣ ਵੀ ਕੰਮ ਛੱਡ ਗਏ ਹਨ, ਕਿਉਂਕਿ ਹੁਣ ਬਿਜਲੀ ਨਾਲ ਚੱਲਣ ਵਾਲੀਆਂ ਮਧਾਣੀਆਂ ਹੀ ਵਰਤੀਆਂ ਜਾਂਦੀਆਂ ਹਨ। ਜੇ ਬਿਜਲੀ ਤਿੰਨ ਦਿਨ ਵੀ ਨਾ ਆਵੇ ਤਾਂ ਦਹੀਂ ਚਾਟੀਆਂ ਵਿੱਚ ਹੀ ਪਿਆ ਰਹਿੰਦਾ ਹੈ। ਮਧਾਣੀ ਫੇਰਨ ਨਾਲ ਵਰਜਿਸ਼ ਹੁੰਦੀ ਸੀ ਤੇ ਚਾਟੀ ਵਿਚੋਂ ਦੇਸੀ ਘਿਓ ਨਾਲ ਥੰਧੇ ਹੋਏ ਹੱਥਾਂ ਦੀ ਮਾਲਿਸ਼ ਕਦੇ ਸਾਡੀਆਂ ਔਰਤਾਂ ਦੀਆਂ ਬਾਹਾਂ ਨੂੰ ਲੋਹੇ ਵਰਗੀ ਮਜ਼ਬੂਤੀ ਬਖਸ਼ਦੀ ਸੀ।

ਆਭਤਾਂ ਦੇ ਰੂਪ ਵਿੱਚ ਮਿਲ ਕੇ ਕੰਮ ਕਰਨ ਵਾਲੇ ਕਿਸਾਨਾਂ ਦਾ ਭਾਈਚਾਰਾ ਟੁੱਟ ਕੇ ਖਿੱਲਰ ਗਿਆ ਹੈ। ਬਹੁਤੇ ਅਜੋਕੇ ਕਿਸਾਨ ਕੰਮ ਦੇ ਥਾਂ ਆਪਣੇ ਖੇਤਾਂ ਵਿੱਚ ਵਿਰਲੇ ਟਾਵੇਂ ਚੱਕਰ ਹੀ ਮਾਰਦੇ ਹਨ। ਖੇਤੀ ਤਾਂ ਕੀ ਲਵੇਰੇ ਤੱਕ ਭੱਈਆਂ ਦੇ ਹਵਾਲੇ ਹਨ। ਦੁੱਧ ਚੋਣ ਵਾਲੇ ਇਨ੍ਹਾਂ ਬਹੁਤੇ ਕਾਮਿਆਂ ਨੂੰ ਕਿਸੇ ਥਣ ਦੇ ਸੁੱਜ ਜਾਣ ਜਾਂ ਥਣ ਵਿਚੋਂ ਦੁੱਧ ਦੀ ਫੁੱਟੀ ਬਣਨ ਦਾ ਪਤਾ ਤੱਕ ਨਹੀਂ ਲਗਦਾ, ਡਾਕਟਰ ਬੁਲਾਇਆ ਜਾਂਦਾ ਹੈ ਤਾਂ ਖੜ੍ਹੇ ਪੈਰ ਹਜ਼ਾਰ ਦੋ ਹਜ਼ਾਰ ਰੁਪਿਆ ਖੁੱਲ੍ਹ ਜਾਂਦਾ ਹੈ ਤੇ ਕਈ ਵਾਰ ਤਾਂ ਥਣ ਦੁੱਧ ਦੇਣ ਦੇ ਸਮਰੱਥ ਨਹੀਂ ਰਹਿੰਦੇ ਤੇ ਲਵੇਰਾ ਬੇਕਾਰ ਹੋ ਜਾਂਦਾ ਹੈ ਤੇ ਸੱਤਰ ਅੱਸੀ ਹਜ਼ਾਰ ਦਾ ਨੁਕਸਾਨ ਹੋ ਜਾਂਦਾ ਹੈ।

ਪੁਰਾਣੇ ਲੋਕ ਵਿਸ਼ੇਸ਼ ਕਰਕੇ ਕਿਸਾਨ ਆਪਣੇ ਖੇਤਾਂ ਵਿੱਚ ਪੈਦਾ ਕੀਤੀ ਸੱਜਰੀ, ਸਸਤੀ, ਸਾਦਾ ਤੇ ਪੌਸ਼ਟਿਕ ਖੁਰਾਕ ਵਰਤਦੇ ਸਨ। ਬਹੁਤੇ ਪੇਂਡੂ ਕਿਸਾਨ ਕੱਤਕ ਤੇ ਵੈਸਾਖ ਤੱਕ ਲਗਭਗ ਪੰਜ ਛੇ ਮਹੀਨੇ ਸਵੇਰ ਨੂੰ ਖੇਤਾਂ ਵਿੱਚ ਚੱਕਰ ਮਾਰਨ ਆਉਂਦੇ ਤਾਂ ਇਕ ਦੋ ਗੰਨੇ ਜ਼ਰੂਰ ਚੂਪਦੇ ਸਨ। ਗੰਨੇ ਚੂਪਣ ਨਾਲ ਜਿੱਥੇ ਪੇਟ ਨੂੰ ਪੌਸ਼ਟਿਕ ਖੁਰਾਕ ਮਿਲਦੀ ਸੀ, ਉਥੇ ਗੰਨੇ ਚੂਪਣ ਨਾਲ ਦੰਦਾਂ ਦੀ ਸਫਾਈ ਵੀ ਹੋ ਜਾਂਦੀ ਸੀ।

ਹੁਣ ਤਾਂ ਗੰਨੇ ਦੇ ਕਾਸ਼ਤਕਾਰ ਸਾਰੇ ਦਾ ਸਾਰਾ ਗੰਨਾ ਖੰਡ ਮਿੱਲਾਂ ਵਿੱਚ ਲੈ ਜਾਂਦੇ ਹਨ ਤੇ ਰਸ ਕੱਢਣ ਵਾਲੇ ਵੇਲਣਿਆਂ ਦਾ ਭੋਗ ਪੈ ਗਿਆ ਹੈ। ਇਸੇ ਕਰਕੇ ਗੰਨਾ ਪੈਦਾ ਕਰਨ ਵਾਲੇ ਕਿਸਾਨਾਂ ਦੇ ਪਰਿਵਾਰ ਵੀ ਗੁੜ ਦੀ ਰੋੜੀ ਲਈ ਜਭਕਦੇ ਤੇ ਤਰਸਦੇ ਵੇਖੇ ਜਾ ਸਕਦੇ ਹਨ। ਕਦੇ ਸਰਦੀ ਦੇ ਪੰਜ ਮਹੀਨੇ ਆਪਣੇ ਖੇਤਾਂ ਵਿੱਚ ਆਪਣੇ ਵੇਲਣਿਆਂ 'ਤੇ ਜਾ ਕੇ ਕਿਸਾਨ ਇੱਕ-ਇੱਕ ਦੋ-ਦੋ ਤੇ ਤਿੰਨ-ਤਿੰਨ ਤਾਜ਼ੀ ਗੰਨੇ ਦੀ ਰਸ ਦੇ ਗਿਲਾਸ ਰੋਜ਼ਾਨਾਂ ਪੀਂਦੇ ਸਨ ਤੇ ਸਦਾ ਸਿਹਤਮੰਦ ਰਹਿੰਦੇ ਸਨ, ਪਰ ਅੱਜ ਰੋਗਾਂ ਨੂੰ ਆਪਣੇ ਨਾਲ ਲੈ ਕੇ ਆਉਣ ਵਾਲੇ ਡੱਬਾ ਬੰਦ ਜੰਕ ਫੂਡ ਖਾਣ-ਪੀਣ ਦਾ ਸੱਭਿਆਚਾਰ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕਿਆ ਹੈ।

ਪੁਰਾਣੇ ਕਿਸਾਨ ਜਦੋਂ ਖੇਤਾਂ ਵਿੱਚ ਕੰਮ ਕਰਨ ਆਉਂਦੇ ਸਨ ਤਾਂ ਰੁੱਖਾਂ ਦੀਆਂ ਸੁੱਕੀਆਂ ਟਾਹਣੀਆਂ ਦੀ ਅੱਗ ਬਾਲ ਕੇ ਛੱਲੀਆਂ ਦੇ ਦਾਣੇ ਭੁੰਨ ਕੇ ਖਾਂਦੇ ਸਨ। ਇਸੇ ਤਰ੍ਹਾਂ ਵਿਸਾਖ ਦੇ ਮਹੀਨੇ ਵਿੱਚ ਛੋਲਿਆਂ ਦੇ ਬੂਟੇ ਪੁੱਟ ਕੇ ਤੇ ਹਰੀਆਂ ਟਾਂਟਾਂ ਸਮੇਤ ਧੂਣੀ 'ਤੇ ਭੁੰਨੇ ਛੋਲਿਆਂ ਦੇ ਹਰੇ ਦਾਣਿਆਂ ਦੀਆਂ ਹੋਲ਼ਾਂ ਖਾਂਦੇ ਸਨ ਅਤੇ ਕਣਕ ਦੇ ਗੱਦਰੇ ਦਾਣੇ ਧੂਣੀਆਂ 'ਤੇ ਭੁੰਨ ਕੇ ਇਨ੍ਹਾਂ ਦੀਆਂ ਫੁੰਮ੍ਹਣੀਆਂ ਖਾਇਆ ਕਰਦੇ ਸਨ।

ਅੱਜ ਪੱਛਮੀ ਦੇਸ਼ਾਂ ਦੇ ਖਾਣੇ ਪੀਜ਼ੇ, ਬਰਗਰ, ਹੌਟਡਾਗ ਨੇ ਪੰਜਾਬੀਆਂ ਦੀ ਨਵੀਂ ਪੀੜ੍ਹੀ ਦੇ ਸੁਆਦ ਨੂੰ ਜਿੱਤਣ ਤੋਂ ਬਾਅਦ ਉਨ੍ਹਾਂ ਦੇ ਸਰੀਰਾਂ ਨੂੰ ਵੰਨ-ਸੁਵੰਨੇ ਰੋਗਾਂ ਦੇ ਤੋਹਫਿਆਂ ਨਾਲ ਖੋਖਲੇ ਬਣਾ ਦਿੱਤਾ ਹੈ। ਅੱਜ ਕਿੱਥੇ ਗਏ ਉਹ ਪੰਜਾਬੀ ਜਿਹੜੇ ਰੋਜ਼ਾਨਾ ਗੰਨੇ ਦੀ ਤਾਜ਼ੀ ਰਸ, ਦੁੱਧ, ਲੱਸੀ ਤੇ ਅੱਧਰਿੜਕੇ ਦੇ ਛੰਨੇ ਤੇ ਕੰਗਣੀ ਵਾਲੇ ਗਿਲਾਸ ਭਰ ਕੇ ਪੀਂਦੇ ਹੁੰਦੇ ਸਨ, ਕਿੱਥੇ ਗਏ ਉਹ ਪੰਜਾਬੀ ਜਿਹੜੇ ਘਰਾਂ ਦੀਆਂ ਸਾਫ ਸੁਥਰੀਆਂ ਤੇ ਸਾਦਾ ਸਬਜ਼ੀਆਂ, ਦਾਲਾਂ ਰਿੰਨ੍ਹ ਕੇ ਇਨ੍ਹਾਂ ਦੀ ਖੁਰਾਕ ਤੇ ਦਹੀਂ ਦੇ ਕੌਲ ਭਰ-ਭਰ ਕੇ ਖਾਇਆ ਕਰਦੇ ਸਨ ? ਅਜਿਹੀਆਂ ਸਾਦੀਆਂ ਹਲਕੀਆਂ ਤੇ ਪੌਸ਼ਟਿਕ ਖੁਰਾਕਾਂ ਦੇ ਤਿਆਗਣ ਤੋਂ ਬਾਅਦ ਮਹਿੰਗੀਆਂ ਤੇ ਬੋਝਲ ਖੁਰਾਕਾਂ ਦੇ ਸੁਆਦ ਨੇ ਪੰਜਾਬ ਦੇ ਨੌਜਵਾਨਾਂ ਦੇ ਸਰੀਰਾਂ ਵਿੱਚ ਵੀ ਬਲੱਡ ਪ੍ਰੈਸ਼ਰ, ਹਾਰਟ ਅਟੈਕ, ਸ਼ੂਗਰ, ਕੈਂਸਰ ਤੇ ਹੋਰ ਕਈ ਜਾਨਲੇਵਾ ਰੋਗਾਂ ਦਾ ਸੰਚਾਰ ਕਰ ਦਿੱਤਾ ਹੈ।

# ਨਵਾਬ ਕਪੂਰ ਸਿੰਘ ਦਾ ਸਿੱਖ ਲਹਿਰ ਦੀ ਉਸਾਰੀ 'ਚ ਯੋਗਦਾਨ

ਡਾਕਟਰ ਧਰਮ ਸਿੰਘ

ਸਰਦਾਰ ਕਪੂਰ ਸਿੰਘ ਦੇ ਪਿਤਾ ਦਾ ਨਾਂਅ ਚੌਧਰੀ ਦਲੀਪ ਸਿੰਘ ਸੀ। ਨਵਾਬ ਕਪੂਰ ਸਿੰਘ ਦੇ ਆਰੰਭਲੇ ਜੀਵਨ ਬਾਰੇ ਬਹੁਤਾ ਕੁਝ ਨਹੀਂ ਮਿਲਦਾ, ਕੇਵਲ ਉਦੋਂ ਹੀ ਉਸ ਦਾ ਜ਼ਿਕਰ ਮਿਲਣਾ ਆਰੰਭ ਹੁੰਦਾ ਹੈ, ਜਦ ਉਨ੍ਹਾਂ ਨੂੰ ਨਵਾਬੀ ਮਿਲੀ। ਸੰਨ 1740 ਈ: ਵਿੱਚ ਲਾਹੌਰ ਦੇ ਸੂਬੇ ਨੇ ਆਪਣੇ ਵਕੀਲ ਸੁਬੇਗ ਸਿੰਘ ਰਾਹੀਂ ਇੱਕ ਲੱਖ ਦੀ ਜਾਗੀਰ ਅਤੇ ਵਡਮੁੱਲੀ ਖਿੱਲਅਤ ਅੰਮ੍ਰਿਤਸਰ ਖ਼ਾਲਸੇ ਨੂੰ ਭੇਜੀ ਤਾਂ ਜੋ ਕਤਲੋਗਾਰਤ ਬੰਦ ਹੋ ਸਕੇ, ਸੁਲ੍ਹਾ-ਸਫਾਈ ਹੋ ਸਕੇ, ਹਾਲਾਂਕਿ ਪਿਛਲੇ ਸਮਿਆਂ ਨੂੰ ਧਿਆਨ 'ਚ ਰੱਖਦਿਆਂ ਪੰਥ ਅਜਿਹਾ ਕਰਨ ਨੂੰ ਤਿਆਰ ਨਹੀਂ ਸੀ। ਹੁਣ ਪ੍ਰਸ਼ਨ ਹੈ ਕਿ ਸੂਬਾ ਲਾਹੌਰ ਜ਼ਕਰੀਆ ਖਾਨ ਨੂੰ ਕੀ ਸੁੱਝੀ ਕਿ ਉਸ ਨੇ ਸਿੱਖਾਂ ਵੱਲ ਦੋਸਤੀ ਦਾ ਹੱਥ ਵਧਾਉਣਾ ਚਾਹਿਆ ? ਇਸ ਦਾ ਬੜਾ ਤਾਰਕਿਕ ਜਵਾਬ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿੱਚ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਜਦ ਜ਼ਕਰੀਆ ਖਾਨ ਨੂੰ ਦਿੱਲੀ ਦੀ ਕੇਂਦਰੀ ਹਕੂਮਤ ਵਲੋਂ ਖੁੱਲ੍ਹੀ ਛੁੱਟੀ ਮਿਲਣ ਅਤੇ ਹਰ ਤਰ੍ਹਾਂ ਦੇ ਤਸ਼ੱਦਦ ਕਰਨ ਉੱਪਰ ਵੀ ਸਿੱਖ ਕਮਜ਼ੋਰ ਨਾ ਪਏ ਤਾਂ ਉਸ ਨੇ ਇਹ ਚਾਲ ਚੱਲੀ। ਗਿਆਨੀ ਜੀ ਦਾ ਕਹਿਣਾ ਹੈ ਕਿ ਉਸ ਨੇ ਦਿੱਲੀ ਦੇ ਬਾਦਸ਼ਾਹ ਨੂੰ ਚਿੱਠੀ ਲਿਖੀ ਕਿ ਪਹਿਲਾਂ ਇੱਕ ਬੰਦਾ ਸਿੰਘ ਬਹਾਦਰ ਨੇ ਹੀ ਹਕੂਮਤ ਨੂੰ ਵਖਤ ਪਾਈ ਰੱਖਿਆ ਸੀ, ਪਰ ਹੁਣ ਤਾਂ ਘਰ-ਘਰ ਬੰਦਾ ਸਿੰਘ ਬਹਾਦਰ ਹਨ ਜੋ ਸਾਡੀ ਪੇਸ਼ ਨਹੀਂ ਜਾਣ ਦਿੰਦੇ:

ਗਰਜ਼ੀ ਬਨ ਅਰਜੀ ਲਿਖੀ, ਸ਼ਾਹਿ ਮੁਹੰਮਦ ਓਰ।
ਲਰਜ਼ੀ ਮਤਿ ਤੁਰਕਾਨ ਕੀ, ਮਰਜੀ ਪਿਖ ਗੁਰੂ ਜੋਰ।
(ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨਾ 635)

ਕਈ ਬਾਰ ਹਮ ਜੰਗ ਸੁ ਕੀਨਾ। ਸਿਰ ਸਦਕੇ ਸ਼ਹਿ ਲਸ਼ਕਰ ਕੀਨਾ। ਰੋਜ਼ ਬਰੋਜ਼ ਅਬਿ ਸਿੰਘਨ ਤੇਜੀ। ਦੀਨ ਇਲਾਹੀ ਹਮ ਪਰ ਜੇਜੀ। ਆਗੇ ਫ਼ਕਤ ਏਕ ਥਾ ਬੰਦਾ। ਅਬ ਤਾ ਕੇ ਸਮ ਸਦਹਾ ਬੰਦਾ। ਯਹਿ ਗਨੀਮ, ਅਤਿ ਹੀ ਸਿੰਘ ਬਲਿ ਹੈਂ। ਇਨ ਪਰ ਪੇਸ਼ ਨ ਹਮਰੀ ਚਲ੍ਹ ਹੈ।
(ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨਾ 636)

ਅਜਿਹੀ ਬੇਵੱਸੀ ਅਤੇ ਆਜਜ਼ੀ 'ਚ ਜ਼ਕਰੀਆ ਖ਼ਾਨ ਅੱਗੇ ਕਹਿੰਦਾ ਹੈ ਕਿ ਸੁਲਾਹ-ਸਫਾਈ ਦੇ ਨਾਂਅ 'ਤੇ ਇਹ ਜੂਆ ਖੇਡ ਕੇ ਵੇਖਦੇ ਹਾਂ ਕਿ ਜੇਕਰ ਨਵਾਬੀ ਲੈ ਕੇ ਸਿੱਖ ਸ਼ਾਂਤ ਹੋ ਜਾਣ ਤਾਂ ਇਹ ਸੌਦਾ ਮਹਿੰਗਾ ਨਹੀਂ। ਦੁਸ਼ਮਣ ਜੇ ਗੁੜ ਦੇਣ ਨਾਲ ਮਰ ਜਾਵੇ ਤਾਂ ਮਹੁਰਾ ਦੇਣ ਦੀ ਲੋੜ ਨਹੀਂ ਰਹਿ ਜਾਂਦੀ। ਦਿੱਲੀ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਸੂਬੇ ਨੇ ਆਪਣੇ ਇੱਕ ਅਹਿਲਕਾਰ ਸਰਦਾਰ ਸੁਬੇਗ ਸਿੰਘ ਰਾਹੀਂ ਸਿੱਖਾਂ ਨੂੰ ਨਵਾਬੀ ਦੇਣ ਦੀ ਪੇਸ਼ਕਸ਼ ਕਰਨ ਦੀ ਸੋਚੀ। ਨਵਾਬੀ ਦੀ ਖਿਲਅਤ, ਨਕਦੀ ਅਤੇ ਕੁਝ ਤੋਹਫ਼ੇ ਲੈ ਕੇ ਸਰਦਾਰ ਸੁਬੇਗ ਸਿੰਘ ਅੰਮ੍ਰਿਤਸਰ ਪਹੁੰਚ ਗਿਆ। ਇਹ ਸਾਰਾ ਕੁਝ ਸਿੱਖਾਂ ਅੱਗੇ ਢੇਰ ਕਰਕੇ ਕਹਿਣ ਲੱਗਾ ਕਿ ਕੇਵਲ ਨਵਾਬੀ ਹੀ ਨਹੀਂ ਕੁਝ ਦਿਨਾਂ ਪਿੱਛੋਂ ਜਗੀਰ ਦਾ ਪਟਾ ਵੀ ਲਿਖਿਆ ਮਿਲ ਜਾਵੇਗਾ। ਸਰਦਾਰ ਸੁਬੇਗ ਸਿੰਘ ਨੇ, ਸਿੱਖ ਮਾਨਸਿਕਤਾ ਨੂੰ ਸਮਝਦਿਆਂ ਇਹ ਸਾਰੀ ਪੇਸ਼ਕਸ਼, ਬੇਸ਼ੱਕ ਬਹੁਤ ਅਧੀਨਗੀ ਸਹਿਤ, ਪੰਥ ਅੱਗੇ ਰੱਖੀ, ਪਰ ਫਿਰ ਵੀ ਸਿੰਘ ਜੋਸ਼ ਵਿੱਚ ਆ ਕੇ ਕਹਿਣ ਲੱਗੇ ਕਿ ਉਨ੍ਹਾਂ ਨੂੰ ਸੂਬੇ ਵਲੋਂ ਦਿੱਤੀ ਨਵਾਬੀ ਜਾਂ ਜਗੀਰ ਪ੍ਰਵਾਨ ਨਹੀਂ, ਉਨ੍ਹਾਂ ਤਾਂ ਜਿਹੜੀ ਚੀਜ਼ ਲੈਣੀ ਹੈ, ਉਹ ਤਲਵਾਰ ਦੇ ਜ਼ੋਰ 'ਤੇ ਲੈਣਗੇ :

ਬੋਲ ਉਠੇ ਸਿੰਘ ਜੋ ਨਿਹੰਗ ਹੁਤੇ ਯੌਂ ਤਬੈ।
ਤੁਰਕ ਸੋ ਰਸਾਈ ਹਮ ਕਰੈਂ ਨ ਕਦਾਈ ਭਾਈ,
ਲੈਂਹ ਨ ਜਗੀਰ ਭਾਈ, ਦੀਨੀ ਤਿਸ ਕੀ ਕਥੈ।
ਕਿਉ ਕਹੈ ਪਾਰ ਦੇਹੁ, ਕੋਊ ਕਹੇ ਜਾਰ ਦੇਹੁ,
ਲੂਟ ਲੇਹੁ ਕੋਊ ਕਹੈ, ਫੇਰ ਦੇਹੁ ਤਾ ਅਬੈ॥
ਦੀਓ ਰਾਜ ਨ ਕਾਹੂ ਨ ਲੀਨ ਹਮ ਚੈਹੈਂ ਕਬੀ,
ਲੇਹੈਂ ਪਾਤਸਾਹੀ ਸਭ ਜੋਰ ਤਲਵਾਰ ਹੈ। (ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨਾ 652)

ਸਰਦਾਰ ਸੁਬੇਗ ਸਿੰਘ ਦਾਨਾ ਆਦਮੀ ਸੀ। ਉਸ ਨੇ ਫੌਰੀ ਗੱਲ ਸਮਝਦਿਆਂ ਕਿਹਾ ਕਿ ਨਵਾਬੀ ਤਾਂ ਲੈ ਲਓ, ਪਾਤਸ਼ਾਹੀ ਫਿਰ ਲੈ ਲਇਓ। ਇਸ ਮੁੱਦੇ ਨੂੰ ਲੈ ਕੇ ਕਾਫੀ ਬਹਿਸ ਹੋਈ। ਕੋਲੋਂ ਇੱਕ ਸਿੰਘ ਨੇ ਕਿਹਾ ਕਿ ਪੈਸਿਆਂ ਨਾਲ ਲੰਗਰ ਪਾਣੀ ਤਾਂ ਚਲੇਗਾ, ਬਾਕੀ ਤੁਸੀਂ ਆਪਣੀਆਂ ਸਰਗਰਮੀਆਂ ਜਾਰੀ ਰੱਖੋ। ਪੰਥ ਇਹ ਨਵਾਬੀ ਸਰਦਾਰ ਮਹਾਂ ਸਿੰਘ ਦੇ ਪਿਤਾ ਨੌਧ ਸਿੰਘ ਸ਼ੁਕਰਚੱਕੀਏ ਨੂੰ ਦੇਣਾ ਚਾਹੁੰਦਾ ਸੀ, ਪਰ ਉਹ ਰਾਜ਼ੀ ਨਾ ਹੋਇਆ। ਉਧਰ ਨਾਲ-ਨਾਲ ਬਾਣੀ ਪੜ੍ਹਨ ਦਾ ਪ੍ਰਵਾਹ ਵੀ ਚੱਲ ਰਿਹਾ ਸੀ। ਬਾਣੀ ਵਿੱਚ ਇਹ ਤੁਕਾਂ ਆਈਆਂ:

ਟਹਲ ਮਹਲ ਤਾ ਕਉ ਮਿਲੈ
ਜਾ ਕਉ ਸਾਧ ਕ੍ਰਿਪਾਲ॥
ਸਾਧੂ ਸੰਗਤਿ ਤਉ ਬਸੈ
ਜਉ ਆਪਨ ਹੋਹਿ ਦਇਆਲ॥



(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 255)

ਇਹ ਤੁਕਾਂ ਹੁਕਮਨਾਮਾ ਸਮਝ ਕੇ ਸਭਨਾਂ ਨੇ ਮਤਾ ਪਕਾਇਆ ਕਿ ਨਵਾਬੀ ਕਿਸੇ ਟਹਿਲੀਏ ਨੂੰ ਕਿਉਂ ਨਾ ਦਿੱਤੀ ਜਾਵੇ। ਸਾਹਮਣੇ ਜਥੇਦਾਰ ਕਪੂਰ ਸਿੰਘ ਅਸਤਬਲ ਦੀ ਸੇਵਾ ਕਰਦਾ ਦਿਸ ਪਿਆ। ਇਸ ਤੋਂ ਬਿਨਾਂ ਉਹ ਦੀਵਾਨ ਵਿੱਚ ਪੱਖਾ ਝੱਲਣ ਅਤੇ ਲੰਗਰ ਲਈ ਲੱਕੜੀਆਂ ਇਕੱਠੀਆਂ ਕਰਨ ਅਤੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਵੀ ਕਰਦਾ ਸੀ। ਉਸ ਨੇ ਅੰਮ੍ਰਿਤ ਵੀ ਭਾਈ ਬਿਨੋਦ ਸਿੰਘ ਕੋਲੋਂ ਛਕਿਆ ਸੀ। ਇਹ ਸਾਰਾ ਕੁਝ ਕਪੂਰ ਸਿੰਘ ਦੀ ਯੋਗਤਾ ਬਣ ਨਿਬੜਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:-

ਵਾਹਿ ਵਾਹਿ ਤਬਿ ਸਭਨਿ ਅਲਾਯੋ। ਟਹਲ ਕਰਤ ਕਪੂਰ ਹਰਿ ਪਾਯੋ। ਤਰਣ ਤਾਰਣ ਪਰਗਣੇ ਗੁਰ ਕਾ। ਸਭਨ ਗ੍ਰਾਮ ਫੱਜ਼ਲਾਪੁਰਿ ਕਾ। ਬ੍ਰਿਕ ਗੋਤ ਜਟੁ ਸਿਖ ਸਚਾ ਥਾ। ਸਿੰਘ ਬਿਨੋਦ ਤੈਂ ਸੁਧਾ ਅਚਾ ਥਾ। ਬੀਚ ਦਿਵਾਨ ਤਬੈ ਵਹਿ ਬਲ ਧਰਿ। ਪਖਾ ਕਰਤ ਹੁਤੋ ਇਤ ਉਤਿ ਫਿਰਿ ਅਵਰ ਟਹਿਲ ਵਹਿ ਬਹੁਤ ਕਮਾਤੋ। ਦੇਗ ਤੇਗ ਜਲ ਲਕਰੀ ਲਯਾਤੋ। ਬਰਤਨ ਜੂਠੇ ਮਾਂਜਤ ਸਭਿ ਕੇ। ਕੱਛਾ ਧੋਇ ਨਲ੍ਹਾਵਤ ਲਭ ਕੇ। ਲੀਦ ਹਟਾਵਤ ਅਨ ਸਾਰੀ।
ਔਰ ਟਹਲ ਇਤਜ਼ਾਦਿਕ ਭਾਤੀ।
(ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨਾ 654)

ਜਦ ਸਹਿਮਤੀ ਬਣੀ ਕਿ ਨਵਾਬੀ, ਟਹਿਲੀਏ ਕਪੂਰ ਸਿੰਘ ਨੂੰ ਦਿੱਤੀ ਜਾਵੇ ਤਾਂ ਉਸ ਨੇ ਵੀ ਝਟਪਟ ਹਾਂ ਨਹੀਂ ਸੀ ਕੀਤੀ, ਕਿਉਂਕਿ ਇਹ ਇਕੱਲੇ ਕਪੂਰ ਸਿੰਘ ਨੂੰ ਨਹੀਂ ਸੀ ਮਿਲ ਰਹੀ ਸਗੋਂ ਪੂਰੇ ਪੰਥ ਨੂੰ ਮਿਲ ਰਹੀ ਸੀ। ਉਸ ਨੇ ਵੀ ਸ਼ਰਤ ਰੱਖੀ ਕਿ ਪੰਥ ਹੀ ਉਸ ਨੂੰ ਨਵਾਬੀ ਦੀਆਂ ਵਸਤਾਂ ਦੇਵੇ। ਇਸ 'ਤੇ ਪੰਜਾਂ ਸਿੰਘ ਦੇ ਚਰਨਾਂ ਨਾਲ ਛੁਹਾ ਕੇ ਇਹ ਸਾਰੀਆਂ ਵਸਤਾਂ ਦਿੱਤੀਆਂ ਗਈਆਂ ਅਤੇ ਇਹ ਐਲਾਨ ਕੀਤਾ ਗਿਆ ਕਿ ਅੱਜ ਤੋਂ ਕਪੂਰ ਸਿੰਘ ਉਨ੍ਹਾਂ ਦਾ ਨਵਾਬ ਹੈ:

ਦੀਨ ਹੁਕਮ ਜਬਿ ਸਿੰਘਨ ਸਾਰੇ। ਲੇਹ ਸੰਭਾਰ ਨਵਾਬ ਹਮਾਰੇ। ਪਾਂਚ ਭੁਜੰਗਨ ਚਰਨ ਲਗੈ ਕੈ। ਪਾਛੇ ਪਹਿਰਯੋ ਖਿਲਤ ਉਠੈ ਕੈ।
(ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨਾ 655)

ਸ੍ਰੀ ਗੁਰੂ ਪੰਥ ਪ੍ਰਕਾਸ਼ ਦੇ ਅਖੀਰਲੇ ਭਾਗ ਵਿੱਚ ਜਿਥੇ ਸਿੱਖ ਮਿਸਲਾਂ, ਸਿੱਖ ਰਿਆਸਤਾਂ, ਪ੍ਰਮੁੱਖ ਸਿੱਖ ਸਰਦਾਰਾਂ ਅਤੇ ਸਿੱਖ ਸੰਪਰਦਾਵਾਂ ਦਾ ਬਿਰਤਾਂਤ ਹੈ, ਉੱਥੇ ਫੈਜ਼ਲਪੁਰੀਆ ਜਾਂ ਸਿੰਘਪੁਰੀਆ ਮਿਸਲ ਦਾ ਵੀ ਉਲੇਖ ਹੈ, ਜਿਸ 'ਚ ਨਵਾਬ ਕਪੂਰ ਸਿੰਘ ਬਾਰੇ ਕੁਝ ਵੇਰਵੇ ਮਿਲਦੇ ਹਨ। ਜਥੇਦਾਰ ਕਪੂਰ ਸਿੰਘ ਨੂੰ ਨਵਾਬੀ ਮਿਲਣ ਦਾ ਬਿਰਤਾਂਤ ਇਸ ਤੋਂ ਪਹਿਲਾਂ ਆਉਂਦਾ ਹੈ, ਇਸ ਲਈ ਉਸ ਵੱਲ ਸੰਕੇਤ ਕਰਦਿਆਂ ਉਹ ਪ੍ਰਸੰਗ ਛੱਡ ਕੇ ਗਿਆਨੀ ਗਿਆਨ ਸਿੰਘ ਇੱਥੇ ਕੁਝ ਤੱਥ ਮੂਲਕ ਵੇਰਵੇ ਦਿੰਦਾ ਹੈ। ਇਸ ਦੇ ਨਾਲ ਹੀ ਉਹ ਨਵਾਬ ਕਪੂਰ ਸਿੰਘ ਦੇ ਕੀਤੇ ਗਏ ਸੰਘਰਸ਼ਾਂ ਅਤੇ ਉਸ ਦੀਆਂ ਪ੍ਰਾਪਤੀਆਂ ਉੱਪਰ ਵੀ ਰੌਸ਼ਨੀ ਪਾਉਂਦਾ ਹੈ। ਗਿਆਨੀ ਜੀ ਦੇ ਦੱਸਣ ਅਨੁਸਾਰ ਜਲੰਧਰ ਨੇੜੇ ਇੱਕ ਪਿੰਡ ਫਰਜ਼ੁੱਲਾਪੁਰ ਹੈ, ਜਿੱਥੋਂ ਦਾ ਬਹਾਦਰ ਕਪੂਰ ਸਿੰਘ ਰਹਿਣ ਵਾਲਾ ਸੀ। ਉਹ ਵਿਰਕ ਗੋਤ ਦਾ ਜੱਟ ਸੀ। ਜਦ ਖ਼ਾਲਸੇ ਨੇ ਕਸੂਰ ਮਾਰੀ ਤਾਂ ਹੋਰਨਾਂ ਸਰਦਾਰਾਂ ਦੀ ਤਰ੍ਹਾਂ ਜਥੇਦਾਰ ਕਪੂਰ ਸਿੰਘ ਹੱਥ ਵੀ ਕਾਫ਼ੀ ਦੌਲਤ ਲੱਗੀ। ਉਸ ਨੇ ਕੁਝ ਘੋੜ ਸਵਾਰ ਰੱਖ ਲਏ ਅਤੇ ਉਸ ਨਾਲ ਹੋਰ ਸਰਦਾਰ ਵੀ ਆ ਜੁੜੇ। ਇੰਝ ਅੱਠ ਹਜ਼ਾਰ ਦਾ ਇੱਕ ਵੱਡਾ ਜਥਾ ਬਣ ਗਿਆ। ਜਦ ਸਿੰਘਾਂ ਨੇ ਜਮਨਾ ਤੋਂ ਇਧਰ ਅਟਕ ਤੱਕ ਦਾ ਇਲਾਕਾ ਮੱਲ ਲਿਆ ਤਾਂ ਜਥੇਦਾਰ ਕਪੂਰ ਸਿੰਘ ਨੇ ਮੈਣ-ਦੁਆਬ ਉਪਰ (ਘੱਗਰ ਅਤੇ ਜਮਨਾ ਵਿਚਕਾਰਲਾ ਇਲਾਕਾ) ਕਬਜ਼ਾ ਕਰ ਲਿਆ ਅਤੇ ਜਲੰਧਰ ਰਾਜਧਾਨੀ ਬਣਾ ਲਈ। ਜਦ ਜਥੇਦਾਰ ਕਪੂਰ ਸਿੰਘ ਸਵਰਗ ਸਿਧਾਰ ਗਿਆ ਤਾਂ ਅੰਮ੍ਰਿਤਸਰ ਵਿਖੇ ਬਾਬਾ ਅਟੱਲ ਰਾਇ ਸਾਹਿਬ ਜੀ ਦੀਆਂ ਸਮਾਧਾਂ ਨੇੜੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਗਿਆਨੀ ਗਿਆਨ ਸਿੰਘ ਦੇ ਕਹਿਣ ਮੁਤਾਬਿਕ ਨਵਾਬ ਕਪੂਰ ਸਿੰਘ ਨੇ ਦੋ ਰਿਆਸਤਾਂ (ਮਿਸਲਾਂ) ਕਾਇਮ ਕੀਤੀਆਂ। ਇਕ ਮਿਸਲ ਆਹਲੂਵਾਲੀਆ ਜਿਸ ਦਾ ਸਰਦਾਰ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਬਣਿਆ ਜੋ ਕਪੂਰ ਸਿੰਘ ਦਾ ਪਾਲਿਤ ਪੁੱਤਰ ਸੀ। ਇਸੇ ਜੱਸਾ ਸਿੰਘ ਨੂੰ ਮਾਤਾ ਸੁੰਦਰੀ ਨੇ ਨਵਾਬ ਕਪੂਰ ਸਿੰਘ ਦੇ ਸਪੁਰਦ ਕੀਤਾ ਸੀ। ਨਵਾਬ ਨੇ ਜੱਸਾ ਸਿੰਘ ਨੂੰ ਵਿੱਦਿਆ ਦਿਵਾਈ, ਉਸ ਦੀ ਸ਼ਖ਼ਸ਼ੀਅਤ ਉਸਾਰੀ ਕੀਤੀ, ਯੁੱਧ ਕੌਸ਼ਲਤਾ ਅਤੇ ਹੋਰ ਗੁਣਾਂ ਨਾਲ ਸੰਪੰਨ ਕਰਕੇ ਉਸ ਦੀ ਪਰਵਰਿਸ਼ ਕੀਤੀ। ਨਵਾਬ ਕਪੂਰ ਸਿੰਘ ਨੇ ਆਪਣੇ ਦਿਹਾਂਤ ਵੇਲੇ ਕਲਗੀਧਰ ਦੀ ਤਲਵਾਰ, ਜੋ ਉਸ ਨੂੰ ਮਾਤਾ ਸੁੰਦਰੀ ਜੀ ਤੋਂ ਪ੍ਰਾਪਤ ਹੋਈ ਸੀ, ਉਹ ਦਿੱਤੀ। ਨਵਾਬ ਕਪੂਰ ਸਿੰਘ ਦੀ ਕਾਇਮ ਕੀਤੀ ਗਈ ਦੂਜੀ ਮਿਸਲ ਦਾ ਮਿਸਲਦਾਰ ਉਸ ਦਾ ਭਤੀਜਾ ਖੁਸ਼ਾਲ ਸਿੰਘ ਬਣਿਆ। ਇਹ ਮਿਸਲ ਫ਼ੈਜ਼ਲਪੁਰੀਆ ਦੇ ਨਾਂਅ ਨਾਲ ਮਸ਼ਹੂਰ ਹੋਈ ਕਿਉਂਕਿ ਕਪੂਰ ਸਿੰਘ ਦਾ ਆਪਣਾ ਪਿੰਡ ਫੈਜ਼ਲਪੁਰ ਸੀ।

ਇੰਝ ਗਿਆਨੀ ਗਿਆਨ ਸਿੰਘ ਦੇ ਉਪਰੋਕਤ ਬਿਰਤਾਂਤ ਤੋਂ ਜੋ ਕਿ ਅਸਲੀਅਤ ਦੇ ਐਨ ਅਨੁਕੂਲ ਹੈ, ਇਹ ਸਿੱਟਾ ਨਿਕਲਦਾ ਹੈ ਕਿ ਨਵਾਬ ਕਪੂਰ ਸਿੰਘ ਦਾ ਸਿੱਖ ਇਤਿਹਾਸ ਵਿੱਚ ਬੜਾ ਉੱਘਾ ਥਾਂ ਹੈ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਉਸ ਨੇ ਸਾਰੀ ਬਿਖਰੀ ਹੋਈ ਸਿੱਖ ਸ਼ਕਤੀ ਨੂੰ ਇਕੱਠਾ ਕਰਕੇ ਦਲ ਖ਼ਾਲਸਾ ਨਾਂਅ ਦੀ ਜਥੇਬੰਦੀ ਬਣਾਈ ਅਤੇ ਉਸ ਦੀ ਕੁਸ਼ਲ ਅਗਵਾਈ ਹੇਠ ਇਸ ਜਥੇਬੰਦੀ ਨੇ ਅਨੇਕ ਮੱਲਾਂ ਮਾਰੀਆਂ। ਸੰਨ 1765 ਈ. ਵਿੱਚ ਵੱਡੇ ਘੱਲੂਘਾਰੇ ਤੋਂ ਬਾਅਦ ਜਦ ਮਿਸਲਾਂ ਬਣੀਆਂ ਤਾਂ ਸਾਰੇ ਮਿਸਲਦਾਰ ਉਸ ਦੀ ਬਹੁਤ ਇੱਜ਼ਤ ਕਰਦੇ ਸਨ, ਕਿਉਂਕਿ ਉਹ ਕਿਸੇ ਨਾ ਕਿਸੇ ਰੂਪ ਵਿੱਚ ਉਸ ਦੇ ਰਿਣੀ ਸਨ। ਉਸ ਦੀ ਜਥੇਦਾਰੀ ਸਭਨਾਂ ਨੂੰ ਪ੍ਰਵਾਨ ਸੀ ਅਤੇ ਉਹ ਜਦ ਵੀ ਪੁਕਾਰਦਾ, ਸਾਰੇ ਸਰਦਾਰ ਉਸ ਦੀ ਸੇਵਾ ਵਿੱਚ ਹਾਜ਼ਰ ਹੋ ਜਾਂਦੇ। ਫੈਜ਼ਲਪੁਰੀਆ ਜਾਂ ਸਿੰਘਪੁਰੀਆ ਮਿਸਲ ਤਾਂ ਉਸ ਦੀ ਆਪਣੀ ਸੀ ਹੀ, ਪਰ ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਰੂਪ ਵਿੱਚ ਨਵਾਬ ਕਪੂਰ ਸਿੰਘ ਨੇ ਆਪਣੇ ਤੋਂ ਪਿੱਛੋਂ ਜੋ ਆਗੂ ਦਿੱਤਾ, ਉਹ ਸੁਲਤਾਨ-ਉਲ-ਕੌਮ ਹੋ ਨਿਬੜਿਆ। ਬੋਹੜ ਥੱਲੇ ਬੋਹੜ ਨਹੀਂ ਉੱਗਦਾ ਪਰ ਨਵਾਬ ਕਪੂਰ ਸਿੰਘ ਨੇ ਉਹ ਕਰ ਵਿਖਾਇਆ।

-ਪ੍ਰੋਫ਼ੈਸਰ ਅਤੇ ਸਾਬਕਾ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ




(ਬਾਕੀ ਸਫ਼ਾ 31 'ਤੇ)

# ਸਿੰਘ ਸਭਾ ਲਹਿਰ ਦੇ ਮੋਢੀ ਭਾਈ ਜਵਾਹਰ ਸਿੰਘ

ਡਾ. ਗੁਰਦੇਵ ਸਿੰਘ ਸਿੱਧੂ

ਸਿੰਘ ਸਭਾ ਲਹਿਰ ਦੇ ਮੋਢੀਆਂ 'ਚ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ ਅਤੇ ਭਾਈ ਮਈਆ ਸਿੰਘ ਪ੍ਰਮੁੱਖ ਸਥਾਨ ਰੱਖਦੇ ਹਨ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੇ ਦੇਹਾਂਤ (ਕ੍ਰਮਵਾਰ 24 ਸਤੰਬਰ, 1898 ਈਸਵੀ ਅਤੇ 6 ਸਤੰਬਰ 1901) ਪਿੱਛੋਂ ਉਨ੍ਹਾਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਸਿੱਖ ਸਮਾਜ ਦੇ ਸੁਧਾਰ ਲਈ ਆਰੰਭ ਕੀਤੇ ਕਾਰਜਾਂ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਭਾਈ ਜਵਾਹਰ ਸਿੰਘ ਦੇ ਮੋਢਿਆਂ ਉੱਤੇ ਆ ਪਈ ਜਿਸ ਨੂੰ ਉਨ੍ਹਾਂ ਨੇ ਬਹੁਤ ਸੁਯੋਗਤਾ ਨਾਲ ਨਿਭਾਇਆ।

ਭਾਈ ਜਵਾਹਰ ਸਿੰਘ ਦਾ ਜਨਮ 1858 ਈਸਵੀ ਵਿਚ ਅੰਮ੍ਰਿਤਸਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਆਤਮਾ ਸਿੰਘ ਸੀ। ਭਾਈ ਆਤਮਾ ਸਿੰਘ ਨੇ ਆਪਣੇ ਪੁੱਤਰ ਦੀ ਸਿਖਿਆ ਵੱਲ ਉਚੇਚਾ ਧਿਆਨ ਦਿੱਤਾ। 1876 ਵਿੱਚ ਸਕੂਲ ਪੱਧਰ ਦੀ ਪੜ੍ਹਾਈ ਖਤਮ ਕਰਨ ਪਿੱਛੋਂ ਉਨ੍ਹਾਂ ਨੂੰ ਨਵੰਬਰ ਦੇ ਮਹੀਨੇ ਸਿੰਧ-ਪੰਜਾਬ, ਦਿੱਲੀ ਰੇਲ ਕੰਪਨੀ ਵਿੱਚ ਨੌਕਰੀ ਮਿਲ ਗਈ। ਸਕੂਲ ਵਿੱਚ ਪੜ੍ਹਦਿਆਂ ਉਨ੍ਹਾਂ ਦਾ ਮੇਲ ਗੁਲਾਬਦਾਸੀ ਸੰਪਰਦਾ ਦੇ ਪੈਰੋਕਾਰ ਭਾਈ ਬਹਾਦਰ ਸਿੰਘ ਨਾਲ ਹੋਇਆ ਤਾਂ ਉਸ ਤੋਂ ਪ੍ਰਭਾਵਿਤ ਹੋ ਕੇ ਜਵਾਹਰ ਸਿੰਘ ਨੇ ਗੁਲਾਬਦਾਸੀ ਮਤ ਦਾ ਗੰਭੀਰਤਾ ਨਾਲ ਅਧਿਐਨ ਕੀਤਾ। ਛੇਤੀ ਹੀ ਉਹ ਗੁਲਾਬਦਾਸੀ ਨਜ਼ਰੀਏ ਤੋਂ ਵਾਦ ਵਿਵਾਦ ਕਰਨ ਵਿੱਚ ਮਾਹਰ ਹੋ ਗਏ। 1877 ਵਿੱਚ ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਯਾ ਨੰਦ ਪੰਜਾਬ ਆਏ ਤਾਂ ਮੂਰਤੀ ਪੂਜਾ ਬਾਰੇ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਿੱਖਾਂ ਨੇ ਮਲਵਈ ਬੁੰਗੇ ਅਤੇ ਘੰਟਾ ਘਰ ਵਾਲੇ ਚੌਗਾਨ ਵਿੱਚ ਉਨ੍ਹਾਂ ਦੇ ਲੈਕਚਰ ਕਰਵਾਏ। ਇਸ ਮੌਕੇ ਭਾਈ ਜਵਾਹਰ ਸਿੰਘ ਨੇ ਸਵਾਮੀ ਦਯਾ ਨੰਦ ਨਾਲ ਵਿਚਾਰ ਚਰਚਾ ਕੀਤੀ ਜਿਸ ਤੋਂ ਪ੍ਰਭਾਵਿਤ ਹੋ ਕੇ ਆਰੀਆ ਸਮਾਜੀਆਂ ਨੇ ਭਾਈ ਜਵਾਹਰ ਸਿੰਘ ਉੱਤੇ ਡੋਰੇ ਪਾਉਣੇ ਸ਼ੁਰੂ ਕੀਤੇ ਅਤੇ ਸਫਲ ਹੋਏ। ਨਵੰਬਰ 1879 ਵਿੱਚ ਆਰੀਆ ਸਮਾਜ ਅਤੇ ਬ੍ਰਹਮੋ ਸਮਾਜ ਵਿਚਾਲੇ ਹੋਈ ਬਹਿਸ ਵਿੱਚ ਭਾਈ ਜਵਾਹਰ ਸਿੰਘ ਨੇ ਆਰੀਆ ਸਮਾਜ ਦਾ ਪੱਖ ਪੂਰਿਆ। ਇਸ ਸਾਲ ਹੀ ਉਨ੍ਹਾਂ ਨੂੰ ਅੰਮ੍ਰਿਤਸਰ ਆਰੀਆ ਸਮਾਜ ਦਾ ਸਕੱਤਰ ਥਾਪਿਆ ਗਿਆ।

1873 ਵਿੱਚ ਅੰਮ੍ਰਿਤਸਰ ਵਿੱਚ ਸਿੰਘ ਸਭਾ ਸਥਾਪਤ ਹੋਈ ਤਾਂ ਇਸ ਵਿੱਚ ਦੋ ਵਿਚਾਰਾਂ ਵਾਲੇ ਵਿਅਕਤੀ ਸ਼ਾਮਲ ਸਨ। ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕ੍ਰਮਾ ਸਿੰਘ ਫਰੀਦਕੋਟ ਆਦਿ ਸਨਾਤਨੀ ਵਿਚਾਰਾਂ ਦੇ ਧਾਰਨੀ ਸਨ ਅਤੇ ਪ੍ਰੋਫੈਸਰ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਆਦਿ ਸਿੱਖ ਧਰਮ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿਖਾਏ ਰਾਹ ਉੱਤੇ ਅੱਗੇ ਤੋਰਨ ਦੇ ਹਾਮੀ ਸਨ। ਕੰਵਰ ਬਿਕ੍ਰਮਾ ਸਿੰਘ ਕਪੂਰਥਲਾ, ਅਤਰ ਸਿੰਘ ਭਦੌੜ ਆਦਿ ਉਨ੍ਹਾਂ ਦੇ ਅਜਿਹੇ ਵਿਚਾਰਾਂ ਦਾ ਪੱਖ ਪੂਰਦੇ ਸਨ। ਇਸ ਵਿਚਾਰਧਾਰਿਕ ਵਿਖਰੇਵੇਂ ਕਾਰਨ ਸਿੰਘ ਸਭਾ ਅੰਮ੍ਰਿਤਸਰ ਪੂਰੀ ਸਰਗਰਮੀ ਨਾਲ ਕੰਮ ਨਹੀਂ ਸੀ ਕਰ ਰਹੀ। ਇਸ ਖੜੋਤ ਨੂੰ ਤੋੜਨ ਵਾਸਤੇ ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੇ 1879 ਵਿੱਚ ਲਾਹੌਰ ਵਿੱਚ ਸਿੰਘ ਸਭਾ ਬਣਾ ਕੇ ਸਰਗਰਮੀ ਨਾਲ ਕੰਮ ਕਰਨਾ ਸ਼ੁਰੂ ਕੀਤਾ। ਇਸ ਮੌਕੇ ਗਿਆਨੀ ਦਿੱਤ ਸਿੰਘ ਨੂੰ ਗੁਲਾਬਦਾਸੀ ਸੰਪਰਦਾ ਵਿਚਲੇ ਆਪਣੇ ਸੂਝਵਾਨ ਸਾਥੀ ਭਾਈ ਜਵਾਹਰ ਸਿੰਘ ਦੀ ਲੋੜ ਮਹਿਸੂਸ ਹੋਈ ਤਾਂ ਭਾਈ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੀ ਪ੍ਰੇਰਨਾ ਸਦਕਾ ਭਾਈ ਜਵਾਹਰ ਸਿੰਘ ਆਪਣੇ ਸਿੱਖ ਭਾਈਚਾਰੇ ਦੀ ਸੇਵਾ ਕਰਨ ਵਾਸਤੇ ਉਨ੍ਹਾਂ ਦੇ ਸੰਗੀ ਬਣ ਗਏ। ਦੋਵੇਂ ਸਭਾਵਾਂ ਆਪੋ-ਆਪਣੇ ਪੱਧਰ ਉੱਤੇ ਕੰਮ ਕਰਦੀਆਂ ਰਹੀਆਂ ਪਰ ਇਨ੍ਹਾਂ ਦੇ ਕਾਰਜਾਂ 'ਚੋਂ ਆਪਸੀ ਰੰਜਿਸ਼ ਦਿਖਾਈ ਦਿੰਦੀ ਸੀ। ਸੂਝਵਾਨ ਅਤੇ ਦੂਰ-ਅੰਦੇਸ਼ ਸਿੱਖ ਆਗੂਆਂ ਨੇ ਇਸ ਸਥਿਤੀ ਨੂੰ ਕੌਮੀ ਬਿਹਤਰੀ ਲਈ ਹਾਨੀਕਾਰਕ ਸਮਝਦਿਆਂ ਇੱਕ ਸਾਂਝੀ ਜਨਰਲ ਸਭਾ ਬਣਾਈ। ਇਸ ਸਭਾ ਨੇ ਭਾਈ ਜਵਾਹਰ ਸਿੰਘ ਨੂੰ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਚਾਰਕ ਵਜੋਂ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਕਾਰਜ ਦੀ ਮਾਨਤਾ ਵਜੋਂ ਬਾਬਾ ਖੇਮ ਸਿੰਘ ਬੇਦੀ ਅਤੇ ਪ੍ਰੋ. ਗੁਰਮੁਖ ਸਿੰਘ ਦੇ ਦਸਤਖਤਾਂ ਹੇਠ ਸਨਦ ਦਿੱਤੀ। ਜਦੋਂ ਜਨਰਲ ਸਿੰਘ ਸਭਾ ਵੀ ਮਿੱਥੇ ਕਾਰਜ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾ ਕਰ ਸਕੀ ਤਾਂ 'ਖਾਲਸਾ ਦੀਵਾਨ' ਨਾਂ ਦੀ ਸੰਸਥਾ ਖੜ੍ਹੀ ਕੀਤੀ ਗਈ ਪਰ ਵਿਵਾਦੀ ਸਥਿਤੀ ਫਿਰ ਵੀ ਬਣੀ ਰਹੀ। ਨਤੀਜੇ ਵਜੋਂ ਪ੍ਰੋ. ਗੁਰਮੁਖ ਸਿੰਘ ਨੇ ਸਿੱਖ ਮੁਖੀਆਂ ਦੀ ਸਲਾਹ ਨਾਲ 11 ਅਪਰੈਲ 1886 ਨੂੰ ਲਾਹੌਰ ਵਿੱਚ ਖਾਲਸਾ ਦੀਵਾਨ ਦੀ ਸਥਾਪਨਾ ਕੀਤੀ ਅਤੇ ਆਪਣੇ ਤੌਰ 'ਤੇ ਧਾਰਮਿਕ ਖੇਤਰ ਵਿੱਚ ਕੰਮ ਕਰਨਾ ਜਾਰੀ ਰੱਖਿਆ। ਇਸ ਮੌਕੇ ਭਾਈ ਜਵਾਹਰ ਸਿੰਘ ਨੇ ਪ੍ਰੋ. ਗੁਰਮੁੱਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੀ ਇੱਕ ਸ਼ਕਤੀਸ਼ਾਲੀ ਧਿਰ ਬਣ ਕੇ ਸਾਥ ਦਿਤਾ। ਧਰਮ ਪ੍ਰਚਾਰ ਦੇ ਖੇਤਰ ਵਿੱਚ ਪਿੱਛੇ ਰਹਿਣ ਨੇ ਬਾਬਾ ਖੇਮ ਸਿੰਘ ਦੇ ਧੜੇ ਵਿੱਚ ਪ੍ਰੋ. ਗੁਰਮੁਖ ਸਿੰਘ ਬਾਰੇ ਇੰਨੀ ਕੁੜੱਤਣ ਭਰੀ ਕਿ ਉਨ੍ਹਾਂ 18 ਮਾਰਚ 1887 ਨੂੰ ਅਕਾਲ ਤਖਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਤੋਂ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖੀ ਤੋਂ ਖਾਰਜ ਕਰਨ ਦਾ ਐਲਾਨ ਕਰਵਾਇਆ ਅਤੇ ਪ੍ਰੋ. ਗੁਰਮੁਖ ਸਿੰਘ ਦੇ ਪੱਖੀਆਂ ਨੂੰ ਡਰਾ ਧਮਕਾ ਕੇ ਆਪਣੇ ਧੜੇ ਵਿੱਚ ਲਿਆਉਣ ਲੱਗੇ। ਉਸ ਧੜੇ ਨੇ ਭਾਈ ਜਵਾਹਰ ਸਿੰਘ ਉੱਤੇ ਵੀ ਡੋਰੇ ਪਾਉਣੇ ਚਾਹੇ ਪਰ ਭਾਈ ਜਵਾਹਰ ਸਿੰਘ ਨੇ ਉਨ੍ਹਾਂ ਨੂੰ ਖਰੀਆਂ-ਖਰੀਆਂ ਸੁਣਾਈਆਂ। ਭਾਈ ਜਵਾਹਰ ਸਿੰਘ ਨੇ ਲੰਮਾ ਸਮਾਂ ਖਾਲਸਾ ਦੀਵਾਨ ਲਾਹੌਰ ਦੇ ਮੁੱਖ ਸਕੱਤਰ ਅਤੇ ਮੀਤ ਪ੍ਰਧਾਨ ਵਜੋਂ ਜ਼ਿੰਮੇਵਾਰੀ ਨਿਭਾਈ। ਭਾਵੇਂ ਅਜੇ ਭਾਈ ਜਵਾਹਰ ਸਿੰਘ ਨੇ ਉਮਰ ਦੇ ਤਿੰਨ ਦਹਾਕੇ ਵੀ ਨਹੀਂ ਸਨ ਪੂਰੇ ਕੀਤੇ ਪਰ ਪੰਜਾਬ ਦੇ ਸਰਕਾਰੀ ਹਲਕਿਆਂ ਵਿਚ ਉਨ੍ਹਾਂ ਦੀ ਵਿਦਵਤਾ ਨੂੰ ਮਾਨਤਾ ਦਿੱਤੀ ਜਾ ਰਹੀ ਸੀ, ਇਸ ਕਾਰਨ ਉਨ੍ਹਾਂ ਨੂੰ 12 ਨਵੰਬਰ 1895 ਨੂੰ ਅੰਜੁਮਨ-ਏ-ਪੰਜਾਬ ਦਾ ਫੈਲੋ ਨਿਯੁਕਤ ਕੀਤਾ ਗਿਆ।



ਉਂਝ ਤਾਂ ਸਵਾਮੀ ਦਯਾ ਨੰਦ ਵੱਲੋਂ ਆਪਣੀ ਪੁਸਤਕ 'ਸੱਤਿਆਰਥ ਪ੍ਰਕਾਸ਼' ਵਿੱਚ ਹੋਰਨਾਂ ਮਹਾਪੁਰਸ਼ਾਂ ਦੇ ਨਾਲ ਸਿੱਖ ਗੁਰੂ ਸਾਹਿਬਾਨ ਲਈ ਭੱਦੀ ਸ਼ਬਦਾਵਲੀ ਵਰਤੇ ਜਾਣ ਦੇ ਦਿਨ ਤੋਂ ਹੀ ਸਿੱਖਾਂ ਦੇ ਮਨਾਂ ਵਿੱਚ ਸਿੱਖ ਧਰਮ ਬਾਰੇ ਆਰੀਆ ਸਮਾਜ ਦੀ ਗੁੱਝੀ ਮਨਸ਼ਾ ਬਾਰੇ ਸ਼ੱਕ ਪੈਦਾ ਹੋਣੇ ਸ਼ੁਰੂ ਹੋ ਗਏ ਸਨ ਪਰ ਉਦੋਂ ਤਾਂ ਹੱਦ ਹੀ ਹੋ ਗਈ ਜਦੋਂ 25 ਨਵੰਬਰ 1888 ਦੇ ਦਿਨ ਆਰੀਆ ਸਮਾਜ ਦੀ ਗਿਆਰਵੀਂ ਵਰ੍ਹੇਗੰਢ ਮੌਕੇ ਪੰਡਤ ਗੁਰੂ ਦੱਤ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਲਈ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ। ਭਾਈ ਜਵਾਹਰ ਸਿੰਘ ਨੇ 2 ਦਸੰਬਰ ਨੂੰ ਗੁਰਦੁਆਰਾ ਬਾਉਲੀ ਸਾਹਿਬ ਲਾਹੌਰ ਵਿੱਚ ਸਿੱਖ ਸੰਗਤ ਦੀ ਭਰਵੀਂ ਇਕੱਤਰਤਾ ਵਿੱਚ ਆਰੀਆ ਸਮਾਜ ਦੇ ਰਵੱਈਏ ਦੀ ਨਿਖੇਧੀ ਕੀਤੀ। ਉਨ੍ਹੀਂਵੀਂ ਸਦੀ ਦੇ ਅੰਤ ਵਿੱਚ ਸਿੱਖ ਜਗਤ ਵਿੱਚ ਖਾਲਸਾ ਕਾਲਜ ਸਥਾਪਤ ਕਰਨ ਬਾਰੇ ਚਰਚਾ ਹੋਣੀ ਸ਼ੁਰੂ ਹੋਈ ਤਾਂ ਕਾਲਜ ਅਸਥਾਪਨ ਕਮੇਟੀ ਬਣੀ ਜਿਸ ਵਿੱਚ ਭਾਈ ਜਵਾਹਰ ਸਿੰਘ ਨੂੰ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਕਾਲਜ ਬਣਾਉਣ ਦੀ ਸੰਭਾਵਨਾ ਬਣ ਗਈ ਤਾਂ ਇਸ ਕਮੇਟੀ ਦੀ ਥਾਂ ਕਾਲਜ ਕੌਂਸਲ ਨੇ ਲਈ। ਕਾਲਜ ਕੌਂਸਲ ਵਿੱਚ ਫਿਰ ਭਾਈ ਜਵਾਹਰ ਸਿੰਘ ਨੂੰ ਆਨਰੇਰੀ ਸਕੱਥਰ ਥਾਪਿਆ ਗਿਆ। ਉਨ੍ਹਾਂ ਦੇ ਉਪਰਾਲੇ ਸਦਕਾ 22 ਅਕਤੂਬਰ 1892 ਨੂੰ ਖਾਲਸਾ ਕਾਲਜ ਸਕੂਲ ਦੀ ਆਰੰਭਤਾ ਹੋਈ। ਖਾਲਸਾ ਕਾਲਜ ਕੌਂਸਲ ਦੇ ਸਕੱਤਰ ਵਜੋਂ ਪੰਜ ਸਾਲ ਜ਼ਿੰਮੇਵਾਰੀ ਨਿਭਾਉਣ ਪਿੱਛੋਂ ਭਾਈ ਜਵਾਹਰ ਸਿੰਘ ਨੇ ਇਸ ਪਦ ਤੋਂ ਅਸਤੀਫਾ ਦਿੱਤਾ ਜੋ ਨਾ-ਮਨਜ਼ੂਰ ਹੋਇਆ। ਖਾਲਸਾ ਕਾਲਜ ਨੂੰ ਮਿਆਰੀ ਸੰਸਥਾ ਬਣਾਉਣ ਵਾਸਤੇ ਭਾਈ ਜਵਾਹਰ ਸਿੰਘ ਵੱਲੋਂ ਪਾਏ ਯੋਗਦਾਨ ਦਾ ਅਨੁਮਾਨ ਇੱਥੋਂ ਲੱਗਦਾ ਹੈ ਕਿ ਉਨ੍ਹਾਂ ਵੱਲੋਂ ਵਾਰ ਵਾਰ ਕਾਲਜ ਕੌਂਸਲ ਦੇ ਸਕੱਤਰ ਦੇ ਪਦ-ਭਾਰ ਤੋਂ ਮੁਕਤ ਕੀਤੇ ਜਾਣ ਦੀ ਬੇਨਤੀ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਇਸ ਜ਼ਿੰਮੇਵਾਰੀ ਤੋਂ ਫਾਰਗ ਨਹੀਂ ਕੀਤਾ ਗਿਆ। ਆਖਰ ਦਸੰਬਰ 1906 ਵਿੱਚ ਭਾਈ ਜਵਾਹਰ ਸਿੰਘ ਨੂੰ ਖਾਲਸਾ ਕਾਲਜ ਕੌਂਸਲ ਦੇ ਪਦ ਆਨਰੇਰੀ ਸਕੱਤਰ ਤੋਂ ਮੁਕਤੀ ਮਿਲੀ।

ਭਾਈ ਜਵਾਹਰ ਸਿੰਘ ਵੱਲੋਂ ਸਿੰਘ ਸਭਾ ਲਾਹੌਰ ਰਾਹੀਂ ਪੰਜਾਬ ਸਰਕਾਰ ਨੂੰ ਭੇਜੀ ਬੇਨਤੀ ਕਾਰਨ ਹੀ ਪੰਜਾਬ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਰਕਾਰੀ ਛੁੱਟੀ ਕੀਤੇ ਜਾਣ ਦੇ ਹੁਕਮ ਹੋਏ। ਸਤੰਬਰ 1897 ਵਿੱਚ ਭਾਈ ਜਵਾਹਰ ਸਿੰਘ ਨੂੰ ਕਲਕੱਤਾ ਲਿਟਰੇਰੀ ਸੁਸਾਇਟੀ ਦਾ ਮੈਂਬਰ ਚੁਣਿਆ ਗਿਆ। ਲੈਫਟੀਨੈਂਟ ਗਵਰਨਰ ਪੰਜਾਬ ਨੇ ਪਹਿਲੀ ਨਵੰਬਰ 1899 ਨੂੰ ਉਨ੍ਹਾਂ ਨੂੰ ਪੰਜਾਬ ਟੈਕਸਟ ਬੁੱਕ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਨਵੰਬਰ 1904 ਵਿੱਚ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਫੈਲੋ ਨਿਯੁਕਤ ਕੀਤਾ ਗਿਆ। ਧਰਮ ਪ੍ਰਚਾਰ, ਸਿੱਖਿਆ ਅਤੇ ਸਮਾਜਕ ਕਾਰਜ ਕਰਨ ਦੇ ਨਾਲ ਭਾਈ ਜਵਾਹਰ ਸਿੰਘ ਨੇ ਕਲਮੀ ਸੇਵਾ ਵੀ ਕੀਤੀ। ਉਨ੍ਹਾਂ ਦਾ ਵਧੇਰੇ ਕੰਮ ਅੰਗਰੇਜ਼ੀ ਵਿਚ ਹੈ। ਉਨ੍ਹਾਂ ਦੀਆਂ ਲਿਖੀਆਂ ਦੋ ਪੁਸਤਕਾਂ ਬਾਰੇ ਅਖਬਾਰਾਂ ਵਿਚ ਚੰਗੀ ਚਰਚਾ ਹੋਈ। 'ਧਰਮ ਵਿਚਾਰ' ਅਤੇ 'ਅਫਲਾਸ ਹਿੰਦ' ਉਨ੍ਹਾਂ ਦੀਆਂ ਉਰਦੂ ਵਿੱਚ ਪ੍ਰਕਾਸ਼ਿਤ ਪੁਸਤਕਾਂ ਹਨ। 'ਧਰਮ ਵਿਚਾਰ' 28 ਅਪਰੈਲ 1889 ਨੂੰ ਸ੍ਰੀ ਗੁਰੂ ਸਿੰਘ ਸਭਾ ਫਿਰੋਜ਼ਪੁਰ ਦੇ ਸਾਲਾਨਾ ਸਮਾਗਮ ਵੇਲੇ ਦਿੱਤੇ ਭਾਸ਼ਣ ਦਾ ਕਿਤਾਬੀ ਰੂਪ ਸੀ।

ਧਰਮ, ਸਿੱਖਿਆ ਅਤੇ ਸਮਾਜ ਸੁਧਾਰ ਦੇ ਖੇਤਰ ਵਿਚ ਸਲਾਹੁਣਯੋਗ ਕੰਮ ਕਰਨ ਵਾਲੇ ਭਾਈ ਜਵਾਹਰ ਸਿੰਘ ਦਾ ਬਵੰਜਾ ਕੁ ਸਾਲ ਦੀ ਉਮਰ ਵਿਚ 14 ਮਈ 1910 ਨੂੰ ਲਾਹੌਰ ਵਿੱਚ ਦੇਹਾਂਤ ਹੋ ਗਿਆ।



# ਸੱਟੇਬਾਜ਼ੀ ਦੇ ਮੱਕੜਜਾਲ ’ਚ ਫਸੀ ਦੁਨੀਆਂ

## ਕੀ ਸੂਚਨਾ ਕ੍ਰਾਂਤੀ ਕਾਰਨ ਵਧਿਆ ਹੈ ਸੱਟੇਬਾਜ਼ੀ ਦਾ ਬਾਜ਼ਾਰ ?



ਸੂਚਨਾ ਕ੍ਰਾਂਤੀ ਨੇ ਜਿਥੇ ਆਧੁਨਿਕ ਯੁੱਗ ਵਿੱਚ ਬਹੁਤ ਫ਼ਾਇਦਾ ਪਹੁੰਚਾਇਆ ਹੈ, ਉਥੇ ਸੂਚਨਾ ਕ੍ਰਾਂਤੀ ਕਾਰਨ ਸੱਟੇਬਾਜ਼ੀ ਦਾ ਬਾਜ਼ਾਰ ਵੀ ਵਧਿਆ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਭ ਕੁਝ ਜਾਣਦੇ ਹੋਏ ਵੀ ਅਨੇਕਾਂ ਲੋਕ ਸੱਟੇਬਾਜ਼ੀ ਦੇ ਚੱਕਰਵਿਊ ਵਿੱਚ ਫਸ ਜਾਂਦੇ ਹਨ। ਇਸ ਤੋਂ ਇਲਾਵਾ ਚੁਸਤ ਚਲਾਕ ਲੋਕ ਵੀ ਭੋਲੇ ਭਾਲੇ ਲੋਕਾਂ ਨੂੰ ਵਰਗਲਾ ਕੇ ਸੱਟੇਬਾਜ਼ੀ ਦੇ ਜਾਲ ਵਿੱਚ ਫਸਾ ਦਿੰਦੇ ਹਨ। ਕਿਹਾ ਜਾਂਦਾ ਹੈ ਕਿ ਸ਼ੁਰੂਆਤੀ ਦੌਰ ਵਿੱਚ ਸੱਟਾ ਲਗਾਉਣ ਵਾਲਾ ਕੁਝ ਰਾਸ਼ੀ ਜਿੱਤ ਵੀ ਜਾਂਦਾ ਹੈ ਪਰ ਬਾਅਦ ਵਿੱਚ ਉਸ ਦੀਆਂ ਹਾਰਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਵਿਅਕਤੀ ਆਪਣੇ ਪਿਛਲੇ ਘਾਟੇ ਪੂਰੇ ਕਰਨ ਲਈ ਹੋਰ ਸੱਟਾ ਲਗਾਉਂਦਾ ਜਾਂਦਾ ਹੈ, ਜਿਸ ਕਾਰਨ ਅਕਸਰ ਸੱਟਾ ਲਗਾਉਣ ਵਾਲੇ ਵਿਅਕਤੀ ਕੰਗਾਲ ਹੋ ਜਾਂਦੇ ਹਨ। ਦੂਜੇ ਪਾਸੇ ਅਸਲੀਅਤ ਇਹ ਵੀ ਹੈ ਕਿ ਸੱਟਾ ਲਗਾਉਣ ਵਾਲਾ ਵਿਅਕਤੀ ਚਾਹੇ ਜਿੱਤੇ ਜਾਂ ਹਾਰੇ ਪਰ ਸੱਟੇਬਾਜ਼ਾਂ ਨੂੰ ਜ਼ਰੂਰ ਫ਼ਾਇਦਾ ਹੁੰਦਾ ਹੈ।

ਚੋਣਾਂ ਦਾ ਮੌਸਮ ਹੋਵੇ ਜਾਂ ਕੋਈ ਵੀ ਟੂਰਨਾਮੈਂਟ, ਸੱਟੇਬਾਜ਼ ਹਮੇਸ਼ਾ ਮੁਨਾਫ਼ਾ ਕਮਾਉਂਦੇ ਹਨ। ਇਸ ਆਧੁਨਿਕ ਜੂਏ ਦੀ ਖੇਡ ਨੇ ਲੱਖਾਂ ਘਰਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਬਰਬਾਦ ਕਰ ਦਿੱਤਾ ਹੈ। ਹਰ ਰੋਜ਼ ਅਖ਼ਬਾਰਾਂ ਵਿੱਚ ਖ਼ਬਰਾਂ ਛਪਦੀਆਂ ਹਨ ਕਿ ਸੱਟੇਬਾਜ਼ੀ ਵਿੱਚ ਗੁਆਚੇ ਪੈਸੇ ਨਾ ਮੋੜ ਸਕਣ ਕਾਰਨ ਕਿਸੇ ਨੇ ਜਾਂ ਤਾਂ ਆਪਣੀ ਜ਼ਮੀਨ, ਵਾਹਨ ਜਾਂ ਗਹਿਣੇ ਵੇਚ ਦਿੱਤੇ ਜਾਂ ਪਰਿਵਾਰ ਸਮੇਤ ਖ਼ੁਦਕੁਸ਼ੀ ਕਰ ਲਈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਧਾਰਨ ਲੋਕ, ਜੋ ਮਿਹਨਤ ਕਰਕੇ ਆਪਣਾ ਘਰ ਚਲਾ ਰਹੇ ਹਨ, ਸੱਟੇਬਾਜ਼ੀ ਦੀ ਆਦਤ ਕਿਵੇਂ ਪਾ ਲੈਂਦੇ ਹਨ ? ਸੱਟੇਬਾਜ਼ੀ ਇੰਨੀ ਮਸ਼ਹੂਰ ਕਿਉਂ ਹੋ ਰਹੀ ਹੈ ? ਮਸ਼ਹੂਰ ਖਿਡਾਰੀ ਅਤੇ ਅਦਾਕਾਰ ‘ਗੇਮਿੰਗ ਐਪ’ ਵਿੱਚ ਇਸ ਗੇਮ ਦੇ ਬਦਲੇ ਹੋਏ ਰੂਪ ਨੂੰ ਅਪਣਾ ਰਹੇ ਹਨ। ਕਿਉਂ ਭੋਲੇ-ਭਾਲੇ ਲੋਕਾਂ ਨੂੰ ਇਸ਼ਤਿਹਾਰਬਾਜ਼ੀ ਦੇ ਇਸ ਚੱਕਰਵਿਊ ਵਿੱਚ ਫਸਾਇਆ ਜਾ ਰਿਹਾ ਹੈ ? ਕੀ ਸੂਚਨਾ ਕ੍ਰਾਂਤੀ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ? ਜਦੋਂ ਵੀ ਕ੍ਰਿਕਟ, ਫੁੱਟਬਾਲ ਜਾਂ ਕਿਸੇ ਹੋਰ ਪ੍ਰਸਿੱਧ ਖੇਡ ਟੂਰਨਾਮੈਂਟ ਨੂੰ ਲੈ ਕੇ ਧੂਮ-ਧਾਮ ਹੁੰਦੀ ਹੈ ਤਾਂ ਸੱਟੇਬਾਜ਼ੀ ਦਾ ਬਾਜ਼ਾਰ ਵੀ ਆਪਣੇ ਪੈਰ ਪਸਾਰ ਲੈਂਦਾ ਹੈ। ਆਧੁਨਿਕਤਾ ਦੇ ਕਾਰਨ ਕਈ ਅਜਿਹੀਆਂ ਗੇਮਿੰਗ ਐਪਸ ਸਾਹਮਣੇ ਆਈਆਂ ਹਨ ਜੋ ਆਕਰਸ਼ਕ ਇਸ਼ਤਿਹਾਰ ਬਣਾਉਂਦੀਆਂ ਹਨ ਅਤੇ ਸਧਾਰਨ ਲੋਕਾਂ ਨੂੰ ਇਸ ਕਾਲੇ ਧੰਦੇ ਦੇ ਜਾਲ ਵਿੱਚ ਫਸਾਦੀਆਂ ਹਨ। ਸ਼ੁਰੂਆਤ ਵਿੱਚ, ਇੱਕ ਛੋਟੀ ਜਿਹੀ ਜਿੱਤ ਵੀ ਕਿਸੇ ਨੂੰ ਆਸਾਨੀ ਨਾਲ ਫਸਾਉਣ ਲਈ ਕਾਫ਼ੀ ਹੁੰਦੀ ਹੈ। ਉਦਾਹਰਨ ਲਈ, ਜੇਕਰ ਕੋਈ ਵਿਅਕਤੀ ਕਿਸੇ ਦੋਸਤ ਜਾਂ ਜਾਣ-ਪਛਾਣ ਵਾਲੇ ਨੂੰ ਜਿੱਤਦਾ ਦੇਖਦਾ ਹੈ, ਤਾਂ ਉਤਸੁਕਤਾ ਦੇ ਕਾਰਨ ਉਹ ਕਿਸੇ ਖਿਡਾਰੀ ਜਾਂ ਟੀਮ ’ਤੇ ਥੋੜ੍ਹਾ ਜਿਹਾ ਸੱਟਾ ਵੀ ਲਗਾ ਦਿੰਦਾ ਹੈ। ਜੇਕਰ ਦੋਸਤ ਦੀ ਸਲਾਹ ਕੰਮ ਆਵੇ ਅਤੇ ਸੁਝਾਈ ਟੀਮ ਜਾਂ ਖਿਡਾਰੀ ’ਤੇ ਲੱਗਿਆ ਸੱਟਾ ਜਿੱਤ ’ਚ ਬਦਲ ਜਾਵੇ ਤਾਂ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਤੁਸੀਂ ਬਿਨਾਂ ਮਿਹਨਤ ਕੀਤੇ ਘਰ ਬੈਠੇ ਪੈਸੇ ਕਮਾ ਲਏ ਹਨ। ਸੱਟੇਬਾਜ਼ੀ ਦੇ ਆਦੀ ਬਣਨ ਲਈ ਇਹ ਕਾਫ਼ੀ ਹੈ। ਚੋਣ ਨਤੀਜਿਆਂ ਦੀ ਭਵਿੱਖਬਾਣੀ ਨਾਲ ਵੀ ਕੁਝ ਅਜਿਹਾ ਹੀ ਹੁੰਦਾ ਹੈ। ਚੋਣ ਮਤਦਾਨ ਖਤਮ ਹੁੰਦੇ ਹੀ ਸੱਟੇਬਾਜ਼ੀ ਦਾ ਬਾਜ਼ਾਰ ਗਰਮ ਹੋਣਾ ਸ਼ੁਰੂ ਹੋ ਜਾਂਦਾ ਹੈ। ਕਈ ਵਾਰ ਤਾਂ ਸਟਾਕ ਬਾਜ਼ਾਰ ਦੀਆਂ ਕੀਮਤਾਂ ਅਤੇ ਇਸ ਨਾਲ ਜੁੜੀਆਂ ਖ਼ਬਰਾਂ ਵੀ ਕਈ ਪੜਾਵਾਂ ਵਿੱਚ ਹੋਣ ਵਾਲੀਆਂ ਚੋਣਾਂ ਨੂੰ ਪ੍ਰਭਾਵਿਤ ਕਰਨ ਦਾ ਕੰਮ ਕਰਦੀਆਂ ਹਨ। ਅਜਿਹੇ ’ਚ ਕਈ ਵਾਰ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਸਮਰਥਕ ਲੋਕ ਇਸ ਭੁਲੇਖੇ ’ਚ ਪੈ ਜਾਂਦੇ ਹਨ ਕਿ ਕੀ ਉਨ੍ਹਾਂ ਵੱਲੋਂ ਪਾਈ ਗਈ ਵੋਟ ਬਰਬਾਦ ਹੋ ਗਈ ਹੈ ਪਰ ਚੋਣਾਂ ’ਚ ਅਜਿਹਾ ਨਹੀਂ ਹੁੰਦਾ ਕਿ ਸੱਟੇਬਾਜ਼ੀ ਦਾ ਬਾਜ਼ਾਰ ਨਤੀਜਿਆਂ ’ਤੇ ਕੰਟਰੋਲ ਕਰੇ। ਚੋਣਾਂ ਵਿੱਚ ਜੋ ਵੀ ਪਾਰਟੀ ਜਾਂ ਉਮੀਦਵਾਰ ਸੱਤਾ ਵਿੱਚ ਹੁੰਦਾ ਹੈ, ਉਹੀ ਜਿੱਤਦਾ ਹੈ ਕਿਉਂਕਿ ਉਸ ਦੇ ਕੰਮ ਨੂੰ ਜਨਤਾ ਦਾ ਸਮਰਥਨ ਮਿਲਦਾ ਹੈ। ਸੱਟੇਬਾਜ਼ੀ ਦੇ ਬਾਜ਼ਾਰ ਦੇ ਮੁਲਾਂਕਣ ਨੂੰ ਮਨੋਰੰਜਨ ਦੇ ਨਜ਼ਰੀਏ ਤੋਂ ਹੀ ਦੇਖਿਆ ਜਾਣਾ ਚਾਹੀਦਾ ਹੈ। ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਜਿੱਥੇ ਸੱਟੇਬਾਜ਼ੀ ਬਾਜ਼ਾਰ ਨੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਹੋਵੇ ਅਤੇ ਬਦਲਿਆ ਹੋਵੇ। ਖੇਡਾਂ ਦੀ ਗੱਲ ਕਰੀਏ ਤਾਂ ਜ਼ਿਆਦਾਤਰ ਸੱਟੇਬਾਜ਼ੀ ਅੰਡਰਵਰਲਡ ਮਾਫ਼ੀਆਂ ਦੁਆਰਾ ਚਲਾਈ ਜਾਂਦੀ ਹੈ। ਕਿਸੇ ਨਾ ਕਿਸੇ ਤਰੀਕੇ ਨਾਲ ਉਹ ਆਪਣੇ ਤਰੀਕੇ ਨਾਲ ਖੇਡ ਅਤੇ ਖਿਡਾਰੀਆਂ ਦੋਵਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਆਪਣੇ ਫਾਇਦੇ ਲਈ ਮੈਚ ਫਿਕਸ ਕਰਨਾ ਚਾਹੁੰਦੇ ਹਨ। ਉਹ ਖਿਡਾਰੀਆਂ ਨੂੰ ਫਸਾਉਣ ਦੀ ਕੋਸ਼ਿਸ਼ ਵੀ ਕਰਦੇ ਹਨ। ਅਜਿਹੀਆਂ ਕਈ ਉਦਾਹਰਣਾਂ ਸਾਹਮਣੇ ਆਈਆਂ ਹਨ, ਜਦੋਂ ਕੋਈ ਖਿਡਾਰੀ ਇਨ੍ਹਾਂ ਦੇ ਜਾਲ ਵਿੱਚ ਨਹੀਂ ਫਸਣਾ ਚਾਹੁੰਦਾ, ਉਸ ਨੂੰ ਧਮਕੀਆਂ ਵੀ ਮਿਲ ਚੁੱਕੀਆਂ ਹਨ। ਪਿਛਲੇ ਕੁਝ ਸਾਲਾਂ ਵਿੱਚ ਏਸ਼ੀਆਈ ਦੇਸ਼ਾਂ ਵਿੱਚ ਮੈਚ ਫਿਕਸਿੰਗ ਅਤੇ ਸਪਾਟ ਫਿਕਸਿੰਗ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਅਜਿਹਾ ਨਹੀਂ ਹੈ ਕਿ ਜਾਂਚ ਏਜੰਸੀਆਂ ਨੂੰ ਇਸ ਖਤਰਨਾਕ ਖੇਡ ਬਾਰੇ ਕੋਈ ਜਾਣਕਾਰੀ ਨਹੀਂ ਹੈ। ਹਾਲ ਹੀ ’ਚ ਕਈ ਗੇਮਿੰਗ ਐਪਸ ਬਾਰੇ ਸ਼ਿਕਾਇਤਾਂ ਮਿਲਣ ਤੋਂ ਬਾਅਦ ਜਾਂਚ ਏਜੰਸੀਆਂ ਨੇ ਸਖ਼ਤ ਕਾਰਵਾਈ ਕੀਤੀ ਪਰ ਇਸ ਕਾਰੋਬਾਰ ਨੂੰ ਚਲਾਉਣ ਵਾਲੇ ਲੋਕ ਕਦੇ ਫੜੇ ਨਹੀਂ ਜਾਂਦੇ। ਉਨ੍ਹਾਂ ਦੇ ਮੋਹਰੇ ਬਲੀ ਦੇ ਬੱਕਰੇ ਬਣ ਜਾਂਦੇ ਹਨ। ਇਕ ਅੰਦਾਜ਼ੇ ਮੁਤਾਬਕ ਭਾਰਤ ਦਾ ਸੱਟੇਬਾਜ਼ੀ ਬਾਜ਼ਾਰ ਲਗਭਗ 3 ਲੱਖ ਕਰੋੜ ਰੁਪਏ ਜਾਂ ਇਸ ਤੋਂ ਵੱਧ ਦਾ ਹੈ। ਜੇਕਰ ਅਸੀਂ ਕ੍ਰਿਕਟ ਨੂੰ ਹੀ ਲੈ ਲਈਏ ਤਾਂ ਇਸ ਵਿੱਚ ਸੱਟੇਬਾਜ਼ੀ ਦਾ ਕਾਰੋਬਾਰ ਪ੍ਰਤੀ ਮੈਚ 200 ਕਰੋੜ ਰੁਪਏ ਹੈ, ਪਰ ਅਣਦੱਸਿਆ ਇਹ ਅੰਕੜਾ 700 ਕਰੋੜ ਰੁਪਏ ਦੱਸਿਆ ਜਾਂਦਾ ਹੈ। ਗੈਰ-ਕਾਨੂੰਨੀ ਸੱਟੇਬਾਜ਼ੀ ਮਾਫ਼ੀਆਂ ਸਿੰਡੀਕੇਟ, ਮੈਚ ਫਿਕਸਰਾਂ ਨੇ ਕ੍ਰਿਕਟ ਵਿੱਚ ਪੈਰ ਜਮਾਏ ਹਨ। ਕਾਰੋਬਾਰ ਇੰਨੇ ਸੁਚੱਜੇ ਢੰਗ ਨਾਲ ਚਲਾਇਆ ਜਾਂਦਾ ਹੈ ਕਿ ਕੋਈ ਸੋਚ ਵੀ ਨਹੀਂ ਸਕਦਾ। ਇਸ ਧੰਦੇ ਵਿਚ ਹਾਰਨ ਵਾਲੇ ਭੋਲੇ-ਭਾਲੇ ਲੋਕ ਇਹ ਨਹੀਂ ਜਾਣਦੇ ਕਿ ਲਾਲਚ ਕਾਰਨ ਜਲਦੀ ਹੋਰ ਪੈਸਾ ਕਮਾਉਣ ਲਈ ਉਹ ਆਪਣੇ ਪਿਉ-ਦਾਦਿਆਂ ਦੀ ਮਿਹਨਤ ਨਾਲ ਬਣਾਈਆਂ ਜ਼ਮੀਨਾਂ ਅਤੇ ਜਾਇਦਾਦਾਂ ਨੂੰ ਗਿਰਵੀ ਰੱਖਣ ਜਾਂ ਵੇਚਣ ਵਿਚ ਇਕ ਪਲ ਵੀ ਨਹੀਂ ਲਗਾਉਂਦੇ। ਜਦੋਂ ਲੋਕ ਧੋਖਾ ਖਾ ਜਾਂਦੇ ਹਨ ਅਤੇ ਸੱਟਾ ਹਾਰ ਜਾਂਦੇ ਹਨ, ਤਾਂ ਉਹ ਜਾਂ ਤਾਂ ਮਜ਼ਦੂਰ ਵਜੋਂ ਕੰਮ ਕਰਨ ਲਈ ਮਜਬੂਰ ਹੋ ਜਾਂਦੇ ਹਨ ਜਾਂ ਖੁਦਕੁਸ਼ੀਆਂ ਕਰ ਲੈਂਦੇ ਹਨ। ਸੋਚਣ ਵਾਲੀ ਗੱਲ ਹੈ ਕਿ ਸੱਟੇਬਾਜ਼ੀ ਜਾਂ ਜੂਏ ਦੀ ਖੇਡ ਵਿੱਚ ਕੁਝ ਹਾਰ ਜਾਂਦੇ ਹਨ ਅਤੇ ਕੁਝ ਜਿੱਤ ਜਾਂਦੇ ਹਨ, ਪਰ ਸੱਟੇਬਾਜ਼ਾਂ ਦਾ ਘਰ ਹਮੇਸ਼ਾ ਭਰਿਆ ਰਹਿੰਦਾ ਹੈ। ਸੱਟੇਬਾਜ਼ ਮਾਫ਼ੀਆਂ ਆਪਣੇ ਮੋਹਤਬਰਾਂ ਦੀ ਮਦਦ ਨਾਲ ਭੋਲੇ-ਭਾਲੇ ਲੋਕਾਂ ਨੂੰ ਫਸਾਉਂਦੇ ਹਨ ਅਤੇ ਆਪਣਾ ਕਾਰੋਬਾਰ ਫੈਲਾਉਂਦੇ ਹਨ। ਪਰ ਇਸ ਖੇਡ ਵਿੱਚ ਇੱਕ ਚੀਜ਼ ਮਹੱਤਵਪੂਰਨ ਹੈ ਅਤੇ ਉਹ ਹੈ ਜਿੱਤਣ ਲਈ ਸੱਟਾ ਲਗਾਉਣਾ ਬੁਰਾ ਹੈ। ਕਿਉਂਕਿ ਇਹ ਸੱਟੇਬਾਜ਼ੀ ਦੀ ਜਿੱਤ ਹੈ ਜੋ ਨਸ਼ਾ ਪੈਦਾ ਕਰਦੀ ਹੈ। ਜੇਕਰ ਕੋਈ ਸੱਟੇਬਾਜ਼ੀ ਦੇ ਸ਼ੁਰੂਆਤੀ ਪੜਾਅ ’ਚ ਹਾਰਦਾ ਹੈ, ਤਾਂ ਉਹ ਚੌਕਸ ਹੋ ਜਾਵੇਗਾ ਅਤੇ ਅੱਗੇ ਨਹੀਂ ਖੇਡੇਗਾ। ਇਸ ਲਈ, ਸੱਟੇਬਾਜ਼ੀ ਬਾਰੇ ਇਸ ਕੌੜੀ ਸੱਚਾਈ ਨੂੰ ਜਾਣਨ ਤੋਂ ਬਾਅਦ, ਸੱਟੇਬਾਜ਼ੀ ਤੋਂ ਵੱਧ ਤੋਂ ਵੱਧ ਦੂਰ ਰਹੋ ਅਤੇ ਬਰਬਾਦੀ ਵੱਲ ਨਾ ਜਾਓ।

# ਕਦੇ ਊਠ ਵੀ ਹੁੰਦਾ ਸੀ ਪੰਜਾਬੀਆਂ ਦੀ ਸਵਾਰੀ




ਸ਼ਵਿੰਦਰ ਕੌਰ

ਮਾਰੂਥਲਾਂ ਵਿੱਚ ਤਾਂ ਆਵਾਜਾਈ ਦਾ ਹੋਰ ਕੋਈ ਵਸੀਲਾ ਹੁੰਦਾ ਹੀ ਨਹੀਂ ਸੀ। ਉੱਥੇ ਸਿਰਫ਼ ਊਠ ਹੀ ਮਨੁੱਖ ਦੀ ਸਹਾਇਤਾ ਕਰ ਸਕਦਾ ਹੈ। ਇਨ੍ਹਾਂ ਦੀ ਸ਼ਕਤੀ ਅਤੇ ਸਹਿਣਸ਼ੀਲਤਾ ਸਲਾਹੁਣਯੋਗ ਹੈ। ਇਹ ਰੇਤੀਲੇ ਤਪਦੇ ਮੈਦਾਨਾਂ ਵਿੱਚ ਕਈ ਦਿਨਾਂ ਤੱਕ ਬਿਨਾਂ ਖਾਧਿਆਂ ਅਤੇ ਬਿਨਾਂ ਪਾਣੀ ਪੀਤਿਆਂ ਰਹਿ ਸਕਦਾ ਹੈ। ਇਹ ਆਪਣੀ ਥੂ ਵਿੱਚ ਕਈ ਦਿਨਾਂ ਦਾ ਖਾਣਾ ਚਰਬੀ ਦੇ ਰੂਪ ਵਿੱਚ ਊਰਜਾ ਲਈ ਸਟੋਰ ਕਰ ਲੈਂਦਾ ਹੈ। ਇਹ ਸੱਤ ਅੱਠ ਦਿਨਾਂ ਤੱਕ ਕਈ ਕਈ ਕਿਲੋਮੀਟਰ ਤੱਕ ਰੋਜ਼ਾਨਾ ਚੱਲ ਸਕਦਾ ਹੈ। ਇਸ ਸਦਕਾ ਹੀ ਇਸ ਨੂੰ ਮਾਰੂਥਲ ਦਾ ਜਹਾਜ਼ ਕਹਿੰਦੇ ਹਨ। ਇਹੀ ਕਾਰਨ ਹੈ ਕਿ ਪੂਰਵ ਇਤਿਹਾਸਕ ਯੁੱਗ ਤੋਂ ਲੈ ਕੇ ਅੱਜ ਦੇ ਜ਼ਮਾਨੇ ਤੱਕ ਮਾਰੂਥਲਾਂ ਵਾਲੇ ਦੇਸ਼ਾਂ ਵਿੱਚ ਵਪਾਰ ਅਤੇ ਆਵਾਜਾਈ ਦਾ ਕੰਮ ਊਠਾਂ ਰਾਹੀਂ ਹੀ ਹੁੰਦਾ ਹੈ। ਊਠ ਗਵਾਰੇ ਅਤੇ ਛੋਲਿਆਂ ਦੀ ਖ਼ੁਰਾਕ ਨੂੰ ਬਹੁਤ ਪਸੰਦ ਕਰਦੇ ਹਨ। ਰਾਜਸਥਾਨ ਦੇ ਕਈ ਹਿੱਸਿਆਂ ਵਿੱਚ ਤਾਂ ਇਸ ਦੀ ਵਰਤੋਂ ਡਾਕ ਲਈ ਅਤੇ ਸਿਲੰਡਰ ਢੋਣ ਲਈ ਵੀ ਕੀਤੀ ਜਾਂਦੀ ਹੈ। ਸੈਲਾਨੀਆਂ ਨੂੰ ਇਸ ਉੱਪਰ ਬਿਠਾ ਕੇ ਘੁਮਾਉਣ ਦਾ ਧੰਦਾ ਵੀ ਕਈ ਲੋਕਾਂ ਲਈ ਰੁਜ਼ਗਾਰ ਦਾ ਸਾਧਨ ਬਣਿਆ ਹੋਇਆ ਹੈ।

ਪੰਜਾਬ ਵਿੱਚ ਪਹਿਲਾਂ ਊਠ ਖੇਤੀ ਕਰਨ ਵਾਲੇ ਬਹੁਤੇ ਘਰਾਂ ਵਿੱਚ ਰੱਖੇ ਜਾਂਦੇ ਸਨ। ਬਲਦਾਂ ਵਾਂਗ ਹੀ ਊਠ ਤੋਂ ਖੇਤੀ ਸਬੰਧੀ ਕੰਮ ਲਏ ਜਾਂਦੇ। ਹੁਣ ਖੇਤੀ ਦੇ ਕੰਮ ਜ਼ਿਆਦਾ ਮਸ਼ੀਨਰੀ ਨਾਲ ਹੁੰਦੇ ਹੋਣ ਕਰ ਕੇ ਪੰਜਾਬ ਵਿੱਚ ਊਠਾਂ ਦੀ ਗਿਣਤੀ ਘੱਟ ਰਹੀ ਹੈ। ਬਠਿੰਡਾ, ਮਾਨਸਾ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਊਠ ਅਜੇ ਵੀ ਰੱਖੇ ਜਾਂਦੇ ਹਨ। ਕੁਝ ਕਿਸਾਨ ਖੇਤੀ ਲਈ ਅਜੇ ਵੀ ਊਠਾਂ ਦੀ ਵਰਤੋਂ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਊਠ ਦੀ ਵਰਤੋਂ ਨਾਲ ਖੇਤੀ ਦਾ ਕੰਮ ਸਸਤਾ ਪੈਂਦਾ ਹੈ ਜਦੋਂ ਕਿ ਮਸ਼ੀਨਾਂ ਨਾਲ ਖੇਤੀ ਬਹੁਤ ਮਹਿੰਗੀ ਪੈਂਦੀ ਹੈ। ਭਾਰ ਢੋਣ ਸਮੇਂ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਕੋਈ ਸਮਾਂ ਸੀ ਜਦੋਂ ਊਠ ਨੂੰ ਸ਼ਿੰਗਾਰ ਕੇ ਉਸ ’ਤੇ ਰਿਸ਼ਤੇਦਾਰੀਆਂ ਅਤੇ ਬਰਾਤਾਂ ਵਿੱਚ ਵੀ ਜਾਇਆ ਜਾਂਦਾ ਸੀ। ਊਠ ਦਾ ਦੁੱਧ ਬਹੁਤ ਗੁਣਕਾਰੀ ਹੁੰਦਾ ਹੈ। ਇਸ ਦੇ ਵਾਲਾਂ ਤੋਂ ਚਿੱਤਰਕਾਰੀ ਦੇ ਬੁਰਸ਼, ਕੰਬਲ ਅਤੇ ਊਨੀ ਕੱਪੜੇ ਬਣਾਏ ਜਾਂਦੇ ਹਨ। ਇਸ ਦੀ ਖੱਲ ਤੋਂ ਜੁੱਤੀਆਂ ਅਤੇ ਚਮੜੇ ਦੀਆਂ ਹੋਰ ਬਹੁਤ ਸਾਰੀਆਂ ਚੀਜ਼ਾਂ ਬਣਦੀਆਂ ਹਨ। ਪੰਜਾਬੀ ਜਨਜੀਵਨ ਵਿੱਚ ਊਠ ਦਾ ਆਰਥਿਕ ਪੱਖੋਂ ਹੀ ਨਹੀਂ ਸਗੋਂ ਸਮਾਜਿਕ ਮਹੱਤਵ ਵੀ ਬਹੁਤ ਰਿਹਾ ਹੈ। ਇਹ ਸਾਡੇ ਪੰਜਾਬੀ ਸੱਭਿਆਚਾਰ, ਸੰਸਕ੍ਰਿਤੀ ਅਤੇ ਵਿਰਸੇ ਦਾ ਸ਼ਿੰਗਾਰ ਵੀ ਰਿਹਾ ਹੈ। ਸਾਡੇ ਲੋਕ ਗੀਤਾਂ, ਕਥਾਵਾਂ, ਅਖਾਣਾਂ, ਮੁਹਾਵਰਿਆਂ ਆਦਿ ਵਿੱਚ ਊਠ ਦਾ ਵਰਣਨ ਆਮ ਮਿਲਦਾ ਹੈ। ਜਦੋਂ ਊਠਾਂ ਰਾਹੀਂ ਵਪਾਰ ਹੁੰਦਾ ਸੀ ਤਾਂ ਊਠਾਂ ਨਾਲ ਗਏ ਮਾਲਕ ਕਈ ਮਹੀਨਿਆਂ ਬਾਅਦ ਘਰ ਮੁੜਦੇ ਸਨ। ਘਰਾਂ ਵਿੱਚ ਮਗਰੋਂ ਇਕੱਲੀਆਂ ਰਹਿ ਗਈਆਂ ਉਨ੍ਹਾਂ ਦੀਆਂ ਜੀਵਨ ਸਾਥਣਾਂ ਨੇ ਇਕੱਲੇਪਣ ਦੀ, ਬਿਰਹਾ ਦੀ ਹੰਢਾਈ ਪੀੜ ਨੂੰ ਅਤੇ ਆਪਣੀ ਮਾਨਸਿਕ ਸਥਿਤੀ ਨੂੰ ਪ੍ਰਗਟ ਕਰਨ ਲਈ ਬਹੁਤ ਸਾਰੇ ਲੋਕ ਗੀਤਾਂ ਦੀ ਸਿਰਜਣਾ ਕੀਤੀ। ਉਨ੍ਹਾਂ ਵਿੱਚੋਂ ਥੋੜ੍ਹੀ ਜਿਹੀ ਵੰਨਗੀ:

ਊਠਾਂ ਵਾਲਿਓ ਊਠ ਲੱਦੇ ਵੇ ਲਾਹੌਰ ਨੂੰ
’ਕੱਲੀ ਕੱਤਾਂ ਵੇ ਘਰ ਘੱਲਿਓ ਮੇਰੇ ਭੌਰ ਨੂੰ।
ਊਠਾਂ ਵਾਲਿਓ ਊਠ ਲੱਦੀਆਂ ਬੋਰੀਆਂ
ਮਹਿਲੀਂ ਛੱਡੀਆਂ ਸੁੰਨੀਆਂ ਗੋਰੀਆਂ।



ਊਠਾਂ ਵਾਲਿਓ ਊਠ
ਲੱਦੇ ਵੇ ਛੰਨਾਂ ਨੂੰ
ਨਿੱਤ ਦਾ ਵਿਛੋੜਾ ਭੈੜਿਓ ਥੋਡੀਆਂ ਰੰਨਾਂ ਨੂੰ।
ਊਠਾਂ ਵਾਲਿਓ ਊਠ ਲੱਦੇ ਵੇ ਬਖੂਹੇ ਨੂੰ
ਛੇਤੀ ਮੁੜਿਓ ਵੇ ਨੈਣ ਤੱਕਦੇ ਰਹਿਣ ਬੂਹੇ ਨੂੰ।

ਕਿਤੇ ਉਨ੍ਹਾਂ ਦੀ ਘੱਟ ਉਜਰਤ ’ਤੇ ਤਾਅਨੇ ਦਿੱਤੇ ਜਾਂਦੇ ਹਨ:

ਊਠਾਂ ਵਾਲਿਓ ਥੋਡੀ ਕੀ ਵੇ ਨੌਕਰੀ
ਪੰਜ ਵੇ ਰੁਪਈਏ ਇੱਕ ਭੋਅ ਦੀ ਟੋਕਰੀ।

ਪੰਜਾਬੀ ਸੱਭਿਆਚਾਰ ਵਿੱਚ ਊਠ ਸਬੰਧੀ ਬੁਝਾਰਤਾਂ ਵੀ ਮਿਲਦੀਆਂ ਹਨ:

ਬਾਤ ਪਾਵਾਂ ਬਤੌਲੀ ਪਾਵਾਂ ਸੁਣ ਵੇ ਭਾਈ ਕਾਕੜਿਆ
ਇੱਕ ਸ਼ਖ਼ਸ ਮੈਂ ਅਜਿਹਾ ਡਿੱਠਾ ਧੌਣ ਲੰਮੀ ਸਿਰ ਆਕੜਿਆ।
ਊਠ ’ਤੇ ਬਠੇਂਦੀਏ, ਮੁਹਾਰ ਫੜੇਂਦੀਏ,
ਮੁਹਾਰ ਫੜੇਂਦਾ ਤੇਰਾ ਕੀ ਲੱਗਦਾ ?
ਇਹਦਾ ਤਾਂ ਮੈਂ ਨਾਂ ਨਹੀਂ ਜਾਣਦੀ, ਮੇਰਾ ਨਾਂ ਹੈ ਜੀਆਂ
ਇਹਦੀ ਸੱਸ ਤੇ ਮੇਰੀ ਸੱਸ ਦੋਵੇਂ ਮਾਵਾਂ ਧੀਆਂ।

ਊਠ ਸਬੰਧੀ ਮੁਹਾਵਰੇ ਅਤੇ ਅਖੌਤਾਂ ਵੀ ਬਹੁਤ ਹਨ ਜਿਵੇਂ:

ਊਠ ਦੇ ਮੂੰਹ ਜੀਰਾ, ਊਠ ਪੈਰਾ, ਊਠ ਵਾਂਗ ਮੂੰਹ ਚੁੱਕੀ ਆਉਣਾ, ਊਠ ਵਾਂਗ ਵਧੀ ਜਾਣਾ, ਊਠ ਦੇ ਗਲ ਟੱਲੀ

ਊਠ ਵੇਖੀਏ ਕਿਸ ਕਰਵਟ ਬਹਿੰਦਾ ਹੈ, ਊਠ ਬੁੱਢਾ ਹੋਇਆ ਪਰ ਮੂਤਣਾ ਨਾ ਆਇਆ, ਊਠ ਅੜਾਂਦੇ ਹੀ ਲੱਦੀਦੇ ਹਨ, ਊਠ ਚਾਲੀਏ ਟੋਡਾ ਬਤਾਲੀਏ, ਊਠਾ ਵੇ ਊਠਾ ਤੇਰੀ ਕਿਹੜੀ ਗੱਲ ਸਿੱਧੀ।

ਊਠਾਂ ਨੂੰ ਪਾਲਣ ਵਿੱਚ ਪੰਜਾਬੀਆਂ ਦੀ ਹੁਣ ਪਹਿਲਾਂ ਵਾਂਗ ਰੁਚੀ ਨਹੀਂ ਰਹੀ। ਫਿਰ ਵੀ ਇਹ ਵਿਰਲੇ ਲੋਕਾਂ ਦੀ ਉਪਜੀਵਕਾ ਦਾ ਸਾਧਨ ਹਨ। ਜਦ ਤੱਕ ਪੰਜਾਬ ਦਾ ਸੱਭਿਆਚਾਰ ਆਪਣੀ ਮਹਿਕ ਖਿਲਾਰਦਾ ਰਹੇਗਾ ਤੱਦ ਤੱਕ ਲੋਕ ਗੀਤਾਂ, ਬੁਝਾਰਤਾਂ ਅਤੇ ਮੁਹਾਵਰਿਆਂ, ਅਖੌਤਾਂ ਰਾਹੀਂ ਊਠ ਆਪਣੀ ਹਾਜ਼ਰੀ ਲਵਾਉਂਦਾ ਰਹੇਗਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਗੁਰਦਾਸ ਨੰਗਲ ਦਾ ਫ਼ੈਸਲਾਕੁੰਨ ਟਾਕਰਾ

ਸਾਹਿਬ- ਏ- ਕਮਾਲ ਗੁਰੂ ਗੋਬਿੰਦ ਸਿੰਘ ਜੀ ਆਪਣੇ ਗੁਰੂ ਕਾਲ ਦੇ ਆਖਰੀ ਸਮੇਂ 1708 ਨੂੰ ਨੰਦੇੜ ਵਿੱਚ ਸਨ। ਉਸ ਸਮੇਂ ਮਾਧੋਦਾਸ ਨੇ ਨੰਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾਇਆ ਹੋਇਆ ਸੀ। ਉੱਥੇ ਉਹ ਆਪਣੀ ਯੋਗ ਵਿਦਿਆ ਨਾਲ ਲੋਕਾਂ ਨੂੰ ਭਰਮਾਉਣ ਲੱਗਾ। ਗੁਰੂ ਸਾਹਿਬ ਜੀ ਨੂੰ ਉਸਦੀਆਂ ਅਜਿਹੀਆਂ ਕਾਰਵਾਈਆਂ ਦੀ ਪੂਰੀ ਖ਼ਬਰ ਸੀ। ਸਤੰਬਰ 1708 ਨੂੰ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸ ਦੇ ਟਿਕਾਣੇ ਜਾ ਮਿਲੇ। ਮਾਧੋਦਾਸ ਗੁਰੂ ਸਾਹਿਬ ਜੀ ਦੀ ਸ਼ਖਸੀਅਤ ਦਾ ਤੇਜ਼ ਪ੍ਰਤਾਪ ਵੇਖ ਕੇ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਸਾਹਿਬ ਜੀ ਦਾ ਗੁਲਾਮ ਹੋ ਕੇ ਰਹਿ ਗਿਆ। ਉਸ ਨੇ ਗੁਰੂ ਜੀ ਨੂੰ ਕਿਹਾ ਕਿ ਇਸ ਬੰਦੇ 'ਤੇ ਆਪਣੇ ਰਹਿਮ ਦੀ ਕ੍ਰਿਪਾ ਕਰੋ। ਗੁਰੂ ਜੀ ਨੂੰ ਵੀ ਉਸ ਸਮੇਂ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇੱਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਕਿ ਉਨ੍ਹਾਂ ਨੂੰ ਉਹ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋਦਾਸ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਬੰਦਾ ਸਿੰਘ ਨਾਉਂ ਦਿੱਤਾ ਅਤੇ ਸਨਮਾਨ ਵਜੋਂ ਨਾਲ ਬਹਾਦਰ ਜੋੜ ਦਿੱਤਾ। ਬਾਬਾ ਜੀ ਦੀ ਉਮਰ 38 ਸਾਲ ਸੀ। ਚਿਹਰੇ 'ਤੇ ਗੰਭੀਰਤਾ ਵਾਲਾ ਜਲਾਲ ਸੀ। ਗੁਰੂ ਪ੍ਰਤੀ ਗੰਭੀਰ ਨਿਸ਼ਠਾ ਸੀ। ਨਿਸਚੈ ਨਾਲ ਜੰਗਾਂ ਵਿੱਚ ਕਮਾਲ ਕਰ ਵਿਖਾਇਆ। ਸਰੀਰ ਪੱਖੋਂ ਭਾਵੇਂ ਸਾਵੇਂ ਸਨ, ਪਰ ਫੁਰਤੀਲੇ ਬਹੁਤ ਸਨ। ਇਹੀ ਉਨ੍ਹਾਂ ਦੀ ਬਹਾਦਰੀ ਦਾ ਕਰਤਬ ਸੀ। ਉਹਨਾਂ ਨੇ ਜੀਅ ਜਾਨ ਨਾਲ ਖ਼ਾਲਸਾ ਪੰਥ ਦੀ ਵਾਗ ਡੋਰ ਸੰਭਾਲੀ। ਜੋ ਉਨ੍ਹਾਂ ਨੂੰ ਪੰਥ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਲੰਮੇ ਸਮੇਂ ਦੇ ਸੰਘਰਸ਼ ਤੋਂ ਵਿਸਥਾਰ ਵਿੱਚ ਜਾਣੂੰ ਕਰਵਾਇਆ ਕਿ ਉਹ ਮਾਨਸਿਕ ਤੌਰ 'ਤੇ ਆਪਣੇ ਫਰਜ਼ ਲਈ ਤਿਆਰ ਹੋ ਸਕਣ। ਗੁਰੂ ਸਾਹਿਬ ਜੀ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਸਮੇਂ ਪੰਥ ਵਾਸਤੇ ਉੱਤਮ ਕਾਰਜ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਖ਼ਾਲਸਾ ਪੰਥ ਦੇ ਜਥੇਦਾਰ ਦੀ ਜਿੰਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਗੁਰੂ ਜੀ ਨੇ ਸਿੱਖਾਂ ਲਈ ਹੁਕਮਨਾਮੇ ਲਿਖ ਕੇ ਦਿੱਤੇ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣਾ ਆਗੂ ਮੰਨਣ। ਮੁਗਲਾਂ ਵਿਰੁੱਧ ਅਰੰਭੀਆਂ ਜਾਣ ਵਾਲੀਆਂ ਜੰਗਾਂ ਵਿੱਚ ਉਹਨਾਂ ਦਾ ਸਾਥ ਦੇਣ। ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ ਦਿੱਤਾ। ਪੰਜ ਤੀਰ ਦਿੱਤੇ। ਪੰਜ ਸਿੰਘ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ਼ ਸਿੰਘ, ਬਾਬਾ ਦਇਆ ਸਿੰਘ ਅਤੇ ਭਾਈ ਰਣ ਸਿੰਘ ਸਲਾਹਕਾਰ ਤੋਰੇ। ਕੁਝ ਹਥਿਆਰ ਵੀ ਦਿੱਤੇ। ਗੁਰੂ ਜੀ ਦੇ ਦਸੇ ਰਾਹ 'ਤੇ ਇਹ ਕਾਫ਼ਲਾ ਅਕਤੂਬਰ 1708 ਨੂੰ ਪੰਜਾਬ ਵੱਲ ਵਧਿਆ।

ਜੈਪੁਰ ਅਤੇ ਰਾਜਪੂਤ ਰਿਆਸਤਾਂ ਦਿੱਲੀ ਆਦਿ ਲੰਘ ਕੇ ਰੋਹਤਕ, ਸੋਨੀਪਤ ਤੋਂ ਹੁੰਦਾ ਹੋਇਆ ਸਹੇੜੀ ਖੰਡਾ ਪਿੰਡ ਵਿੱਚ ਰੁਕਿਆ। ਇਥੋਂ ਬਾਬਾ ਜੀ ਨੇ ਸਫਲ ਜਰਨੈਲ ਵਾਂਗ ਰਣ ਨੀਤੀ ਤੈਅ ਕੀਤੀ। ਇਥੋਂ ਉਨ੍ਹਾਂ ਸੂਚਨਾ ਪੱਤਰ ਅਤੇ ਗੁਰੂ ਸਾਹਿਬ ਜੀ ਦੇ ਲਿਖੇ ਹੁਕਮਨਾਮੇ ਜਾਰੀ ਕੀਤੇ, ਕਿ ਹਥਿਆਰਬੰਦ ਹੋ ਕੇ ਪਿੰਡ ਸਹੇੜੀ ਖੰਡਾ ਸਿੰਘ ਪਹੁੰਚਣ। ਸਿੰਘਾਂ ਨੂੰ ਜੋ ਵੀ ਹਥਿਆਰ ਲੱਭਾ, ਲੈ ਕੇ ਜਥਿਆਂ ਦੇ ਰੂਪ ਵਿੱਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਵਿਚੋਂ ਵੱਡੀ ਗਿਣਤੀ ਵਿੱਚ ਸਿੰਘ ਪਹੁੰਚੇ, ਜਿਨ੍ਹਾਂ ਵਿੱਚ ਭਾਈ ਭਗਤੂ ਦਾ ਪੋਤਰਾ ਫ਼ਤਿਹ ਸਿੰਘ, ਭਾਈ ਰੂਪੇ ਵੱਲੋਂ ਕਰਮ ਸਿੰਘ, ਧਰਮ ਸਿੰਘ ਅਤੇ ਨਗਾਹੀਆਂ ਸਿੰਘ ਤੇ ਚੂਹੜ ਸਿੰਘ ਜਥੇ ਲੈ ਕੇ ਪਹੁੰਚੇ। ਸਲੋਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੂਲਕੀਆਂ ਘਰਾਣੇ ਦੇ ਚੌਧਰੀ ਰਾਮ ਸਿੰਘ ਅਤੇ ਤਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਸਮਾਨ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸਹੇੜੀ ਖੰਡਾ ਧਰਮ ਯੁੱਧ ਦੀ ਇੱਕ ਵੱਡੀ ਫ਼ੌਜੀ ਛਾਉਣੀ ਦਾ ਕੇਂਦਰ ਬਣ ਗਿਆ। ਇਥੋਂ ਬਾਬਾ ਜੀ ਦੀ ਜੰਗੀ ਮੁਹਿੰਮ ਸ਼ੁਰੂ ਹੁੰਦੀ ਹੈ। ਬਾਬਾ ਜੀ ਵੱਲੋਂ ਜੰਗਾਂ ਲੜੀਆਂ ਗਈਆਂ, ਜਿਵੇਂ ਸੋਨੀਪਤ, ਸਮਾਣਾ, ਚੱਪੜਚਿੜੀ, ਸਢੋਰਾ, ਲੋਹਗੜ੍ਹ, ਜੰਮੂ, ਰਾਹੋਂ, ਜਲਾਲਾਬਾਦ, ਸਰਹਿੰਦ ਅਤੇ ਵਿਸ਼ੇ ਅਧੀਨ ਗੁਰਦਾਸ ਨੰਗਲ (1 ਅਪ੍ਰੈਲ -7 ਦਸੰਬਰ 1715)।

ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਦੀਆਂ ਜਿੱਤਾਂ ਨਾਲ ਉਹ ਪੰਜਾਬ ਵੱਲ ਆ ਨਿੱਤਰੇ। ਮੁਗਲ ਬਾਦਸ਼ਾਹ ਫਾਰੁਖ ਸੀਅਰ ਚੌਕੰਨਾ ਹੋ ਗਿਆ। ਮਾਰਚ 14,1715 ਨੂੰ ਬਾਬਾ ਜੀ ਨੇ ਕਲਾਨੌਰ, ਬਟਾਲਾ ਅਤੇ ਰਾਏਪੁਰ ਤੇ ਕਬਜ਼ਾ ਕਰ ਲਿਆ। ਮਾਰਚ 15,1715 ਨੂੰ ਬਹੁਤ ਸਾਰੇ ਹਿੰਦੂ ਮੁਸਲਮਾਨ ਸਰਦਾਰਾਂ ਨੂੰ ਮੁਗਲ ਬਾਦਸ਼ਾਹ ਦਾ ਹੁਕਮ ਹੋਇਆ ਕਿ ਆਪਣੀਆਂ ਫ਼ੌਜਾਂ ਤਿਆਰ ਕਰਕੇ ਅਬਦੁਲ ਸਮੁੰਦ ਖਾਨ ਦੀ ਫ਼ੌਜ ਵਿੱਚ ਲਾਹੌਰ ਵਿਖੇ ਸ਼ਾਮਲ ਹੋਣ। ਗੁਜਰਾਤ, ਐਮਨਾਬਾਦ, ਪਸਰੂਰ, ਬਟਾਲਾ, ਪੱਟੀ ਅਤੇ ਕਲਾਨੌਰ ਦੀਆਂ ਫ਼ੌਜਾਂ,ਉਪਰੰਤ ਕਟੋਚ ਅਤੇ ਜਸਰੋਟਾ ਦੇ ਹਿੰਦੂ ਰਾਜਿਆਂ ਨੇ ਲਾਹੌਰ ਤੋਂ ਇਕੱਠਿਆਂ ਬਾਬਾ ਜੀ ਵਿਰੁੱਧ ਵਧਣਾ ਸ਼ੁਰੂ ਕਰ ਦਿੱਤਾ।

ਸਿੰਘ ਲਾਹੌਰ ਤੋਂ 12 ਕੁ ਕੋਹ ਤੱਕ ਆ ਚੁੱਕੇ ਸਨ, ਬਾਬਾ ਜੀ ਨੇ ਬਟਾਲਾ ਅਤੇ ਕਲਾਨੌਰ ਵਿਚਕਾਰ ਕੋਟ ਮਿਰਜ਼ਾ ਜਾਨ ਪਿੰਡ ਵਿੱਚ ਕੱਚੀ ਗੜ੍ਹੀ ਬਨ੍ਹਾਉਣ ਦਾ ਫੈਸਲਾ ਕੀਤਾ। ਅਜੇ ਤਿਆਰੀਆਂ ਸ਼ੁਰੂ ਹੀ ਸਨ ਕਿ ਅਬਦੁਲ ਸਮੁੰਦ ਖ਼ਾਨ ਦੀਆਂ ਰਲਵੀਂਆਂ ਫ਼ੌਜਾਂ ਸਿਰ 'ਤੇ ਆਣ ਪੁੱਜੀਆਂ। ਸੀਅਰਲ ਮੁਤਾਖਰੀਨ ਦਾ ਲੇਖਕ ਦਸਤਾ ਹੈ ਕਿ ਬਾਬਾ ਜੀ ਨੇ ਅਜਿਹਾ ਡੱਟ ਕੇ ਟਾਕਰਾ ਕੀਤਾ ਕਿ ਇੱਕ ਵਾਰ ਤਾਂ ਵੈਰੀ ਦੇ ਪੈਰ ਉਖੜ ਹੀ ਗਏ ਸਨ ਪਰ ਦੁਸ਼ਮਣ ਦੀ ਭਾਰੀ ਫ਼ੌਜ ਦਾ ਟਾਕਰਾ ਕੱਚੀ ਗੜ੍ਹੀ ਤੋਂ ਬਹੁਤੀ ਦੇਰ ਤਕ ਨਹੀਂ ਕੀਤਾ ਜਾ ਸਕਦਾ ਸੀ। ਬਾਬਾ ਜੀ ਨੂੰ ਉਥੋਂ ਟਿਕਾਣਾ ਬਦਲਣਾ ਪਿਆ। ਸਿੰਘਾਂ ਦੇ ਸ਼ਹੀਦ ਹੁੰਦੇ ਜਾਣ 'ਤੇ ਵੀ ਬਾਬਾ ਜੀ ਠਰ੍ਹੰਮੇ ਨਾਲ ਇੱਕ ਟਿਕਾਣੇ ਤੋਂ ਦੂਸਰੇ ਟਿਕਾਣੇ 'ਤੇ ਪਹੁੰਚਦੇ ਰਹੇ। ਵੈਰੀ ਦੀਆਂ ਫ਼ੌਜਾਂ 'ਤੇ ਕਾਬੂ ਪਾਉਂਦੇ ਗੁਰਦਾਸਪੁਰ ਵੱਲ ਵਧਦੇ ਗਏ।

ਗੁਰਦਾਸਪੁਰ ਦੇ ਇੱਕ ਪੁਰਾਣੇ ਪਿੰਡ ਜਾ ਟਿਕਾਣਾ ਕੀਤਾ। ਇਸ ਢਹਿ ਢੇਰੀ ਪਿੰਡ ਨੂੰ ਬੰਦੇ ਦੀ ਥੇਹ ਕਹਿੰਦੇ ਹਨ, ਜੋ ਗੁਰਦਾਸਪੁਰ ਤੋਂ ਚਾਰ ਕੁ ਮੀਲ ਪੱਛਮ ਵੱਲ ਪਿੰਡ ਗੁਰਦਾਸ ਨੰਗਲ ਵਿੱਚ ਭਾਈ ਦੁਨੀ ਚੰਦ ਦੇ ਹਾਤੇ ਵਿੱਚ ਜਾ ਠਹਿਰੇ। ਸਬੱਬੀਂ ਦੁਆਲੇ ਉੱਚੀ ਪੱਕੀ ਕੰਧ ਦਾ ਆਸਰਾ ਸੀ। ਬਾਬਾ ਜੀ ਨੇ ਇੱਕ ਸਫਲ ਰਣ ਨੀਤੀ ਕਾਰ ਵਜੋਂ ਮੋਰਚਾ ਗੱਡ ਦਿੱਤਾ। ਜਲਦੀ ਨਾਲ ਰਾਸ਼ਨ ਪਾਣੀ ਅਤੇ ਜੰਗੀ ਸਮਾਨ ਅਸਲਾ ਆਦਿ ਜਮਾਂ ਕਰ ਲਿਆ। ਵੈਰੀ ਦੀ ਫ਼ੌਜ ਨੇ ਟਾਕਰੇ ਲਈ ਤਿਆਰ ਸਨ। ਨਾਲ ਲੱਗਦੀ ਇੱਕ ਖਾਈ ਵਿੱਚ ਨਹਿਰ ਦਾ ਪਾਣੀ ਕੱਟ ਕੇ ਭਰ ਲਿਆ। ਦੁਆਲੇ ਚਿੱਕੜ ਦਲ ਦਲ ਵਿਛਾ ਲਈ ਕਿ ਵੈਰੀ ਦੀ ਫ਼ੌਜ ਲਈ ਅੜਿੱਕਾ ਬਣਿਆ ਰਹੇ ਅਤੇ ਛੇਤੀ ਹਮਲਾ ਨਾ ਕਰ ਸਕੇ।

7 ਅਪ੍ਰੈਲ 1715 ਨੂੰ ਅਬਦੁਲ ਸਮੁੰਦ ਖਾਨ ਰਲਵੀਂ ਫ਼ੌਜ ਨਾਲ ਗੁਰਦਾਸ ਨੰਗਲ ਦੇ ਟਿਕਾਣੇ ਤੇ ਪੁੱਜ ਗਿਆ। ਵੈਰੀ ਨੇ ਵੀ ਆਪਣੇ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ। ਬਾਦਸ਼ਾਹ ਦਾ ਹੁਕਮ ਸੀ ਕਿ ਬਾਬਾ ਜੀ ਅਤੇ ਉਸ ਦੇ ਸਾਥੀ ਸਿੰਘਾਂ ਨੂੰ ਕੈਦ ਕਰ ਲਓ ਜਾਂ ਕਤਲ ਕਰ ਦਿਓ। ਸਿੰਘ ਉਸ ਵੇਲੇ ਪਿੰਡਾਂ ਵਿਚੋਂ ਦਾਣਾ ਫੱਕਾ, ਘਾਹ ਪੱਠਾ ਅਤੇ ਰਾਸ਼ਨ ਇਕੱਠਾ ਕਰਨ ਲਈ ਨਿਕਲੇ ਹੋਏ ਸਨ। ਉਹ ਸ਼ਾਹੀ ਫ਼ੌਜ ਦੇ ਹੱਥ ਆ ਗਏ। ਵੈਰੀਆਂ ਨੇ ਉਨ੍ਹਾਂ ਨੂੰ ਬੁਰੀ ਤਰਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਵੈਰੀ ਨੇ ਹਾਤੇ ਨੂੰ ਸਖ਼ਤ ਘੇਰਾ ਪਾ ਲਿਆ ਕਿ ਕੋਈ ਵੀ ਚੀਜ਼ ਸਿੰਘਾਂ ਤੱਕ ਅੰਦਰ ਨਾ ਪਹੁੰਚ ਸਕੇ।

ਇਬਰਤਨਾਮਾ ਦੇ ਲੇਖਕ ਮੁਹੰਮਦ ਕਾਸਿਮ ਮੌਕੇ ਦਾ ਗਵਾਹ ਲਿਖਦਾ ਹੈ ਕਿ ਸਿੰਘਾਂ ਦੀ ਬਹਾਦਰੀ ਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰਨ ਵਾਲੇ ਸਨ। ਰੋਜ਼ 40-45 ਸਿੰਘ ਹਾਤੇ ਤੋਂ ਬਾਹਰ ਆਉਂਦੇ ਘਾਹ ਪੱਠਾ, ਰਾਸ਼ਨ ਇਕੱਠਾ ਕਰਦੇ, ਜਦ ਸ਼ਾਹੀ ਫ਼ੌਜ ਨਾਲ ਉਨ੍ਹਾਂ ਦਾ ਟਾਕਰਾ ਹੁੰਦਾ ਤਾਂ ਸਿੰਘ ਤੀਰ ਬੰਦੂਕਾਂ,ਤਲਵਾਰਾਂ ਨਾਲ ਵੈਰੀਆਂ ਦਾ ਖ਼ਾਤਮਾ ਕਰ ਦਿੰਦੇ। ਵੈਰੀ ਨੂੰ ਪਿੱਛੇ ਮੁੜਨਾ ਪੈਂਦਾ। ਵੈਰੀ ਨੂੰ ਸ਼ੱਕ ਸੀ ਕਿ ਬਾਬਾ ਜੀ ਕੋਲ ਵੱਡੀ ਫ਼ੌਜ ਅਤੇ ਬਹੁਤ ਸਾਰਾ ਜੰਗੀ ਸਮਾਨ ਅਤੇ ਕੀਮਤੀ ਵਸਤਾਂ ਹਨ। ਇਸ ਗੱਲੋਂ ਵੈਰੀ ਵੱਡਾ ਹਮਲਾ ਕਰਨ ਤੋਂ ਡਰਦੇ ਸਨ। ਉਨ੍ਹਾਂ ਦਾ ਝੜਪ ਲੈਣ ਦਾ ਹੌਂਸਲਾ ਨਾ ਪੈਂਦਾ। ਵੈਰੀ ਨਿੱਤ ਦੀਆਂ ਸਿੰਘਾਂ ਨਾਲ ਝੜਪਾਂ ਤੋਂ ਤੰਗ ਆ ਚੁੱਕੇ ਸਨ। ਵੈਰੀ ਕਹਿੰਦੇ ਕਿ ਕਿਸੇ ਤਰਾਂ ਬਾਬਾ ਜੀ ਦੇ ਸਿੰਘ ਉਨ੍ਹਾਂ ਨੂੰ ਹਾਤੇ ਵਿਚੋਂ ਭਜਾ ਕੇ ਲੈਣ ਜਾਣ ਅਤੇ ਸਾਡੀ ਜਾਨ ਛੁੱਟ ਜਾਵੇ। ਉਹ ਸਿੰਘਾਂ ਤੋਂ ਇਤਨੇ ਭੈ ਭੀਤ ਸਨ ਕਿ ਜਦੋਂ ਕੋਈ ਪੱਤਾ ਵੀ ਹਿਲਦਾ ਤਾਂ ਡਰ ਜਾਂਦੇ ਕਿ ਸਿੰਘ ਆ ਗਏ ਹਨ।

ਬਾਬਾ ਜੀ ਹਾਤੇ ਵਿੱਚ ਡਟੇ ਹੋਏ ਸਨ। ਬਾਹਰ ਵੱਡੀਆਂ ਫ਼ੌਜਾਂ ਸਨ। ਮੁਕਾਬਲਾ ਅਸਾਵਾਂ ਸੀ। ਸਿੰਘਾਂ ਨੇ ਸੰਸਾਰ ਭਰ ਵਿੱਚ ਸਭ ਤੋਂ ਵੱਡੀਆਂ ਅਤੇ ਲੰਬੀਆਂ ਗੁਰੀਲਾ ਜੰਗਾਂ ਲੜੀਆਂ ਹਨ। ਸਿੰਘ, ਉਸੇ ਨੀਤੀ ਹੇਠ ਬਾਹਰ ਆਉਂਦੇ , ਖਾਣ ਪੀਣ ਦੀਆਂ ਵਸਤਾਂ ਲੈ ਕੇ ਅਲੋਪ ਹੁੰਦਿਆਂ ਵਾਪਸ ਆ ਜਾਂਦੇ। ਵੈਰੀ ਨੇ ਹੁਣ ਘੇਰਾ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਦੇ ਤੰਬੂ ਹਾਤੇ ਦੇ ਨੇੜੇ ਆਉਣ ਲੱਗੇ। ਉਹਨਾਂ ਮਿੱਟੀ ਦੇ ਢੇਰਾਂ ਦੀਆਂ ਰੋਕਾਂ ਬਣਾ ਲਈਆਂ। ਝੜਪਾਂ ਵਿੱਚ ਸਿੰਘਾਂ ਨੇ ਕਈ ਵਾਰ ਵੈਰੀ ਦੀਆਂ ਰੋਕਾਂ ਤੋੜੀਆਂ, ਵੈਰੀ ਦੇ ਸਭ ਯਤਨ ਅਸਫ਼ਲ ਹੁੰਦੇ ਜਾ ਰਹੇ ਸਨ। ਇਸ ਤਰਾਂ ਕਈ ਮੌਸਮ ਅਤੇ ਕਈ ਮਹੀਨੇ ਲੰਘ ਗਏ। ਸੰਘਰਸ਼ ਜਾਰੀ ਰਿਹਾ। ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਵੀ ਹੋਇਆ।

ਵੈਰੀ ਨੇ ਸਿੰਘਾਂ ਦੀ ਘੇਰਾ ਬੰਦੀ ਦੁਆਲੇ ਘੇਰਾ ਹੋਰ ਕੱਸ ਲਿਆ। ਘੇਰਾ ਹੋਰ ਮਜ਼ਬੂਤ ਕਰਨ ਲਈ ਉਨ੍ਹਾਂ ਜੰਗਲ ਕਟਵਾ ਕੇ ਛਾਪੇ ਅਤੇ ਦਰਖ਼ਤ ਹਾਤੇ ਦੇ ਦੁਆਲੇ ਬੀੜ ਦਿੱਤੇ ਕਿ ਸਿੰਘ ਬਿਲਕੁਲ ਹੀ ਬਾਹਰ ਨਾ ਆ ਸਕਣ। ਅਜਿਹਾ ਸਮੇਂ ਵਿੱਚ ਸਿੰਘਾਂ ਨੇ ਰੱਬ ਤੇ ਨਿਸਚੈ ਅਤੇ ਸੂਰਬੀਰਤਾ ਦੀ ਮਿਸਾਲ ਸੰਸਾਰ ਵਿੱਚ ਪੈਦਾ ਕੀਤੀ। ਵੈਰੀ ਦਾ ਘੇਰਾ ਦਿਨੋਂ ਦਿਨ ਤੰਗ ਹੁੰਦਾ ਉਹ ਦਰਵਾਜੇ ਤੱਕ ਪਹੁੰਚ ਗਏ। ਸਿੰਘ ਹਾਤੇ ਵਿੱਚ ਅਜਿਹਾ ਭਾਰੀ ਹਮਲਾ ਕਰਦੇ ਕਿ ਵੈਰੀ ਟਾਕਰਾ ਕਰਨ ਦਾ ਹੌਂਸਲਾ ਨਾ ਕਰਦੇ। ਪਰ ਵੈਰੀ ਦਾ ਘੇਰਾ ਵਧਦਾ ਹੀ ਗਿਆ। ਸਿੱਟੇ ਵਜੋਂ ਸਿੰਘਾਂ ਲਈ ਬਾਹਰੋਂ ਕੁਝ ਵੀ ਲਿਆਉਣਾ ਅਸੰਭਵ ਹੋ ਗਿਆ। ਸਿੰਘਾਂ ਦਾ ਪਹਿਲਾਂ ਕੀਤਾ ਭੰਡਾਰ ਖ਼ਤਮ ਹੋ ਗਿਆ। ਅੱਠ ਮਹੀਨੇ ਦੇ ਲੰਬੇ ਘੇਰੇ ਨੇ ਉਨ੍ਹਾਂ ਦਾ ਸਭ ਰਾਸ਼ਨ ਤੇ ਸਮਾਨ ਮੁਕਾ ਦਿੱਤਾ। ਸਿੰਘਾਂ ਦੀ ਹਾਲਤ ਭੁੱਖ ਮਰੀ 'ਤੇ ਆ ਗਈ। ਜਿਨ੍ਹਾਂ ਸਿੰਘਾਂ ਨੂੰ ਵੱਡੀਆਂ ਫ਼ੌਜਾਂ ਨਾ ਮਾਰ ਸਕੀਆਂ, ਅੱਜ ਉਹ ਭੁੱਖ ਨਾਲ ਭੁੰਨੇ ਗਏ। ਉਹ ਭੁੱਖ ਨਾਲ ਬੜੇ ਦੁਖੀ ਹੋ ਗਏ। ਉਨ੍ਹਾਂ 'ਤੇ ਬੜੇ ਕੜਾਕੇ ਦੇ ਦਿਨ ਸਨ।

ਇਸ ਮੌਕੇ 'ਤੇ ਬਾਬਾ ਬਿਨੋਦ ਸਿੰਘ ਤੇ ਬਾਬਾ ਜੀ ਵਿਚਕਾਰ ਮਤਭੇਦ ਹੋ ਗਏ। ਬਾਬਾ ਜੀ ਦਾ ਨਿਸ਼ਚਾ ਅੰਤ ਤਕ ਡਟੇ ਰਹਿਣ ਦਾ ਸੀ, ਨਾ ਕਿ ਉਥੋਂ ਭੱਜ ਜਾਣ ਦਾ ਸੀ। ਬਾਬਾ ਬਿਨੋਦ ਸਿੰਘ ਜੀ ਦਾ ਫੈਸਲਾਕੁੰਨ ਨਿਰਣਾ ਸੀ ਕਿ ਹੰਭਲਾ ਮਾਰ ਕੇ ਨਿਕਲ ਜਾਣਾ ਚਾਹੀਦਾ ਹੈ। ਬਾਬਾ ਜੀ ਘੇਰੇ ਵਿਚੋਂ ਵੈਰੀ ਨਾਲ ਮੁਕਾਬਲਾ ਕਰਦਿਆਂ ਨਿਕਲ ਗਏ।

ਅਨਾਜ ਦੀ ਅਣਹੋਂਦ ਨਾਲ ਸਿੰਘਾਂ ਦੇ ਸਿਰ 'ਤੇ ਭੁੱਖ ਦਾ ਭੂਤ ਸਵਾਰ ਸੀ। ਜਦੋਂ ਕੋਈ ਚਾਰਾ ਨਾ ਰਿਹਾ ਤਾਂ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ। ਭੁੱਖ ਦੇ ਦੁੱਖੋਂ ਸਿੰਘਾਂ ਨੂੰ ਘੋੜੇ ਖਾਣੇ ਪਏ। ਚਲਦਿਆਂ ਇਸੇ ਤਰਾਂ ਬਲਦਾ ਜਾਂ ਜਿਹੜਾ ਵੀ ਜਾਨਵਰ ਲੱਭਿਆ, ਖਾਧਾ। ਉਨ੍ਹਾਂ ਕੋਲ ਬਾਲਣ ਵੀ ਨਹੀਂ ਸੀ। ਇਸ ਲਈ ਉਹ ਕੱਚਾ ਮਾਸ ਖਾਣ ਲੱਗੇ। ਬਹੁਤ ਸਾਰੇ ਪੇਚਸ਼ ਅਤੇ ਭੁੱਖਮਰੀ ਨਾਲ ਸ਼ਹੀਦ ਹੁੰਦੇ ਗਏ। ਉਹ ਘਾਹ ਪੱਠਾ ਦਰਖ਼ਤਾਂ ਦੇ ਛਿੱਲ ਟਾਹਣੀਆਂ ਦਾ ਆਟਾ ਪੀਹ ਕੇ ਖਾਂਦੇ ਰਹੇ। ਉਹ ਹੁਣ ਸਿਰਫ਼ ਆਪਣੀ ਜਾਨ ਬਚਾਉਣ ਲਈ ਜੂਝ ਰਹੇ ਸਨ। ਉਹਨਾਂ ਜਾਨਵਰਾਂ ਦੀ ਹ ਡੀਆਂ ਪੀਹ ਕੇ ਖਾਂਦੇ ਰਹੇ। ਕੁਝ ਸਿੰਘਾਂ ਨੇ ਆਪਣੇ ਪੱਟਾਂ ਦਾ ਮਾਸ ਤਕ ਖਾਧਾ। ਮੁਹੰਮਦ ਹਾਦੀ ਕਾਮ ਵਰ ਖ਼ਾਨ ਲਿਖਦਾ ਹੈ ਕਿ ਅਜਿਹੀ ਹਾਲਤ ਵਿੱਚ ਸਿੰਘਾਂ ਨੇ 8 ਮਹੀਨੇ ਤੱਕ ਰਲਵੀਂ ਵੱਡੀ ਸ਼ਾਹੀ ਫ਼ੌਜ ਦਾ ਟਾਕਰਾ ਕੀਤਾ, ਪਰ ਕਿਸੇ ਨੇ ਆਤਮ ਸਮਰਪਣ ਕਰਨ ਦਾ ਸੋਚਿਆ ਤਕ ਵੀ ਨਹੀਂ।

ਪਰ ਇਹ ਕਿੰਨੀ ਕੁ ਦੇਰ ਤੱਕ ਚਲ ਸਕਦਾ ਸੀ। ਲਗਾਤਾਰ ਭੁੱਖ ਮਰੀ ਅਤੇ ਅਨ ਮਨੁੱਖੀ ਖੁਰਾਕ ਨਾਲ ਉਹਨਾਂ ਨੂੰ ਖ਼ੂਨੀ ਦਸਤ ਲੱਗ ਗਏ। ਸੂਰਬੀਰ ਸਰੀਰ ਤਬਾਹ ਹੋ ਰਹੇ ਸਨ। ਇਸ ਵਿੱਚ ਹਜ਼ਾਰਾਂ ਸਿੰਘ ਸ਼ਹੀਦ ਹੁੰਦੇ ਗਏ। ਮਰ ਗਏ ਅਤੇ ਮਰ ਰਹੇ ਸਿੰਘਾਂ ਦੇ ਸਰੀਰਾਂ ਨਾਲ ਜਾਨਵਰਾਂ ਦੀਆਂ ਸੜੀਆਂ ਗਲੀਆਂ ਲਾਸ਼ਾਂ ਦੀ ਦੁਰਗੰਧ ਆਉਣ ਲੱਗੀ। ਸਾਹ ਲ ਣ ਵੀ ਮੁਸ਼ਕਿਲ ਹੋ ਰਿਹਾ ਸੀ, ਮਨੁੱਖਾਂ ਦੇ ਰਹਿਣ ਜੋਗੀ ਜਗ੍ਹਾ ਨਹੀਂ ਸੀ ਇਹ ਹਾਤਾ। ਬਚ ਗਏ ਸਿੰਘ ਕਮਜ਼ੋਰ ਅਤੇ ਪਿੰਜਰ ਰਹਿ ਗਏ ਸਨ। ਸੁੱਕ ਕੇ ਤੀਲਾ ਹੋ ਗਏ ਸਨ ਸਰੀਰ। ਸਿੰਘ ਮਰਿਆ ਬਰਾਬਰ ਸਨ। ਸਤਹੀਣ ਸਿੰਘ ਜੋ ਸੂਰਬੀਰ ਸਨ ਆਪਣੇ ਹਥਿਆਰ ਵੀ ਨਹੀਂ ਚੁੱਕ ਸਕਦੇ ਸਨ। ਉਨ੍ਹਾਂ ਦਾ ਜੰਗੀ ਸਮਾਨ ਖ਼ਤਮ ਹੋਣ 'ਤੇ ਸੀ। ਉਹ ਨ ਵਿਰੋਧ ਨਹੀਂ ਕਰ ਸਕਦੇ ਸਨ। ਬਚਾਅ ਵੀ ਨਹੀਂ ਕਰ ਸਕਦੇ ਸਨ। ਫਿਰ ਵੀ ਆਤਮ ਸਮਰਪਣ ਨਹੀਂ ਕੀਤਾ। ਅੱਠ ਹਜ਼ਾਰ ਸਿੰਘ ਸ਼ਹੀਦ ਹੋ ਚੁੱਕੇ ਸਨ।

ਅੱਠ ਮਹੀਨੇ ਦੇ ਘੇਰੇ ਤੋਂ ਬਾਅਦ 7 ਦਸੰਬਰ, 1715 ਨੂੰ ਮੁਗਲ ਫ਼ੌਜਾਂ ਨੇ ਹਾਤੇ ਤੇ ਕਬਜ਼ਾ ਕਰ ਲਿਆ। ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਮਜਬੂਰ ਤਿੰਨ ਸੌ ਸਿੰਘਾਂ ਦੇ ਹੱਥ ਪੈਰ ਬੰਨ ਕੇ ਮੁਗਲ ਸੈਨਿਕਾਂ ਦੇ ਹਵਾਲੇ ਕਰ ਦਿੱਤੇ। ਜਿਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਉਨ੍ਹਾਂ ਦੇ ਸੀਸ ਵੱਢ ਦਿੱਤੇ। ਸ਼ਹੀਦ ਸਿੰਘਾਂ ਦੇ ਪੇਟ ਚਾਕ ਕੀਤੇ ਗਏ ਕਿ ਉਹਨਾਂ ਨੇ ਸੋਨੇ ਦੀਆਂ ਮੋਹਰਾਂ ਨਿਗਲ ਲਈਆਂ ਹੋਣਗੀਆਂ ਪਰ ਕੁਝ ਨਾ ਲੱਭਾ। ਸ਼ਹੀਦ ਸਿੰਘਾਂ ਦੇ ਸੀਸ ਨੇਜ਼ਿਆਂ 'ਤੇ ਟੰਗ ਲਏ। ਬਾਬਾ ਜੀ ਸੁਪਤਨੀ ਤੇ ਉਹਨਾਂ ਦੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਵੈਰੀ ਦੀਆਂ ਫ਼ੌਜਾਂ ਨੇ ਗੁਰਦਾਸ ਨੰਗਲ ਦਾ ਪਿੰਡ ਬਰਬਾਦ ਕਰਕੇ ਥੇਹ ਬਣਾ ਦਿੱਤਾ, ਜੋ ਬੰਦੇ ਵਾਲੀ ਥੇਹ ਦੇ ਨਾਉਂ 'ਤੇ ਪ੍ਰਸਿੱਧ ਹੋਇਆ।

ਬਾਬਾ ਜੀ ਦੇ ਘੇਰੇ ਵਿਚੋਂ ਫੜੇ ਜਾਣ ਤੇ ਜੋ ਸਮਾਨ ਮਿਲਿਆ ਜਿਵੇਂ ਤਲਵਾਰਾਂ, ਢਾਲ, ਕ੍ਰਿਪਾਨਾਂ, ਤੀਰ ਕਮਾਨ, ਰੁਪਏ, ਸੋਨੇ ਦੀਆਂ ਮੋਹਰਾਂ, ਕੀਮਤੀ ਗਹਿਣੇ,ਤੋੜੇਦਾਰ ਬੰਦੂਕਾਂ, ਕਟਾਰਾਂ, ਛੁਰੇ ਆਦਿ ਮੁਗਲ ਫ਼ੌਜਾਂ ਵੀ ਕਹਿ ਉੱਠੀਆਂ ਕਿ ਏਨੇ ਘੱਟ ਸਮਾਨ ਅਤੇ ਸਾਧਨਾਂ ਦੇ ਹੁੰਦੇ ਵੀ ਸਿੰਘਾਂ ਨੇ ਇੱਕ ਵੱਢਾ ਫੈਸਲਾਕੁੰਨ ਟਾਕਰਾ ਕੀਤਾ ਹੈ।

ਬਾਬਾ ਜੀ ਦੇ ਘੇਰੇ ਵਿਚੋਂ ਫੜੇ ਜਾਣ ਦੀ ਖ਼ਬਰ ਨਾਲ ਮੁਗਲ ਬਾਦਸ਼ਾਹ ਫਾਰੁਖ ਸੀਅਰ ਨੂੰ 12 ਦਸੰਬਰ, 1715 ਨੂੰ ਮਿਲੀ। ਬਾਦਸ਼ਾਹ ਨੇ ਖੁਸ਼ੀਆਂ ਦੇ ਜ਼ਸਨ ਮਨਾਏ ਅਤੇ ਫ਼ੌਜਾਂ ਨੂੰ ਇਨਾਮ ਦਿੱਤੇ। ਮੁਹੰਮਦ ਹਾਦੀ ਕਾਮਵਾਰ ਖ਼ਾਨ ਲਿਖਦਾ ਹੈ ਕਿ ਇਹ ਕਿਸੇ ਦੀ ਅਕਲਮੰਦੀ ਜਾਂ ਬਹਾਦਰੀ ਦਾ ਨਤੀਜਾ ਨਹੀਂ ਹੈ। ਬਲਕਿ ਰੱਬ ਦੀ ਰਜਾ ਸੀ ਕਿ ਅਜਿਹਾ ਹੋ ਗਿਆ। ਨਹੀਂ ਤਾਂ ਦੁਨੀਆਂ ਨੂੰ ਪਤਾ ਹੀ ਹੈ ਕਿ ਬਾਦਸ਼ਾਹ ਨੇ ਬੰਦੇ ਦੀ ਬਗਾਵਤ ਨੂੰ ਦਬਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ। ਹੁਣ ਉਹ ਕਾਫ਼ਰ ਸਿੱਖ ਅਤੇ ਸਿੰਘਾਂ ਨੂੰ ਭੁੱਖ ਦੇ ਅਧੀਨ ਹੋਣ ਲਈ ਮਜਬੂਰ ਕਰ ਦਿੱਤਾ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ,
ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ
ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035




# 5 ਤਰ੍ਹਾਂ ਦਾ ਜੂਸ ਪੀਣ ਵਾਲੇ ਰਹਿੰਦੇ ਹਨ ਤੰਦਰੁਸਤ



ਸਰਦੀਆਂ ਵਿੱਚ ਆਪਣੀ ਖੁਰਾਕ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ, ਜਿਸ ਨਾਲ ਸਰੀਰ ਗਰਮ ਰਹਿੰਦਾ ਹੈ ਅਤੇ ਰੋਗ ਪ੍ਰਤੀਰੋਧਕ ਸ਼ਕਤੀ ਵੀ ਵਧਦੀ ਹੈ। ਅਜਿਹੇ 'ਚ ਜੇਕਰ ਅਸੀਂ ਜੂਸ ਦੀ ਗੱਲ ਕਰੀਏ ਤਾਂ ਇਹ ਬਹੁਤ ਸਿਹਤਮੰਦ ਹੁੰਦੇ ਹਨ ਪਰ ਗਰਮੀਆਂ ਦੇ ਮੁਕਾਬਲੇ ਸਰਦੀਆਂ 'ਚ ਸਾਵਧਾਨੀ ਨਾਲ ਜੂਸ ਪੀਣਾ ਚਾਹੀਦਾ ਹੈ।ਸਰਦੀਆਂ ਵਿੱਚ ਅਜਿਹੇ ਭੋਜਨਾਂ ਦਾ ਜੂਸ ਪੀਣਾ ਚਾਹੀਦਾ ਹੈ ਜੋ ਕੁਦਰਤ ਵਿੱਚ ਗਰਮ ਹੋਣ, ਨਹੀਂ ਤਾਂ ਲਾਭ ਦੇਣ ਦੀ ਬਜਾਏ ਨੁਕਸਾਨ ਵੀ ਕਰ ਸਕਦੇ ਹਨ। ਅਜਿਹੇ 'ਚ ਸਰਦੀਆਂ 'ਚ ਫਿੱਟ ਰਹਿਣ ਲਈ ਤੁਹਾਨੂੰ ਇਨ੍ਹਾਂ 5 ਕਿਸਮਾਂ ਦੇ ਜੂਸ ਦੀ ਜ਼ਰੂਰਤ ਹੈ, ਜੋ ਸਵਾਦ ਦੇ ਨਾਲ-ਨਾਲ ਸਿਹਤ ਨੂੰ ਵੀ ਨਿਖਾਰ ਦੇਣਗੇ।

### ਚੁਕੰਦਰ ਦਾ ਜੂਸ

ਸਰਦੀਆਂ ਵਿੱਚ ਚੁਕੰਦਰ ਦਾ ਜੂਸ ਸਵਾਦ ਹੀ ਨਹੀਂ ਸਗੋਂ ਸਿਹਤਮੰਦ ਵੀ ਹੁੰਦਾ ਹੈ। ਜੇਕਰ ਤੁਸੀਂ ਇਸ 'ਚ ਅਦਰਕ ਮਿਲਾ ਕੇ ਪੀਓ ਤਾਂ ਤੁਹਾਨੂੰ ਐਂਟੀਆਕਸੀਡੈਂਟ, ਐਂਟੀ-ਇੰਫਲੇਮੇਟਰੀ, ਨਾਈਟ੍ਰੇਟਸ ਅਤੇ ਵਿਟਾਮਿਨ ਅਤੇ ਮਿਨਰਲਸ ਮਿਲਦੇ ਹਨ। ਇਹ ਇਮਿਊਨ ਸਿਸਟਮ ਨੂੰ ਸਿਹਤਮੰਦ ਰੱਖਦਾ ਹੈ ਅਤੇ ਕੈਂਸਰ ਸੈੱਲਾਂ ਦੇ ਵਾਧੇ ਨੂੰ ਵੀ ਹੌਲੀ ਕਰਦਾ ਹੈ। ਰਿਸਰਚ ਕਹਿੰਦੀ ਹੈ ਕਿ ਰੋਜ਼ਾਨਾ 500 ਮਿਲੀਲੀਟਰ ਚੁਕੰਦਰ ਦਾ ਜੂਸ ਪੀਣ ਨਾਲ ਥਕਾਵਟ ਨੂੰ 15 ਫੀਸਦੀ ਤੱਕ ਘੱਟ ਕੀਤਾ ਜਾ ਸਕਦਾ ਹੈ।





### ਗਾਜਰ-ਅਦਰਕ ਦਾ ਜੂਸ

ਗਾਜਰ ਅਤੇ ਅਦਰਕ ਦਾ ਰਸ ਪੀਣ ਨਾਲ ਵਿਟਾਮਿਨ ਏ ਅਤੇ ਸੀ ਮਿਲਦਾ ਹੈ, ਜੋ ਇਮਿਊਨ ਸਿਸਟਮ ਨੂੰ ਬਿਹਤਰ ਬਣਾਉਂਦਾ ਹੈ। ਇਹ ਸਾਡੀ ਚਮੜੀ ਨੂੰ ਜਵਾਨ ਰੱਖਣ ਵਿੱਚ ਵੀ ਮਦਦ ਕਰਦਾ ਹੈ। ਇਹ ਕੋਲੇਜਨ ਨੂੰ ਵਧਾ ਕੇ ਚਮੜੀ ਦੀ ਲਚਕਤਾ ਨੂੰ ਸੁਧਾਰਦਾ ਹੈ। ਯੂਰੋਪੀਅਨ ਜਰਨਲ ਆਫ਼ ਫਾਰਮਾਕੋਲੋਜੀ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, ਅਦਰਕ ਦੇ ਰਸ ਵਿੱਚ ਪਾਇਆ ਜਾਣ ਵਾਲਾ ਅਦਰਕ ਕੈਂਸਰ ਸੈੱਲਾਂ ਦੇ ਨਸ਼ਟ ਨੂੰ ਉਤਸ਼ਾਹਿਤ ਕਰਦਾ ਹੈ।



### ਖੱਟੇ ਫਲ ਦਾ ਜੂਸ

ਵਿਟਾਮਿਨ ਸੀ ਨਾਲ ਭਰਪੂਰ ਹੋਣ ਕਾਰਨ ਇਹ ਇਮਿਊਨਿਟੀ ਵਧਾਉਂਦਾ ਹੈ ਅਤੇ ਇਨਫੈਕਸ਼ਨ ਦੇ ਨਾਲ-ਨਾਲ ਜ਼ੁਕਾਮ ਤੋਂ ਵੀ ਬਚਾਉਂਦਾ ਹੈ। ਇਸ ਦੇ ਫਲੇਵੋਨੋਇਡ ਦਿਲ ਦੀ ਸਿਹਤ ਲਈ ਵੀ ਚੰਗੇ ਹਨ। ਇਸ 'ਚ ਵਿਟਾਮਿਨ ਸੀ ਦੀ ਮੌਜੂਦਗੀ ਕਾਰਨ ਇਹ ਚਮੜੀ ਨੂੰ ਵੀ ਚਮਕਦਾਰ ਬਣਾਉਂਦਾ ਹੈ। ਇਸ ਦੇ ਲਈ ਤੁਸੀਂ ਸੰਤਰੇ, ਮਿੱਠੇ ਨਿੰਬੂ ਅਤੇ ਅੰਗੂਰ ਨੂੰ ਮਿਲਾ ਕੇ ਜੂਸ ਬਣਾ ਸਕਦੇ ਹੋ।

### ਕਰੈਨਬੇਰੀ ਜੂਸ

ਇਹ ਜੂਸ ਐਂਟੀਆਕਸੀਡੈਂਟ ਪ੍ਰਦਾਨ ਕਰਕੇ ਪਾਚਨ ਅਤੇ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦਾਹੈ। ਕਰੈਨਬੇਰੀ ਦਾ ਜੂਸ, ਵਿਟਾਮਿਨ ਸੀ ਅਤੇ ਈ ਦਾ ਇੱਕ ਚੰਗਾ ਸਰੋਤ ਹੋਣ ਕਰਕੇ, ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਹਟਾਉਣ ਵਿੱਚ ਮਦਦ ਕਰਦਾ ਹੈ ਅਤੇ ਪਿਸ਼ਾਬ ਨਾਲੀ ਦੀ ਲਾਗ ਤੋਂ ਰਾਹਤ ਪ੍ਰਦਾਨ ਕਰਦਾ ਹੈ। ਖੋਜ ਨੇ ਦਿਖਾਇਆ ਹੈ ਕਿ ਕਰੈਨਬੇਰੀ ਦੇ ਜੂਸ ਦਾ ਸੇਵਨ ਕਰਨ ਨਾਲ ਪਿਸ਼ਾਬ ਨਾਲੀ ਦੀ ਲਾਗ ਦੇ ਜੋਖਮ ਨੂੰ ਇੱਕ ਤਿਹਾਈ ਤੱਕ ਘੱਟ ਕੀਤਾ ਜਾ ਸਕਦਾ ਹੈ।

### ਕੀਵੀ ਦਾ ਜੂਸ

ਕੀਵੀ 'ਚ ਕੈਰੋਟੀਨੋਇਡਸ, ਪੌਲੀਫੇਨੋਲ ਅਤੇ ਡਾਇਟਰੀ ਫਾਈਬਰ ਦੀ ਮੌਜੂਦਗੀ ਕਾਰਨ ਇਹ ਜ਼ੁਕਾਮ ਅਤੇ ਫਲੂ ਤੋਂ ਬਚਾਉਂਦੇ ਹਨ। ਕੀਵੀ ਵਿੱਚ ਮੌਜੂਦ ਵਿਟਾਮਿਨ ਏ ਅਤੇ ਵਿਟਾਮਿਨ ਸੀ ਚਮੜੀ ਵਿੱਚ ਝੁਰੜੀਆਂ ਨੂੰ ਘੱਟ ਕਰਦਾ ਹੈ, ਜਿਸ ਨਾਲ ਚਮੜੀ ਹੋਰ ਜਵਾਨ ਦਿਖਾਈ ਦਿੰਦੀ ਹੈ।





ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ
ਮੋਬਾ. : 9478561356

ਦਰੱਖਤ ਸਾਡੀ ਧਰਤੀ, ਸਾਡੇ ਵਾਤਾਵਰਨ ਅਤੇ ਸਾਡੇ ਲਈ ਬਹੁਤ ਜਰੂਰੀ ਅਤੇ ਉਪਯੋਗੀ ਹੁੰਦੇ ਹਨ। ਇਹ ਦਰੱਖਤ ਕੁਦਰਤੀ ਸੰਤੁਲਨ ਬਣਾਈ ਰੱਖਣ ਲਈ ਵੀ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਨਾਰੀਅਲ ਅਤੇ ਇਸ ਦੇ ਦਰੱਖ਼ਤ ਨੂੰ ਬਹੁਤ ਪਵਿੱਤਰ ਅਤੇ ਸ਼ੁਭ ਮੰਨਿਆ ਜਾਂਦਾ ਹੈ। ਨਾਰੀਅਲ ਦਾ ਦਰੱਖ਼ਤ ਲਗਭਗ 60 ਫੁੱਟ ਜਾਂ ਇਸ ਤੋਂ ਵੱਧ ਉੱਚਾ ਹੁੰਦਾ ਹੈ।ਇਹ ਦਰੱਖ਼ਤ ਮੁੱਖ ਤੌਰ 'ਤੇ ਦੀਪਾਂ , ਤੱਟ ਦੇ ਮੈਦਾਨਾਂ ਅਤੇ ਸਮੁੰਦਰ ਦੇ ਕਿਨਾਰੇ ਵਾਲੇ ਖੇਤਰਾਂ ਦੇ ਨਜ਼ਦੀਕ ਹੁੰਦਾ ਹੈ। ਇਸ ਦਾ ਤਣਾ ਗੋਲਾਕਾਰ, ਠੋਸ, ਲਚੀਲਾ ਤੇ ਸਖਤ ਹੁੰਦਾ ਹੈ।ਨਾਰੀਅਲ ਦੇ ਦਰੱਖਤ ਦੀਆਂ ਟਾਹਣੀਆਂ ਨਹੀਂ ਹੁੰਦੀਆਂ।ਨਾਰੀਅਲ ਦਾ ਦਰੱਖ਼ਤ ਮੁੱਖ ਤੌਰ 'ਤੇ ਭਾਰਤ ਦੇ ਕੇਰਲਾ, ਗੁਜਰਾਤ, ਆਂਧਰਾ ਪ੍ਰਦੇਸ਼, ਉੜੀਸਾ, ਗੋਆ, ਮਹਾਰਾਸ਼ਟਰ, ਪੱਛਮੀ ਬੰਗਾਲ, ਤਾਮਿਲਨਾਡੂ ਆਦਿ ਸਮੁੰਦਰ ਕਿਨਾਰੇ ਵਸੇ ਰਾਜਾਂ ਤੋਂ ਇਲਾਵਾ ਮਿਆਂਮਾਰ , ਸ੍ਰੀ ਲੰਕਾ , ਮਲਾਇਆ ਆਦਿ ਦੇਸ਼ਾਂ ਵਿੱਚ ਵਧੇਰੇ ਹੁੰਦਾ ਹੈ। ਇਸ ਦਰੱਖਤ ਦੀਆਂ ਪੱਤੀਆਂ ਤੋਂ ਝਾੜੂ ਵੀ ਬਣਾਏ ਜਾਂਦੇ ਹਨ।ਪੁਰਾਣਾਂ ਦੇ ਅਨੁਸਾਰ ਨਾਰੀਅਲ ਰਿਸ਼ੀ ਵਿਸ਼ਵਾਮਿੱਤਰ ਦੀ ਸ੍ਰਿਸ਼ਟੀ ਦਾ ਫਲ ਹੈ। ਬੱਚਿਓ ! ਨਾਰੀਅਲ ਦੇ ਫਲ ਨੂੰ ਸ਼੍ਰੀਫਲ ਵੀ ਕਿਹਾ ਜਾਂਦਾ ਹੈ। ਨਾਰੀਅਲ ਦੇ ਪਾਣੀ ਵਿੱਚ ਕਈ ਤਰ੍ਹਾਂ ਦੇ ਪੌਸ਼ਕ ਤੱਤ ਹੁੰਦੇ ਹਨ।

ਸਾਡੇ ਦੇਸ਼ ਵਿੱਚ ਧਾਰਮਿਕ ਉਤਸਵ ਮੌਕੇ ਨਾਰੀਅਲ ਦਾ ਫਲ ਪੂਜਾ - ਕਲਸ਼ 'ਤੇ ਰੱਖਣ ਅਤੇ ਸ਼੍ਰੀਫਲ਼ ਦੇਣ ਦੀ ਪਰੰਪਰਾ ਹੈ। ਅਨੇਕਾਂ ਸਾਹਿਤਕਾਰਾਂ ਨੇ ਆਪਣੇ ਸਾਹਿਤ ਵਿੱਚ ਨਾਰੀਅਲ ਦਾ ਜ਼ਿਕਰ ਕੀਤਾ ਹੈ। ਨਾਰੀਅਲ ਕੇਰਲ ਪ੍ਰਾਂਤ ਦਾ ਰਾਜ ਰੁੱਖ ਹੈ। ਪੰਜਾਬੀ ਵਿੱਚ ਨਾਰੀਅਲ ਨੂੰ ਖੋਪਾ ਕਿਹਾ ਜਾਂਦਾ ਹੈ। ਇਸ ਦਾ ਰੁੱਖ ਖਜੂਰ ਤੇ ਤਾੜ ਦੇ ਰੁੱਖ ਵਾਂਗ ਬਹੁਤ ਉੱਚਾ ਤੇ ਸਿੱਧਾ ਹੁੰਦਾ ਹੈ ; ਪਰ ਕਈ ਥਾਵਾਂ 'ਤੇ ਇਹ ਮਧਰੇ ਕੱਦ ਦਾ ਵੀ ਹੁੰਦਾ ਹੈ। ਨਾਰੀਅਲ ਦੇ ਫਲ ਹਰੇ ਅਤੇ ਮਟਮੈਲੇ ਦੋਵਾਂ ਰੰਗਾਂ ਦੇ ਮਿਲਦੇ ਹਨ। ਭਾਰਤ ਦੇ ਕਈ ਰਾਜਾਂ ਵਿੱਚ ਨਾਰੀਅਲ ਦੀ ਖੇਤੀ ਵੀ ਕੀਤੀ ਜਾਂਦੀ ਹੈ। ਜੋ ਕਿ ਕਿਸਾਨਾਂ ਲਈ ਬਹੁਤ ਲਾਹੇਵੰਦ ਹੈ।ਨਾਰੀਅਲ ਅਤੇ ਇਸ ਦੇ ਦਰੱਖ਼ਤਾਂ ਨੂੰ ਬਹੁਤ ਸ਼ੁਭ ਮੰਨਿਆ ਜਾਂਦਾ ਹੈ।ਇਹ ਇੱਕ ਅਜਿਹਾ ਦਰੱਖ਼ਤ ਹੈ ਜਿਸ 'ਤੇ ਇੱਕ ਹੀ ਸਮੇਂ ਉੱਤੇ ਕੱਚੇ , ਅੱਧ ਪੱਕੇ ਅਤੇ ਪੱਕੇ ਫਲ ਮਿਲ ਜਾਂਦੇ ਹਨ ਅਤੇ ਇਸ ਦਰੱਖ਼ਤ ਦੀ ਬਹੁਤ ਜਿਆਦਾ ਸੰਭਾਲ ਵੀ ਨਹੀਂ ਕਰਨੀ ਪੈਂਦੀ। ਨਾਰੀਅਲ ਦਾ ਪਾਣੀ , ਨਾਰੀਅਲ ਦੀ ਗਿਰੀ , ਗੋਲਾ , ਨਾਰੀਅਲ ਦਾ ਦੁੱਧ , ਨਾਰੀਅਲ ਦੇ ਤੇਲ ਆਦਿ ਦੀ ਵਰਤੋਂ ਸਾਡੇ ਦੇਸ਼ ਵਿੱਚ ਬਹੁਤ ਚਾਅ ਦੇ ਨਾਲ ਕੀਤੀ ਜਾਂਦੀ ਹੈ। ਨਾਰੀਅਲ ਦਾ ਪਾਣੀ ਸਿਹਤ ਲਈ ਅਤੇ ਖਾਸ ਤੌਰ 'ਤੇ ਪੇਟ ਲਈ ਬਹੁਤ ਉੱਤਮ ਤੇ ਪਾਚਨ ਸ਼ਕਤੀ ਵਧਾਉਣ ਵਾਲਾ ਹੁੰਦਾ ਹੈ। ਨਾਰੀਅਲ ਦੀ ਗਿਰੀ ਜਦੋਂ ਕੱਚੀ ਹੁੰਦੀ ਹੈ ਤਾਂ ਇਸ ਨੂੰ ਮਲਾਈ ਕਿਹਾ ਜਾਂਦਾ ਹੈ।ਇਹ ਮਲਾਈ ਬਹੁਤ ਨਰਮ ਪੌਸ਼ਟਿਕ ਅਤੇ ਸਵਾਦਲੀ ਹੁੰਦੀ ਹੈ।



ਸਾਡੇ ਦੇਸ਼ ਵਿੱਚ ਖਾਸ ਤੌਰ 'ਤੇ ਗਰਮੀ ਦੇ ਮੌਸਮ ਸਮੇਂ ਲੋਕੀਂ ਨਾਰੀਅਲ ਪਾਣੀ ਅਤੇ ਇਸਦੀ ਮਲਾਈ ਬਹੁਤ ਸ਼ੌਕ ਤੇ ਚਾਅ ਦੇ ਨਾਲ ਖਾਂਦੇ ਹਨ। ਸਮੁੰਦਰ ਦੇ ਕਿਨਾਰੇ ਵਸੇ ਲੋਕਾਂ ਦੇ ਰੋਜ਼ਾਨਾ ਭੋਜਨ ਵਿੱਚ ਨਾਰੀਅਲ , ਇਸਦੀ ਗਿਰੀ , ਨਾਰੀਅਲ ਤੇਲ ਅਤੇ ਨਾਰੀਅਲ ਦੇ ਦੁੱਧ ਦੀ ਵਰਤੋਂ ਆਮ ਕੀਤੀ ਜਾਂਦੀ ਹੈ। ਨਾਰੀਅਲ ਨੂੰ ਧਾਰਮਿਕ ਥਾਵਾਂ , ਮੰਦਿਰਾਂ ਦੇ ਵਿੱਚ ਚੜਾਉਣ , ਪੂਜਾ - ਘਰਾਂ ਵਿੱਚ ਰੱਖਣ , ਪੂਜਾ - ਹਵਨ ਸਮੇਂ ਨਾਰੀਅਲ ਦੀ ਵਰਤੋਂ ਕਰਨ ਅਤੇ ਨਾਰੀਅਲ ਭੰਨਣ ਦੀ ਵਿਸ਼ੇਸ਼ ਪਰੰਪਰਾ ਵੀ ਚੱਲੀ ਆ ਰਹੀ ਹੈ। ਨਾਰੀਅਲ ਦੇ ਪੱਤਿਆਂ ਦੀ ਵਰਤੋਂ ਝੁੱਗੀਆਂ - ਝੋਪੜੀਆਂ ਬਣਾਉਣ ਦੇ ਲਈ ਕੀਤੀ ਜਾਂਦੀ ਹੈ। ਇਸ ਦੇ ਪੱਤਿਆਂ ਦੀ ਰਾਖ ਭਾਵ ਸੁਆਹ ਵੀ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਇਸ ਤੋਂ ਇਲਾਵਾ ਨਾਰੀਅਲ ਦੀ ਵਰਤੋਂ ਦੇਸੀ ਦਵਾਈਆਂ ਵਿੱਚ ਵੀ ਕੀਤੀ ਜਾਂਦੀ ਹੈ। ਨਾਰੀਅਲ ਦੇ ਰੇਸ਼ੇਦਾਰ ਭਾਗ ਦੀ ਵਰਤੋਂ ਰੱਸੇ , ਲੱਜਾਂ , ਕਈ ਤਰ੍ਹਾਂ ਦੇ ਜਾਲ , ਸੋਫੇ , ਦਰੀਆਂ , ਚਟਾਈਆਂ ਤੇ ਬੁਰਸ਼ ਆਦਿ ਬਣਾਉਣ ਲਈ ਕੀਤੀ ਜਾਂਦੀ ਹੈ ਅਤੇ ਇਸ ਰੇਸ਼ੇ ਨੂੰ ਹੋਰ ਮਜਬੂਤ ਕਰਨ ਦੇ ਲਈ ਇਸ 'ਤੇ ਨਾਰੀਅਲ ਦਾ ਤੇਲ ਵੀ ਲਗਾਇਆ ਜਾਂਦਾ ਹੈ। ਨਾਰੀਅਲ ਦੀ ਗਿਰੀ ਤੇ ਇਸਦਾ ਤੇਲ ਇੱਕ ਮਿੱਠੀ ਜਿਹੀ ਸੁਗੰਧ ਨਾਲ ਭਰਪੂਰ ਹੁੰਦਾ ਹੈ। ਨਾਰੀਅਲ ਮਾਲਦੀਵ ਦਾ ਰਾਸ਼ਟਰੀ ਰੁੱਖ ਹੈ। ਬੱਚਿਓ ! ਨਾਰੀਅਲ ਦਾ ਫਲ ਇੱਕ ਅਜਿਹਾ ਫਲ ਹੈ ਜੋ ਤੇਲ ਦੇਣ ਵਾਲਾ ਹੈ। ਨਾਰੀਅਲ ਦੀ ਲੱਕੜ ਤੋਂ ਕਿਸ਼ਤੀਆਂ , ਫਰਨੀਚਰ , ਪੁੱਲ , ਧੁਨੀ ਮੁਕਤ ਕੈਬਿਨ ਆਦਿ ਬਣਾਏ ਜਾਂਦੇ ਹਨ। ਸਾਡੇ ਦੇਸ਼ ਵਿੱਚ ਨਾਰੀਅਲ ਹਰ ਬੱਚੇ , ਨੌਜਵਾਨ ਤੇ ਬਜ਼ੁਰਗ ਦੀ ਪਸੰਦ ਹੈ। ਨਾਰੀਅਲ ਤੋਂ ਕਈ ਤਰ੍ਹਾਂ ਦੀਆਂ ਮਨਭਾਉਂਦੀਆਂ ਮਠਿਆਈਆਂ ਬਣਾਈਆਂ ਜਾਂਦੀਆਂ ਹਨ। ਇਸ ਤੋਂ ਮੋਮਬੱਤੀਆਂ ਅਤੇ ਸਾਬਣ ਵੀ ਤਿਆਰ ਕੀਤੇ ਜਾਂਦੇ ਹਨ। ਭਾਵੇਂ ਕਿ ਸਾਰੇ ਰੁੱਖ ਅਤੇ ਫਲ ਸਾਡੇ ਲਈ ਵਿਸ਼ੇਸ਼ ਮਹੱਤਤਾ ਰੱਖਦੇ ਹਨ , ਪਰ ਨਾਰੀਅਲ ਨੂੰ ਸ਼੍ਰੀਫਲ਼ , ਸਵਰਗ ਦਾ ਦਰੱਖ਼ਤ , ਹਰਾ ਸੋਨਾ , ਵਿਸ਼ੇਸ਼ ਧਾਰਮਿਕ ਮਹੱਤਤਾ ਰੱਖਣ ਵਾਲਾ , ਬਹੁਤ ਸ਼ੁੱਭ , ਪਵਿੱਤਰ , ਪੂਜਣਯੋਗ ਤੇ ਹਰਮਨ ਪਿਆਰਾ ਫਲ ਮੰਨਿਆ ਗਿਆ ਹੈ। ਜਿੱਥੇ ਨਾਰੀਅਲ ਅਤੇ ਇਸ ਦੇ ਰੁੱਖ ਦੀ ਹਰ ਪੱਖ ਤੋਂ ਇੰਨੀ ਮਹੱਤਤਾ ਹੈ , ਉੱਥੇ ਹੀ ਨਾਰੀਅਲ ਅਨੇਕਾਂ ਲੋਕਾਂ ਦੇ ਰੁਜ਼ਗਾਰ ਦਾ ਸਾਧਨ ਵੀ ਬਣਿਆ ਹੋਇਆ ਹੈ। ਸੋ ਇਸ ਪੱਖ ਤੋਂ ਇਸ ਦੀ ਮਹੱਤਤਾ ਤਾਂ ਹੋਰ ਵੀ ਵੱਧ ਜਾਂਦੀ ਹੈ। ਇਸਦੀ ਇੰਨੀ ਮਹੱਤਤਾ ਨੂੰ ਦੇਖਦੇ ਹੋਏ ਸਮੁੱਚੇ ਵਿਸ਼ਵ ਵਿੱਚ ਦੋ ਦਸੰਬਰ ਨੂੰ ਵਿਸ਼ਵ ਨਾਰੀਅਲ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਸੱਚਮੁੱਚ ਨਾਰੀਅਲ ਸਿਹਤ , ਸਵਾਦ ਅਤੇ ਰੁਜ਼ਗਾਰ ਦਾ ਭੰਡਾਰ ਹੈ।

ਕਹਾਣੀ

ਓਮਕਾਰ ਸੂਦ ਬਹੋਨਾ

# ਏਕਤਾ ਜ਼ਿੰਦਾਬਾਦ



ਪੂਹਤੀ ਮਾਮੇ ਦੇ ਮੁੰਡੇ ਦਾ ਵਿਆਹ ਵੇਖ ਕੇ ਨਾਨਕਿਆਂ ਤੋਂ ਵਾਪਸ ਆ ਗਈ ਸੀ । ਊਂ ਤਾਂ ਉਹਦਾ ਨਾਂ ਪ੍ਰਮਿੰਦਰ ਸੀ ਪਰ ਪਿਆਰ ਨਾਲ ਸਾਰੇ ਉਹਨੂੰ ਪੂਹਤੀ ਹੀ ਸੱਦਦੇ ਸਨ। ਉਹ ਘਰ ਦੀ ਰੌਣਕ ਸੀ । ਹਰ ਵੇਲੇ ਤਿਤਲੀ ਵਾਂਗ ਟਹਿਕਦੀ ਰਹਿੰਦੀ ਸੀ। ਪੜ੍ਹਨ ਵਿੱਚ ਹੁਸ਼ਿਆਰ ਅਤੇ ਖੇਡਾਂ ਵਿੱਚ ਵੀ ਮੋਹਰੀ ਸੀ । ਉਹ ਚੌਥੀ ਜਮਾਤ ਵਿੱਚ ਪੜ੍ਹਦੀ ਸੀ। ਆਪਣੇ ਜਮਾਤੀ ਮੁੰਡੇ-ਕੁੜੀਆਂ ਵਿੱਚ ਬਹੁਤ ਹੀ ਹਰਮਨ ਪਿਆਰੀ ਸੀ। ਉਹ ਸਕੂਲੋਂ ਆ ਕੇ ਆਪਣੀ ਮਾਂ ਨਾਲ ਘਰ ਦੇ ਕੰਮਾਂ ਵਿੱਚ ਹੱਥ ਵਟਾਉਂਦੀ। ਫਿਰ ਹੋਮ ਵਰਕ ਕਰਦੀ । ਘਰ ਆਏ ਅਖ਼ਬਾਰ ਅਤੇ ਬਾਲ ਰਸਾਲੇ ਪੜ੍ਹਦੀ । ਸ਼ਾਮ ਨੂੰ ਧਰਮਸ਼ਾਲਾ ਵਿੱਚ ਖੇਡ ਰਹੇ ਬੱਚਿਆਂ ਨਾਲ ਜਾ ਕੇ ਖੇਡਦੀ। ਉੱਥੇ ਕੁੜੀਆਂ-ਮੁੰਡੇ ਸਭ ਰਲ-ਮਿਲ ਕੇ ਖੇਡਦੇ ਸਨ, ਬਿਨਾਂ ਕਿਸੇ ਭੇਦ-ਭਾਵ ਜਾਂ ਲੜਾਈ ਝਗੜੇ ਦੇ । ਹੁਣ ਜਦੋਂ ਪੂਹਤੀ ਨਾਨਕਿਆਂ ਤੋਂ ਵਾਪਸ ਆਈ ਸੀ ਤਾਂ ਧਰਮਸ਼ਾਲਾ ਵਿੱਚ ਕੋਈ ਵੀ ਬੱਚਾ ਖੇਡਣ ਵਾਸਤੇ ਨਹੀਂ ਸੀ ਆ ਰਿਹਾ । ਪੂਹਤੀ ਦੋ ਦਿਨਾਂ ਤੋਂ ਵੇਖ ਰਹੀ ਸੀ ਸੁੰਨੀ ਧਰਮਸ਼ਾਲਾ । ਅੱਗੇ ਤਾਂ ਸ਼ਾਮ ਹੁੰਦਿਆਂ ਹੀ ਧਰਮਸ਼ਾਲਾ ਵਿੱਚ ਬੱਚਿਆਂ ਦੀ ਰੌਣਕ ਲੱਗ ਜਾਂਦੀ ਸੀ । ਨਿੱਕੇ-ਨਿੱਕੇ ਕੁੜੀਆਂ ਮੁੰਡੇ ਬਾਗਾਂ ਵਿੱਚ ਖਿੜੇ ਰੰਗ-ਬਰੰਗੇ ਫੁੱਲਾਂ ਵਾਂਗ ਟਹਿਕੇ-ਟਹਿਕੇ ਭੱਜੇ ਫਿਰਦੇ ਨਜ਼ਰੀਂ ਆਉਂਦੇ ਸਨ । ਪਰ ਹੁਣ ਕੀ ਹੋ ਗਿਆ ਸੀ ? ਕੋਈ ਵੀ ਬੱਚਾ ਖੇਡਣ ਨਹੀਂ ਸੀ ਆ ਰਿਹਾ । ਪੂਹਤੀ ਹੈਰਾਨ ਸੀ!

ਸਕੂਲ ਵਿੱਚ ਗਰਮੀ ਦੀਆਂ ਛੁੱਟੀਆਂ ਚੱਲ ਰਹੀਆਂ ਸਨ। ਉਹਨੇ ਸੋਚਿਆ ਸ਼ਾਇਦ ਬੱਚੇ ਛੁੱਟੀਆਂ ਵਿੱਚ ਘੁੰਮਣ ਫਿਰਨ ਕਿਤੇ ਬਾਹਰ ਚਲੇ ਗਏ ਹੋਣ! ਪਰ ਇੱਕ ਦਿਨ ਪਾਲੇ ਕੀ ਮਿੰਦੋ ਪੂਹਤੀ ਨੂੰ ਗਲੀ ਵਿੱਚ ਟੱਕਰੀ । ਮਿੰਦੋ ਨੇ ਦੱਸਿਆ ਕਿ ਛੁੱਟੀਆਂ ਵਿੱਚ ਬਾਹਰ ਤਾਂ ਬੱਸ ਰਾਜੂ ਹੀ ਗਿਆ ਹੈ । ਬਾਕੀ ਸਾਰੇ ਤਾਂ ਦੇਬੂ ਦੇ ਡਰਾਏ ਹੀ ਨਹੀਂ ਆਉਂਦੇ ਖੇਡਣ! ਸੱਚ-ਮੁੱਚ ਨਾਈਆਂ ਦਾ ਦੇਬੂ ਸਾਰੇ ਬੱਚਿਆਂ ਲਈ ਹਊਆ ਬਣਿਆ ਹੋਇਆ ਸੀ । ਦੇਬੂ ਸੱਤਵੀਂ ਵਿੱਚ ਪੜ੍ਹਦਾ ਸੀ । ਉਹ ਇੱਕ ਦਿਨ ਧਰਮਸ਼ਾਲਾ ਵਿੱਚ ਆ ਧਮਕਿਆ । ਬਿਨਾਂ ਕਿਸੇ ਗੱਲ ਤੋਂ ਕ੍ਰਿਕਟ ਖੇਡ ਰਹੇ ਬੱਚਿਆਂ ਨੂੰ ਧਮਕਾਉਂਦਿਆਂ ਗੇਂਦ ਚੁੱਕ ਕੇ ਖੂਹੀ ਵਿੱਚ ਸੁੱਟ ਦਿੱਤੀ । ਵਿਕਟਾਂ ਦੀ ਥਾਂ ਜੋ ਇੱਟਾਂ ਖੜ੍ਹੀਆਂ ਕੀਤੀਆਂ ਸਨ ਉਹ ਵੀ ਪੈਰ ਮਾਰ ਕੇ ਡੇਗ ਦਿੱਤੀਆਂ । ਸ਼ਾਮੂ ਦੇ ਹੱਥ 'ਚ ਫੜੀ ਲੱਕੜ ਦੀ ਫੱਟੀ (ਜਿਸ ਤੋਂ ਉਹ ਬੱਲੇ ਦਾ ਕੰਮ ਲੈਂਦੇ ਸਨ) ਖੋਹ ਕੇ ਕੰਧ ਤੋਂ ਬਾਹਰ ਸੁੱਟ ਦਿੱਤੀ ਸੀ । ਇਹ ਕੀ ਬਦਤਮੀਜ਼ੀ ਕਰਦੈਂ ਦੇਬੂ ? ਸ਼ਾਮੂ ਬੱਲਾ ਖੋਹ ਰਹੇ ਦੇਬੂ ਨੂੰ ਗੁੱਸੇ ਨਾਲ ਬੋਲਿਆ ਸੀ,ਪਰ ਉਹ ਸ਼ਾਮੂ ਤੋਂ ਵੱਡਾ ਤੇ ਤਕੜਾ ਵੀ ਸੀ । ਉਹਨੇ ਸ਼ਾਮੂ ਨੂੰ ਧੱਕਾ ਮਾਰ ਕੇ ਭੁੰਜੇ ਸੁੱਟ ਦਿੱਤਾ ਸੀ । ਨਾਲੇ ਰੋਹਬ ਨਾਲ ਬੋਲਿਆ ਸੀ, ਧਰਮਸ਼ਾਲਾ ਵਿੱਚ ਕੱਲ੍ਹ ਤੋਂ ਜੇ ਖੇਡਣ ਆਏ ਤਾਂ ਜਬਾੜ੍ਹੇ ਤੋੜ ਦਊਂ ਸਾਰਿਆਂ ਦੇ! ਜਾ ਕੇ ਹੋਰ ਕਿਤੇ ਖੇਡੋ-ਨਹੀਂ ਨਾ ਖੇਡੋ । ਇੱਥੇ ਮੈਂ ਇਕੱਲਾ ਹੀ ਖੇਡਾਂਗਾ! ਦੇਬੂ ਦੀ ਵੰਗਾਰ ਸੁਣ ਸਭ ਚੁੱਪ ਕਰ ਗਏ ਸਨ । ਕਿਸੇ ਵਿੱਚ ਵੀ ਹਿੰਮਤ ਨਹੀਂ ਸੀ ਕਿ ਦੇਬੂ ਮੂਹਰੇ ਬੋਲ ਸਕਦਾ। ਸਗੋਂ ਦੇਵਾ, ਨਾਮ੍ਹਾ, ਤੁੱਲੋ, ਮਿੰਦੋ, ਭਿਨਾ ਸਾਰੇ ਦੇ ਸਾਰੇ ਬਾਰਾਂ ਬੱਚੇ ਨੀਵੀਆਂ ਪਾਈ ਚੁੱਪਚਾਪ ਘਰਾਂ ਨੂੰ ਤੁਰ ਗਏ ਸਨ ਤੇ ਡਰਦੇ ਮਾਰੇ ਧਰਮਸ਼ਾਲਾ ਵਿੱਚ ਆਉਣੋ ਹੀ ਹਟ ਗਏ ਸਨ।

ਅਗਲੇ ਦਿਨ ਪੂਹਤੀ ਨੇ ਸਾਰੇ ਬੱਚੇ ਘਰਾਂ ਵਿੱਚੋਂ ਸੱਦ ਕੇ ਧਰਮਸ਼ਾਲਾ ਵਿੱਚ ਇਕੱਠੇ ਕਰ ਲਏ। ਦੇਬੂ ਦੀ ਧੱਕੇਸ਼ਾਹੀ ਤੋਂ ਡਰਨ ਕਰਕੇ ਸਭ ਨੂੰ ਲਾਹਣਤਾਂ ਪਾਈਆਂ । ਪੂਹਤੀ ਰੋਹ ਵਿੱਚ ਬੋਲੀ, ਕੱਲ੍ਹ ਨੂੰ ਦੇਬੂ ਆ ਕੇ ਕਹੂ ਆਪਣਾ ਘਰ ਖਾਲੀ ਕਰ ਦਿਓ ਤਾਂ ਤੁਸੀਂ ਘਰ ਛੱਡ ਕੇ ਭੱਜ ਜਾਓਗੇ ? ਦੇਬੂ ਇੱਕ ਤੇ ਤੁਸੀਂ ਬਾਰਾਂ ਜਾਣੇ, ਫਿਰ ਵੀ ਮਾਰ ਖਾ ਲਈ! ਝੂਠੀ ਵੰਗਾਰ ਸੁਣ ਕੇ ਡਰ ਗਏ । ਮੈਦਾਨ ਛੱਡ ਕੇ ਭੱਜਣਾ ਸੂਰਿਮਆਂ ਦਾ ਕੰਮ ਨਹੀਂ ਹੁੰਦਾ । ਵਾਹ! ਉਏ ਮਾਂ ਦਿਓ ਲਾਲੋ ਉਹ ਵੀ ਤਾਂ ਬਾਲ ਹੀ ਸਨ! ਤੇ ਪੂਹਤੀ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਪੁੱਤਰਾਂ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਦੀ ਬਹਾਦਰੀ ਦੀ ਕਹਾਣੀ ਸੁਣਾਉਣ ਲੱਗ ਪਈ ਜੋ ਉਹਨੇ ਆਪਣੀ ਦਾਦੀ ਜੀ ਤੋਂ ਸੁਣੀ ਸੀ । ਪੂਹਤੀ ਸੀ ਭਾਵੇਂ ਨਿੱਕੀ ਜਿਹੀ, ਪਰ ਉਹਦਾ ਹੌਸਲਾ ਬੁਲੰਦ ਸੀ ਰਾਣੀ ਝਾਂਸੀ ਵਾਂਗ! ਆਪਣੀਆਂ ਗੱਲਾਂ ਨਾਲ ਪੂਹਤੀ ਨੇ ਡਰ ਗਏ ਬੱਚਿਆਂ ਦੇ ਦਿਲਾਂ ਵਿੱਚ ਹੌਸਲੇ ਦਾ ਚਿਰਾਗ ਬਾਲ ਦਿੱਤਾ ਸੀ । ਉਹੀ ਬੱਚੇ ਜੋ ਕੱਲ੍ਹ ਇੱਕ ਦੇਬੂ ਕੋਲੋਂ ਡਰ ਗਏ ਸਨ, ਅੱਜ ਕਈ ਦੇਬੂਆਂ ਦਾ ਟਾਕਰਾ ਕਰਨ ਦੀ ਸ਼ਕਤੀ ਨਾਲ ਭਰ ਗਏ ਸਨ । ਧਰਮਸ਼ਾਲਾ ਵਿੱਚ ਇੱਕ ਜ਼ੋਰਦਾਰ ਨਾਹਰਾ ਗੂੰਜਿਆ, ਸਾਡੀ ਏਕਤਾ - ਜ਼ਿੰਦਾਬਾਦ !!!

ਹੁਣ ਧਰਮਸ਼ਾਲਾ ਵਿੱਚ ਪਹਿਲਾਂ ਵਾਲੀ ਰੌਣਕ ਫਿਰ ਪਰਤ ਆਈ ਸੀ । ਕੁੜੀਆਂ ਮੁੰਡੇ ਰਲ ਕੇ ਖੇਡਣ ਲੱਗ ਗਏ ਸਨ । ਨਾ ਕੋਈ ਲੜਦਾ ਸੀ ,ਨਾ ਕੋਈ ਝਗੜਦਾ ਸੀ । ਧਰਮਸ਼ਾਲਾ ਵਿੱਚ ਸ਼ਾਮ ਨੂੰ ਖੇਡਣ ਵਾਲੇ ਬੱਚਿਆਂ ਦਾ ਮੇਲਾ ਲੱਗ ਜਾਂਦਾ ਸੀ । ਫੁੱਲਾਂ ਵਾਂਗ ਖਿੜੇ ਬੱਚੇ ਕਿਲਕਾਰੀਆਂ ਮਾਰਦੇ, ਹੱਸਦੇ, ਟਹਿਕਦੇ ਤੇ ਚੰਨ ਵਾਂਗ ਆਪਣੇ ਪਿਆਰ ਅਤੇ ਏਕਤਾ ਦੀ ਸ਼ਾਂਤ ਰੌਸ਼ਨੀ ਬਖੇਰਦੇ । ਇੱਥੇ ਨਾ ਕੋਈ ਉੱਚਾ ਸੀ, ਨਾ ਨੀਵਾਂ । ਨਾ ਕੋਈ ਜਾਤ ਸੀ, ਨਾ ਮਜ਼੍ਹਬ । ਸਭ ਬੱਚੇ, ਬੱਚੇ ਸਨ । ਰੰਗ-ਬਰੰਗੇ ਫੁੱਲਾਂ ਵਰਗੇ । ਮਹਿਕੇ-ਮਹਿਕੇ,ਖਿੜੇ-ਖਿੜੇ ਬੱਚੇ । ਇਹ ਖੁਸ਼ੀ, ਇਹ ਖੇੜਾ ਸਭ ਨੂੰ ਪਰਵਾਨ ਸੀ ਪਰ ਇੱਕ ਦੇਬੂ ਸੀ ਜੋ ਔਰੰਗਜ਼ੇਬ ਵਾਂਗ ਸਭ ਨੂੰ ਆਪਣੇ ਹੀ ਰੰਗ ਵਿੱਚ ਰੰਗਣਾ ਚਾਹੁੰਦਾ ਸੀ । ਉਹ ਨਹੀਂ ਸੀ ਚਾਹੁੰਦਾ ਏਕਤਾ ਹੋਵੇ, ਖੇੜਾ ਹੋਵੇ! ਉਹ ਚਾਹੁੰਦਾ ਸੀ ਮੈਂ ਹੋਵਾਂ, ਮੇਰੇ ਰੰਗ ਵਿੱਚ ਰੰਗੇ ਸਭ ਹੋਣ । ਸਭ ਮੇਰੇ ਅਧੀਨ ਹੋਣ । ਸਭ ਮੇਰੇ ਹੀ ਮਨ ਦੀ ਗੱਲ ਸੁਣਨ ।

ਇੱਕ ਦਿਨ ਦੇਬੂ ਤੂਤ ਦਾ ਖੂੰਡਾ ਲੈ ਕੇ ਧਰਮਸ਼ਾਲਾ ਵਿੱਚ ਆ ਧਮਕਿਆ । ਆਉਂਦਿਆਂ ਹੀ ਦਹਾੜਿਆ, ਖਾਲੀ ਕਰ ਦਿਓ ਧਰਮਸ਼ਾਲਾ! ਮੈਂ ਇੱਥੇ ਇਕੱਲਾ ਹੀ ਖੇਡਾਂਗਾ! ਪੂਹਤੀ ਹਵਾ ਵਾਂਗ ਦੇਬੂ ਦੇ ਮੂਹਰੇ ਆ ਗਈ । ਬੋਲੀ, ਨਾ ਦੇਬੂ ਵੀਰਿਆ, ਤੂੰ ਵੀ ਖੇਡ ਲੈ, ਅਸੀਂ ਵੀ ਖੇਡ ਲੈਂਦੇ ਹਾਂ । ਸਭ ਰਲ ਕੇ ਖੇਡਦੇ ਹਾਂ । ਇਕੱਲਾ ਤਾਂ ਉਜਾੜ ਵਿੱਚ ਰੁੱਖ ਵੀ ਉਦਾਸ ਹੋ ਜਾਂਦਾ ਹੈ । ਇਕੱਲਾ ਤਾਂ ਇੱਕ ਹੁੰਦਾ ਹੈ, ਜੋ ਹਾਰ ਦੀ ਨਿਸ਼ਾਨੀ ਹੈ । ਮੈਂ ਦਾ ਅਰਥ ਪਤਾ ਕੀ ਹੁੰਦਾ ਹੈ, ਮੈਂ ਦਾ ਅਰਥ ਹੈ ਇਕੱਲਤਾ!

ਨਸੀਹਤਾਂ ਨਾ ਦੇਹ ਮੈਨੂੰ, ਭੱਜ ਜਾਓ ਇੱਥੋਂ! ਨਹੀਂ ਤਾਂ ਖੂੰਡੇ ਮਾਰ-ਮਾਰ ਕੇ ਪੁੜ ਪੁੜੀਆਂ ਸੇਕ ਦਊਂ! ਦੇਬੂ ਨੇ ਪੂਹਤੀ ਦੀ ਗੱਲ ਅੱਧ-ਵਿਚਕਾਰੋਂ ਕੱਟ ਕੇ ਖੂੰਡਾ ਠਾਹ ਦੇਣੇ ਧਰਤੀ 'ਤੇ ਮਾਰ ਕੇ ਰੋਹਬ ਨਾਲ ਆਖਿਆ ਸੀ । ਪਰ ਫਿਰ ਵੀ ਸਾਰੇ ਬੱਚਿਆਂ ਨੇ ਦੇਬੂ ਨੂੰ ਵਾਰ-ਵਾਰ ਸਮਝਾਇਆ । ਤਰਲੇ ਪਾਏ । ਮਿੰਨਤਾਂ ਕੀਤੀਆਂ ਪਰ ਦੇਬੂ ਟੱਸ ਤੋਂ ਮੱਸ ਨਾ ਹੋਇਆ । ਸਗੋਂ ਢੀਠਾਂ ਵਾਂਗ ਆਪਣੀ ਜ਼ਿਦ 'ਤੇ ਅੜਿਆ ਰਿਹਾ । ਅਖੀਰ ਅੱਕ ਕੇ ਪੂਹਤੀ ਨੇ ਕਹਿ ਹੀ ਦਿੱਤਾ, ਦੇਬਿਆ ਅਸੀਂ ਤਾਂ ਸਾਰੇ ਇੱਥੇ ਹੀ ਖੇਡਾਂਗੇ! ਤੂੰ ਲਾ ਲੈ ਜਿਹੜਾ ਜ਼ੋਰ ਲਾਉਣਾ ਸਿਰ ਤੋਂ ਪੈਰਾਂ ਤੀਕ!

ਪੂਹਤੀ ਦੀ ਵੰਗਾਰ ਸੁਣ ਕੇ ਦੇਬੂ ਦੀਆਂ ਅੱਖਾਂ ਲਾਲ ਹੋ ਗਈਆਂ । ਉਹ ਗੁੱਸੇ ਨਾਲ ਕੰਬਣ ਲੱਗ ਪਿਆ । ਝਈ ਲੈ ਕੇ ਪੂਹਤੀ ਵੱਲ ਵਧਿਆ । ਪੂਹਤੀ ਤੱਕ ਅੱਪੜਨ ਤੋਂ ਪਹਿਲਾਂ ਹੀ ਸ਼ਾਮੂ ਤੇ ਤੁਲੋ ਨੇ ਦੇਬੂ ਨੂੰ ਜੱਫੇ ਮਾਰ ਕੇ ਧਰਤੀ ਤੇ ਸੁੱਟ ਲਿਆ । ਫਿਰ ਪੂਹਤੀ ਸਮੇਤ ਬਾਕੀ ਸਾਰੇ ਬੱਚੇ ਵੀ ਪੈ ਨਿਕਲੇ । ਉਹ ਦੇਬੂ ਨੂੰ ਕਿੰਨਾ ਹੀ ਚਿਰ ਮਧੋਲੀ ਗਏ । ਦੇਬੂ ਦੇ ਕੂਹਣੀਆਂ ਅਤੇ ਗੋਡੇ ਥਾਂ ਥਾਂ ਤੋਂ ਉੱਚੜ ਗਏ । ਨੱਕ 'ਚੋਂ ਖੂਨ ਰਿਸਣ ਲੱਗ ਪਿਆ । ਅਖੀਰ ਉਹ ਆਪਣੀ ਖਿੱਦੋ ਅਤੇ ਖੂੰਡਾ ਥਾਏਂ ਛੱਡ ਕੇ ਦੌੜ ਗਿਆ । ਜਾਨ ਬਚੀ ਸੋ ਲਾਖੋਂ ਪਾਏ ਦੇ ਅਖਾਣ ਮੁਤਾਬਕ ਦੇਬੂ ਨੇ ਭੱਜ ਕੇ ਸੁਖ ਦਾ ਸਾਹ ਲਿਆ ਸੀ । ਫਿਰ ਸਾਰੇ ਬੱਚੇ ਦੇਬੂ ਨੂੰ ਭਜਾਉਣ ਦੀ ਖੁਸ਼ੀ ਵਿੱਚ ਹੱਸਦਿਆਂ ਸਾਡੀ ਏਕਤਾ-ਜ਼ਿੰਦਾਬਾਦ ਦਾ ਨਾਹਰਾ ਲਗਾਉਂਦਿਆਂ ਮੁੜ ਖੇਡਣ ਲੱਗ ਪਏ । ਉਸ ਤੋਂ ਬਾਅਦ ਦੇਬੂ ਦਾ ਮੁੜ ਧਰਮਸ਼ਾਲਾ ਵਿੱਚ ਆਉਣ ਦਾ ਕਦੇ ਹੌਸਲਾ ਨਾ ਪਿਆ । ਪਰ ਹਾਂ, ਸਾਰੇ ਬੱਚੇ ਦੇਬੂ ਨੂੰ ਰਲ-ਮਿਲ ਕੇ ਖੇਡਣ ਲਈ ਸੁਨੇਹੇ ਜ਼ਰੂਰ ਘੱਲਦੇ ਰਹੇ!

---

ਕਹਾਣੀ

ਸਿਮਰਨ ਧਾਲੀਵਾਲ

# ਚਿੜੀ ਬਾਨੋ ਤੇ ਛਿੱਬੂ ਕਾਂ

ਚਿੜੀ ਤੇ ਕਾਂ ਨੇ ਰਲ ਕੇ ਖਿਚੜੀ ਬਣਾਈ ਸੀ, ਇਹ ਕਹਾਣੀ ਸਭ ਨੂੰ ਯਾਦ ਹੋਏਗੀ। ਚਿੜੀ ਨੇ ਬੇਈਮਾਨੀ ਕੀਤੀ ਤੇ ਕਾਂ ਦੇ ਹਿੱਸੇ ਦੀ ਖਿਚੜੀ ਵੀ ਆਪ ਖਾ ਲਈ ਸੀ।...ਤੇ ਪੰਛੀਆਂ ਦੀ ਪੰਚਾਇਤ ਨੇ ਚਿੜੀ ਨੂੰ ਸਖ਼ਤ ਸਜ਼ਾ ਵੀ ਦਿੱਤੀ ਸੀ। ਮੁੜ ਕਾਂ ਤੇ ਚਿੜੀ ਦੀ ਬਹੁਤੀ ਨਹੀਂ ਸੀ ਬਣਦੀ। ਕਾਂ ਦੇ ਮਨ ਵਿੱਚ ਚਿੜੀ ਦੀ ਬੇਈਮਾਨੀ ਦਾ ਗੁੱਸਾ ਸੀ। ਵੈਸੇ ਤਾਂ ਕਾਂ ਚਲਾਕ ਪੰਛੀ ਮੰਨਿਆ ਜਾਂਦਾ ਹੈ ਤੇ ਚਿੜੀ ਨੂੰ ਭੋਲੀ, ਪਰ ਉਸ ਇੱਕ ਗ਼ਲਤੀ ਨੇ ਚਿੜੀ ਦਾ ਅਕਸ ਖ਼ਰਾਬ ਕਰ ਦਿੱਤਾ ਸੀ।

ਹੁਣ ਉਸ ਗੱਲ ਨੂੰ ਹੋਇਆਂ ਬੜੇ ਸਾਲ ਹੋ ਗਏ ਹਨ। ਅਗਲੀਆਂ ਪੀੜ੍ਹੀਆਂ ਆ ਚੁੱਕੀਆਂ ਸਨ, ਪਰ ਆਪਣੀ ਵਡੇਰੀ ਚਿੜੀ ਦੀ ਕੀਤੀ ਗ਼ਲਤੀ ਦਾ ਮਿਹਣਾ ਚਿੜੀ ਬਰਾਦਰੀ ਨੂੰ ਅਜੇ ਵੀ ਸੁਣਨਾ ਪੈਂਦਾ ਸੀ। ਚਿੜੀਆਂ ਵਿੱਚ ਇੱਕ ਚਿੜੀ ਸੀ ਚਿੜੀ ਬਾਨੋ। ਛੋਟੀ ਜਿਹੀ ਉਮਰ ਦੀ, ਪਰ ਬੜੀ ਸਿਆਣੀ। ਸਮਝਦਾਰ ਤੇ ਮਿਲਾਪੜੀ।

ਉਸ ਨੇ ਮਿੱਥਿਆ ਹੋਇਆ ਸੀ ਕਿ ਉਹ ਆਪਣੀ ਬਰਾਦਰੀ ਦੇ ਮੱਥੇ ਲੱਗੀ ਇਸ ਕਾਲਖ ਨੂੰ ਜ਼ਰੂਰ ਧੋਏਗੀ। ਮੌਕਾ ਆਉਣ 'ਤੇ ਉਹ ਸਾਬਤ ਕਰ ਦੇਵੇਗੀ ਕਿ ਸਭ ਚਿੜੀਆਂ ਬੇਈਮਾਨ ਨਹੀਂ ਹੁੰਦੀਆਂ। ਬਰਸਾਤਾਂ ਦੀ ਰੁੱਤ ਹੋਣ ਕਾਰਨ ਪਿਛਲੇ ਕਈ ਦਿਨਾਂ ਤੋਂ ਬਾਰਸ਼ ਹੋ ਰਹੀ ਸੀ। ਕਿਤੇ ਘੜੀ ਪਲ ਮੀਂਹ ਰੁਕਦਾ, ਪਰ ਅਗਲੇ ਪਲ ਫੇਰ ਸ਼ੁਰੂ ਹੋ ਜਾਂਦਾ। ਪੰਛੀਆਂ ਨੂੰ ਭੋਜਨ ਨਹੀਂ ਸੀ ਮਿਲ ਰਿਹਾ। ਜਿਨ੍ਹਾਂ ਕੋਲ ਅਨਾਜ ਜਮ੍ਹਾਂ ਸੀ ਉਹ ਤਾਂ ਆਲ੍ਹਣਿਆਂ ਵਿੱਚ ਆਰਾਮ ਨਾਲ ਬੈਠੇ ਸਨ। ਜਿਹੜੇ ਆਲਸੀ ਬਰਸਾਤਾਂ ਆਉਣ ਤੋਂ ਪਹਿਲਾਂ ਅਨਾਜ ਜਮ੍ਹਾਂ ਕਰਨ ਦੀ ਮਿਹਨਤ ਨਹੀਂ ਸਨ ਕਰ ਸਕੇ, ਉਹ ਪਰੇਸ਼ਾਨ ਸਨ।

ਚਿੜੀ ਬਾਨੋ ਤਾਂ ਸਿਆਣੀ ਚਿੜੀ ਸੀ। ਉਹ ਹਰ ਵਾਰ ਬਰਸਾਤਾਂ ਤੋਂ ਪਹਿਲਾਂ ਵਰਤੋਂ ਜੋਗਾ ਅਨਾਜ ਜਮ੍ਹਾਂ ਕਰ ਲੈਂਦੀ ਸੀ। ਸਗੋਂ ਉਹ ਤਾਂ ਹੋਰਾਂ ਦੀ ਵੀ ਮਦਦ ਕਰਦੀ। ਕਿਸੇ ਨੂੰ ਜ਼ਰੂਰਤ ਹੁੰਦੀ ਤਾਂ ਆਪਣੇ ਅਨਾਜ ਵਿੱਚੋਂ ਅਨਾਜ ਦੇ ਦਿੰਦੀ, ਪਰ ਇਸ ਵਾਰ ਬਰਸਾਤ ਦੀ ਰੁੱਤ ਤੋਂ ਪਹਿਲਾਂ ਉਸ ਨੂੰ ਕਿਸੇ ਜ਼ਰੂਰੀ ਕੰਮ ਲਈ ਕਿਤੇ ਬਾਹਰ ਜਾਣਾ ਪਿਆ ਸੀ। ਇਸ ਲਈ ਉਹ ਅਨਾਜ ਜਮ੍ਹਾਂ ਨਹੀਂ ਸੀ ਕਰ ਸਕੀ। ਹੁਣ ਉਸ ਨੂੰ ਔਖ ਤਾਂ ਬਹੁਤ ਸੀ, ਪਰ ਉਹ ਇਸ ਮੁਸੀਬਤ ਨੂੰ ਹੱਸ ਕੇ ਟਾਲ ਰਹੀ ਸੀ। ਜ਼ਰਾ ਬਾਰਸ਼ ਰੁਕਦੀ ਤਾਂ ਉਹ ਭੋਜਨ ਦੀ ਭਾਲ ਵਿੱਚ ਉਡਾਰੀ ਮਾਰ ਜਾਂਦੀ। ਦੂਰ-ਦੂਰ ਤੀਕ ਜਾ ਕੇ ਜੋ ਵੀ ਉਸ ਦੇ ਹੱਥ ਆਉਂਦਾ,ਲੱਭ ਲਿਆਉਂਦੀ। ਇਸ ਮੁਸੀਬਤ ਦੇ ਵੇਲੇ ਵੀ ਉਹ ਹੱਸ ਰਹੀ ਸੀ। ਉਹ ਇਸ ਔਖੀ ਘੜੀ ਨੂੰ ਕੁਦਰਤ ਦਾ ਭਾਣਾ ਮੰਨ ਕੇ ਲੰਘਾ ਰਹੀ ਸੀ।

ਇੱਕ ਰੋਜ਼ ਜਦੋਂ ਚਿੜੀ ਬਾਨੋ ਜੰਗਲ ਵਿੱਚ ਵਾਪਸ ਆ ਰਹੀ ਸੀ ਤਾਂ ਉਸ ਦਿਨ ਵੀ ਅੰਤਾਂ ਦਾ ਮੀਂਹ ਪਿਆ ਸੀ। ਮੀਂਹ ਹਟੇ ਤੋਂ ਸਭ ਪੰਛੀ ਆਲ੍ਹਣਿਆਂ ਤੋਂ ਬਾਹਰ ਆ ਗਏ ਸਨ। ਆਪਣੇ-ਆਪਣੇ ਕੰਮ ਧੰਦਿਆਂ ਲਈ ਉਹ ਇੱਧਰ -ਉੱਧਰ ਚਲੇ ਗਏ ਸਨ। ਜੰਗਲ ਦੇ ਚੜ੍ਹਦੇ ਪਾਸਿਓਂ ਉਹ ਜੰਗਲ ਵਿੱਚ ਦਾਖਲ ਹੋਈ। ਉਸ ਨੇ ਦੇਖਿਆ ਕਿ ਜੰਗਲ ਦੇ ਸ਼ੁਰੂ ਵਿੱਚ ਜਿੱਥੇ ਕੁ ਕਾਂਵਾਂ ਦੇ ਆਲ੍ਹਣੇ ਸਨ, ਉੱਥੇ ਜੰਗਲ ਦੇ ਦੂਜੇ ਪਾਸੇ ਵਾਲੀਆਂ ਦੋ-ਤਿੰਨ ਗੁਟਾਰਾਂ ਖੜ੍ਹੀਆਂ ਸਨ। ਗੁਟਾਰਾਂ ਨੇ ਛਿੱਬੂ ਕਾਂ ਦਾ ਆਲ੍ਹਣਾ ਘੇਰਿਆ ਹੋਇਆ ਸੀ। ਚਿੜੀ ਬਾਨੋ ਥੋੜ੍ਹਾ ਹੈਰਾਨ ਹੋਈ ਤੇ ਉਹ ਵੀ ਛਿੱਬੂ ਦੇ ਆਲ੍ਹਣੇ ਵੱਲ ਨੂੰ ਉਡਾਰੀ ਮਾਰ ਗਈ। ਉਹ ਜਾ ਕੇ ਦੇਖਦੀ ਹੈ ਕਿ ਗੁਟਾਰਾਂ ਛਿੱਬੂ ਦੇ ਆਲ੍ਹਣੇ ਵਿੱਚੋਂ ਅਨਾਜ ਚੋਰੀ ਕਰ ਰਹੀਆਂ ਸਨ। ਛਿੱਬੂ ਦੇ ਛੋਟੇ-ਛੋਟੇ ਬੱਚੇ ਸਨ, ਇਸ ਲਈ ਉਸ ਨੇ ਢੇਰ ਸਾਰਾ ਅਨਾਜ ਜਮ੍ਹਾਂ ਕੀਤਾ ਹੋਇਆ ਸੀ।

"ਇਹ ਤੁਸੀਂ ਕੀ ਕਰ ਰਹੀਆਂ ਹੋ?" ਚਿੜੀ ਬਾਨੋ ਨੇ ਬੜੀ ਰੋਹਬਦਾਰ ਆਵਾਜ਼ ਵਿੱਚ ਪੁੱਛਿਆ।

ਤਿੰਨੋਂ ਗੁਟਾਰਾਂ ਇਕਦਮ ਤਾਂ ਡਰ ਗਈਆਂ, ਪਰ ਫਿਰ ਉਨ੍ਹਾਂ ਨੇ ਸੰਭਲਦੇ ਹੋਏ ਜੁਗਤ ਵਰਤੀ।

"ਦੇਖ ਚਿੜੀ ਬਾਨੋ ਨਾ ਤਾਂ ਇਹ ਕਾਂਵਾਂ ਦਾ ਟੱਬਰ ਤੁਹਾਨੂੰ ਚੰਗਾ ਸਮਝਦਾ ਹੈ ਤੇ ਨਾ ਹੀ ਤੇਰੇ ਘਰ ਅਨਾਜ ਹੈ। ਛਿੱਬੂ ਨੂੰ ਸਬਕ ਸਿਖਾਉਣ ਦਾ ਮੌਕਾ ਵੀ ਇਹੀ ਹੈ ਤੇ ਅਨਾਜ ਦੀ ਭਾਲ ਮੁਕਾਉਣ ਦਾ ਜ਼ਰੀਆ ਵੀ। ਤੂੰ ਸਾਡੇ ਨਾਲ ਮਿਲ ਜਾ ਅੱਧ ਤੈਨੂੰ ਦੇ ਦਿਆਂਗੇ।"

ਕੁਝ ਪਲ ਲਈ ਚਿੜੀ ਬਾਨੋ ਕੁਝ ਸੋਚਣ ਲੱਗੀ।

"ਮੈਂ ਛਿੱਬੂ ਨੂੰ ਕਾਹਦਾ ਸਬਕ ਸਿਖਾਉਣਾ? ਉਹਦੇ ਨਿੱਕੇ-ਨਿੱਕੇ ਬੱਚੇ ਨੇ। ਉਨ੍ਹਾਂ ਦੇ ਮੂੰਹ ਵਿੱਚੋਂ ਅਨਾਜ ਖੋਹ ਕੇ ਮੈਂ ਆਪਣਾ ਘਰ ਨਹੀਂ ਭਰ ਸਕਦੀ।"

ਚਿੜੀ ਬਾਨੋ ਤਾਂ ਰੌਂਅ ਦੇਖ ਕੇ ਗੁਟਾਰਾਂ ਸਮਝ ਗਈਆਂ ਕਿ ਉਨ੍ਹਾਂ ਦੀ ਦਾਲ ਨਹੀਂ ਗਲਣੀ। ਫਿਰ ਵੀ ਉਹ ਜੋ ਧਾਰ ਕੇ ਆਈਆਂ ਸਨ, ਉਸ ਨੂੰ ਹਰ ਹੀਲੇ ਪੂਰਾ ਕਰਨਾ ਚਾਹੁੰਦੀਆਂ ਸਨ।

"ਚਿੜੀ ਬਾਨੋ! ਸਾਡੇ ਕੋਲ ਦਾਣਾ ਵੀ ਅਨਾਜ ਦਾ ਨਹੀਂ ਹੈ। ਤੂੰ ਸਾਡਾ ਸਾਥ ਨਹੀਂ ਦੇਣਾ ਤਾਂ ਕੋਈ ਨਾ ਸਾਨੂੰ ਸਾਡਾ ਕੰਮ ਕਰ ਲੈਣ ਦੇ।"ਉਹ ਸੋਚਦੀਆਂ ਸਨ ਕਿ ਇਨ੍ਹਾਂ ਵਿਚਕਾਰ ਕਈ ਪੀੜ੍ਹੀਆਂ ਦਾ ਵੈਰ ਹੈ। ਇਸ ਲਈ ਚਿੜੀ ਬਾਨੋ ਜ਼ਰੂਰ ਛਿੱਬੂ ਨਾਲ ਖਾਰ ਖਾਂਦੀ ਹੋਵੇਗੀ।



"ਮੈਂ ਨਾ ਤਾਂ ਇਸ ਚੋਰੀ ਦਾ ਹਿੱਸਾ ਬਣਾਂਗੀ ਤੇ ਨਾ ਹੀ ਤੁਹਾਨੂੰ ਇਹ ਚੋਰੀ ਕਰਨ ਦਿਆਂਗੀ।" ਚਿੜੀ ਬਾਨੋ ਨੇ ਪਲਾਂ ਵਿੱਚ ਰੌਲਾ ਪਾ ਕੇ ਛਿੱਬੂ ਦੇ ਗੁਆਂਢੀ ਕਾਂਵਾਂ ਨੂੰ ਇਕੱਠਾ ਕਰ ਲਿਆ। ਉਨ੍ਹਾਂ ਦੇ ਗੁਟਾਰਾਂ ਕਾਬੂ ਆ ਗਈਆਂ। ਕੋਈ ਜਣਾ ਛਿੱਬੂ ਨੂੰ ਵੀ ਸੱਦ ਲਿਆਇਆ। ਚੋਰ ਗੁਟਾਰਾਂ ਨੂੰ ਪੰਛੀਆਂ ਦੇ ਕੈਦ ਖਾਨੇ ਵਿੱਚ ਭੇਜ ਦਿੱਤਾ ਗਿਆ। ਛਿੱਬੂ ਨੇ ਚਿੜੀ ਬਾਨੋ ਦਾ ਧੰਨਵਾਦ ਕੀਤਾ। ਜੇਕਰ ਚਿੜੀ ਬਾਨੋ ਚੋਰ ਗੁਟਾਰਾਂ ਨੂੰ ਨਾ ਫੜਾਉਂਦੀ ਤਾਂ ਛਿੱਬੂ ਦੇ ਬੱਚਿਆਂ ਜੋਗਾ ਦਾਣਾ ਵੀ ਅਨਾਜ ਦਾ ਨਹੀਂ ਸੀ ਬਚਣਾ। ਬੇਸ਼ੱਕ ਚਿੜੀ ਬਾਨੋ ਦੇ ਆਪਣੇ ਘਰ ਅਨਾਜ ਦਾ ਇੱਕ ਦਾਣਾ ਵੀ ਨਹੀਂ ਸੀ, ਪਰ ਉਹ ਮਿਹਨਤ ਵਿੱਚ ਯਕੀਨ ਰੱਖਦੀ ਸੀ। ਆਪਣੀ ਇਮਾਨਦਾਰੀ ਅੱਜ ਉਸ ਨੇ ਸਾਬਤ ਕਰ ਦਿੱਤੀ ਸੀ। ਇਸ 'ਤੇ ਛਿੱਬੂ ਬਹੁਤ ਖੁਸ਼ ਹੋਇਆ।

# ਮੇਰੀ ਕਲਮ

## ਜੇ ਅੱਥਰੂ ਬਣ ਹੀ ਗਿਆ ਏਂ

ਡਾ. ਅਮਰਜੀਤ ਟਾਂਡਾ



ਜੇ ਅੱਥਰੂ ਬਣ ਹੀ ਗਿਆ ਏਂ
ਲਿਪਟਿਆ ਰਹਿ
ਓਹਦੀਆਂ ਪਲਕਾਂ 'ਤੇ
ਕਿਰੀਂ ਨਾ ਮਰਨ ਲਈ

ਤਾਰਾ ਬਣੀਂ
ਜਿਸ ਦਿਨ ਟੁੱਟਣਾ ਹੋਇਆ
ਹਿੱਕ 'ਤੇ ਡਿੱਗੀਂ ਜ਼ਾਲਮ ਦੀ

ਸੂਰਜ ਬਣਿਆ ਏਂ
ਤਾਂ ਝੌਂਪੜੀਆਂ 'ਚ ਜਾ ਕੇ ਵੀ
ਜਗਣ ਜੋਗਾ ਹੋਵੇਂ
ਰਿਸ਼ਮ ਹੋਈ
ਤਾਂ ਗੋਰੇ ਪੱਬਾਂ ਦੇ ਰਾਹਾਂ 'ਚ ਵਿਛੀਂ
ਜਾਂ ਬੇੜੀਆਂ 'ਚ ਜਕੜੇ ਪੈਰਾਂ ਦੀ ਛੂਹ ਬਣੀ

ਪਵਨ ਬਣਨ ਦੀ ਚਾਹਤ ਹੋਈ
ਤਾਂ ਓਹਦਾ ਬਲਦਾ ਪਿੰਡਾ
ਰੀਝਾਂ ਵਾਲਾ ਪਹਿਲਾਂ ਠਾਰੀਂ
ਤਪਦੀ ਧਰਤ ਨੂੰ ਜ਼ਰਾ ਠੰਢਾ ਕਰੀਂ
ਬਲਦੀਆ ਰੀਝਾਂ ਤੇ ਰਿਮਝਿਮ ਬਣ ਬਰਸੀਂ

ਦਰਿਆ ਬਣ ਮਚਲਿਆ
ਤਾਂ ਸੁੱਕੀਆਂ ਫਸਲਾਂ ਪਛਾਣੀਂ ਪਹਿਲਾਂ

ਸੁਪਨਾ ਬਣ ਜੇ ਉੱਤਰਨ ਦੀ ਰੀਝ ਹੋਈ
ਤਾਂ ਕਿਸੇ ਉਡੀਕ 'ਚ ਬੈਠੀ
ਨੰਨੇ ਬੱਚੇ ਦੀ ਅੱਖ 'ਚ ਜਗੀਂ

ਜੰਗ ਦੀ ਸੱਧਰ ਹੋਈ
ਤਾਂ ਕਿਸੇ ਜ਼ੁਲਮੀ ਹੱਥਾਂ ਨਾਲ ਦੋ ਹੱਥ ਕਰੀਂ

## ਇੱਕ ਮੁਹੱਬਤ ਦੇ ਬਾਦ

ਸਿਮਰਤ ਗਗਨ



ਇੱਕ ਅਰਸੇ ਦੇ ਬਾਦ ਜਾਂ
ਇਕ ਮੁਹੱਬਤ ਦੇ ਬਾਦ...
ਬਸ, ਇਹ ਇੱਕ ਮੁੱਦਤ ਹੈ
ਆਪਣੇ ਹੁੱਜਰੇ 'ਚ ਸਾਂ...
ਇਹ ਨਜ਼ਮਾਂ
ਹੁੱਜਰੇ ਦੇ ਹੌਕੇ ਨੇ...
ਇਕ ਅੰਤਰਾਲ ਬਾਦ
ਨਜ਼ਮਾਂ ਦੇ ਪੰਛੀ
ਹੱਥੋਂ ਫੜਫੜਾ ਕੇ
ਉੱਡ ਗਏ ਨੇ...
ਮੇਰੀ ਮਿੱਟੀ ਦੇ ਬਨੇਰੇ 'ਤੇ
ਚਰਾਗ਼ ਧਰ ਗਏ ਨੇ

## ਜਿਹੜੇ ਬੰਦੇ ਦੇ ਵਲ ਝਾਕਾਂ

ਅਖ਼ਤਰ ਕਾਸ਼ਮੀਰੀ

ਜਿਹੜੇ ਬੰਦੇ ਦੇ ਵਲ ਝਾਕਾਂ, ਲੱਗੇ ਖੋਇਆ ਖੋਇਆ ।
ਜਿਹੜਾ ਮੂੰਹ ਬੁੱਕਲ 'ਚੋਂ ਕੱਢੇ, ਜਾਪੇ ਰੋਇਆ ਰੋਇਆ ।
ਖ਼ੌਰੇ ਕਿਹੜਾ ਖ਼ੌਫ਼ ਹੈ ਤਾਰੀ ? ਸਹਿਮੇਂ ਸਹਿਮੇਂ ਬੰਦੇ,
ਇਸ ਬਸਤੀ ਦਾ ਇੱਕ ਇੱਕ ਬੂਹਾ, ਦਿੱਸੇ ਢੋਇਆ ਢੋਇਆ ।
ਇੰਝ ਲਗਦਾ ਹੈ ਜਿਉਂ ਧਰਤੀ 'ਤੇ, ਪੱਥਰ ਬਰਸੇ ਹੋਵਣ,
ਪੱਧਰ ਥਾਵਾਂ ਕਿਤੇ ਨਾ ਲੱਭਣ, ਜਾਪੇ ਟੋਇਆ ਟੋਇਆ ।
ਅਪਣੇ ਮੋਢਿਆਂ ਉੱਤੇ ਬੰਦਾ, ਅਪਣੀ ਲਾਸ਼ ਧਰੀਕੇ,
ਉਂਜ ਤੇ ਟੁਰਦਾ ਫਿਰਦਾ ਲੱਗੇ, ਪਰ ਹੈ ਮੋਇਆ ਮੋਇਆ ।
ਕਿੱਥੋਂ ਤੀਕ ਕਰੋਗੇ ਘੋਟੇ, ਵਣਜ ਵਪਾਰੀ ਲੋਕੋ,
ਕਫ਼ਨ ਨਵੇਂ ਦੇ ਮੁੱਲ ਜੋ ਦਿੱਤਾ, ਲੱਗੇ ਧੋਇਆ ਧੋਇਆ ।
ਰਸਮਾਂ ਦੇ ਇਸ ਨਗਰ ਦੇ ਅੰਦਰ, 'ਅਖ਼ਤਰ' ਅਪਣੀ ਪੂੰਜੀ,
ਲੁੱਟੀ ਗਈ ਇੱਕ ਪਲ ਦੇ ਅੰਦਰ, ਜੋੜੀ ਢੋਇਆ ਢੋਇਆ ।

## ਗੋਰੇ ਨੈਣਾਂ ਮਰ ਜਾਣਿਆਂ ਨੇ

ਗੁਰਮੀਤ ਕੌਰ ਸੰਧਾ

ਗੋਰੇ ਨੈਣਾਂ ਮਰ ਜਾਣਿਆਂ ਨੇ ਨੀਰ ਹੌਲੀ ਹੌਲੀ ।
ਧੋਤੀ ਜਾਣ ਲੱਗੀ ਤੇਰੀ ਤਸਵੀਰ ਹੌਲੀ ਹੌਲੀ ।

ਹਾਸੇ ਭਾਣੇ ਤੇਰੀ ਗੱਲ ਦਾ ਹੁੰਗਾਰਾ ਭਰ ਬੈਠੇ ,
ਫਿਰ ਹੋ ਗਿਆ ਉਹ ਮਸਲਾ ਗੰਭੀਰ ਹੌਲੀ ਹੌਲੀ ।

ਪਹਿਲਾਂ ਆਉਂਦੇ ਸੀ ਗੁਲਾਬ ਦੀ ਸੁਗੰਧ ਜਹੇ ਸੁਨੇਹੇ ,
ਫੇਰ ਔਣ ਲੱਗੇ ਤਾਹਨਿਆਂ ਦੇ ਤੀਰ ਹੌਲੀ ਹੌਲੀ ।

ਜਿਹੜੇ ਸਾਹਾਂ ਤੋਂ ਪਿਆਰੇ ਸੀ ਉਹ ਹੋ ਗਏ ਪਰਾਏ ,
ਇੰਜ ਕਹਿਰਵਾਨ ਹੋਈ ਤਕਦੀਰ ਹੌਲੀ ਹੌਲੀ ।

ਚੋਰੀ ਹੋ ਗਏ ਮੁਹੱਬਤਾਂ ਦੇ ਗੁੱਡੀਆਂ ਪਟੋਲੇ ,
ਬਾਕੀ ਰਹਿ ਗਈ ਭੁਲੇਖਿਆਂ ਦੀ ਲੀਰ ਹੌਲੀ ਹੌਲੀ ।

ਜਿਹੜੇ ਖ਼ਤ ਉਹਨੂੰ ਪਾਏ ਸੀ ਬਰੰਗ ਮੁੜ ਆਏ ,
ਜਿਵੇਂ ਦਰੋਂ ਖਾਲੀ ਮੁੜਦੈ ਫ਼ਕੀਰ ਹੌਲੀ ਹੌਲੀ ।

ਸਾਡੀ ਤਾਂਘ ਦੇ ਬੰਬੀਹੇ ਜਦੋਂ ਰਹਿਣਗੇ ਪਿਆਸੇ,
ਆਪੇ ਮਰ ਮੁੱਕ ਜਾਣਗੇ ਅਖੀਰ ਹੌਲੀ ਹੌਲੀ ।

ਜਿਹੜੇ ਅੱਲਾ ਨੇ ਮਿਲਾਇਆ ਤੇਰਾ ਸਾਡੜਾ ਸੰਯੋਗ ,
ਓਸੇ ਮੇਟ ਤੀ ਮਿਲਾਪ ਦੀ ਲਕੀਰ ਹੌਲੀ ਹੌਲੀ ।

ਸੋਹਲ ਖ਼ਾਬਾਂ ਦਿਆਂ ਪੋਟਿਆਂ 'ਚੋ ਚਿਰਾਂ ਦੇ ਪੜੁੱਛੇ ,
ਤੇਰੀ ਬੇਰੁਖ਼ੀ ਦੇ ਕੱਢਾਂਗੇ ਕਸੀਰ ਹੌਲੀ ਹੌਲੀ ।

## ਇਕਰਾਰਾਂ ਵਾਲੀ ਰਾਤ

ਅੰਮ੍ਰਿਤਾ ਪ੍ਰੀਤਮ

ਕੌਲਾਂ ਭਰੀ ਸਵੇਰ ਹੈ ਮੇਰੀ
ਰਾਤ ਮੇਰੀ ਇਕਰਾਰਾਂ ਵਾਲੀ,
ਮੈ ਹਾਂ, ਵਾਜ ਮੇਰੀ ਧਰਤੀ ਦੀ
ਇਹ ਧਰਤੀ ਦੀ ਬਾਤ।
ਮੇਰੀ-ਇਕਰਾਰਾਂ ਵਾਲੀ ਰਾਤ।
ਹਰ ਪੱਤਰ ਦੀ ਮਹਿਕ ਅੰਦਰੋਂ
ਮਹਿਕ ਮੇਰੇ ਸਾਹਵਾਂ ਦੀ ਆਵੇ,
ਹਰ ਸਿੱਟੇ ਦੀਆਂ ਅੱਖਾਂ 'ਚੋਂ
ਮੇਰੇ ਅੰਗ ਪਾਂਦੇ ਨੇ ਝਾਤ ।
ਮੇਰੀ-ਇਕਰਾਰਾਂ ਵਾਲੀ ਰਾਤ।

ਵਰ੍ਹਿਆਂ ਬੱਧੀ ਜ਼ੁਰੀਂ ਬੀਜੇ
ਵਰ੍ਹਿਆਂ ਬੱਧੀ ਜਬਰੀ ਹਿੱਕੇ
ਬਹੁਤ ਹੋ ਗਿਆਂ ਹੋ ਨਹੀਂ ਸਕਦਾ
ਮੇਰੇ ਅੰਨ ਦਾ ਘਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਅੱਖੀਆਂ ਵਿੱਚੋਂ ਅੱਥਰੂ ਛੰਡੇ
ਹੋਠਾਂ ਨਾਲੋਂ ਮਿੰਨਤ ਝਾੜੀ,
ਆਪੇ ਦਾਰੂ ਆਪੇ ਦਰਮਲ
ਆਪੇ ਪੁੱਛੀ ਵਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਹੱਸ ਪਈ ਮੇਰੀ ਹਾੜੀ ਸੌਣੀ
ਹੱਸ ਪਏ ਮੇਰੇ ਸਾਲ ਮਹੀਨੇ,
ਹੱਸੀਆਂ ਲੂਆਂ, ਹੱਸੇ ਪਾਲੇ
ਹੱਸ ਪਈ ਬਰਸਾਤ ।
ਮੇਰੀ- ਇਕਰਾਰਾਂ ਵਾਲੀ ਰਾਤ ।

ਇਹ ਧਰਤੀ ਮੈ ਆਪੇ ਗੋਡੀ,
ਇਹ ਕਣਕਾਂ ਮੈ ਆਪੇ ਛੰਡੀਆਂ,
ਇਹ ਰੋਟੀ ਅੱਜ ਮੇਰੀ ਹੋਈ
ਮੇਰਾ ਹੋ ਗਿਆ ਭਾਤ
ਮੇਰੀ-ਇਕਰਾਰਾਂ ਵਾਲੀ ਰਾਤ ।

ਇਹ ਧਰਤੀ ਅਜ ਲੋਕਾਂ ਜੋਗੀ
ਇਹ ਲੋਕੀ ਅਜ ਧਰਤੀ ਜੋਗੇ,
ਭਰ ਕੇ ਚਾੜ੍ਹ ਹਾਂਡੀਆਂ ਕੁੜੀਏ !
ਭਰ ਕੇ ਗੁੰਨ੍ਹ ਪਰਾਤ !
ਮੇਰੀ-ਇਕਰਾਰਾਂ ਵਾਲੀ ਰਾਤ ।

## ਸਾਗਰ ਤੇ ਕਣੀਆਂ

ਸ਼ਿਵ ਕੁਮਾਰ ਬਟਾਲਵੀ

ਜਾ ਕੇ ਤੇ ਇਹ ਜੁਆਨੀ
ਮੁੜ ਕੇ ਕਦੀ ਨਾ ਆਉਂਦੀ।
ਸਾਗਰ 'ਚ ਬੂੰਦ ਰਲ ਕੇ
ਮੁੜ ਸ਼ਕਲ ਨਾ ਵਿਖਾਉਂਦੀ।

ਇਕ ਦੋ ਘੜੀ ਦੀ ਮਿਲਣੀ
ਕਿਸੇ ਅਜ਼ਲ ਤੋਂ ਲੰਮੇਂ,
ਹਰ ਆਹ ਫ਼ਲਸਫ਼ੇ ਦਾ
ਕੋਈ ਗੀਤ ਗੁਣਗੁਣਾਉਂਦੀ।

ਜ਼ਿੰਦਗੀ ਦੇ ਮੇਲ ਹਰਦਮ
ਆਸਾਂ ਤੇ ਰਹਿਣ ਨੱਚਦੇ,
ਆਵੇ ਨਿਗਾਹ ਤੋਂ ਛੋਹਲੀ
ਪਈ ਮੌਤ ਮੁਸਕਰਾਉਂਦੀ।

ਸਾਹਾਂ ਦੀ ਰਾਸ ਲੁੱਟ ਲਈ
ਮਹਿਰਮ ਦੇ ਲਾਰਿਆਂ ਨੇ,
ਗੰਗਾ ਵੀ ਚਾਤ੍ਰਿਕ ਦੀ
ਨਹੀਂ ਪਿਆਸ ਹੈ ਬੁਝਾਉਂਦੀ।

ਰੱਬ ਨਾਂ ਇਸ਼ਕ ਦਾ ਸੁਣਿਐ
ਕਹਿੰਦੇ ਨੇ ਇਸ਼ਕ ਰੱਬ ਹੈ,
ਕਿਉਂ ਜੱਗ ਇਸ਼ਕ ਦਾ ਵੈਰੀ
ਹੈ ਸੋਚ ਵੈਣ ਪਾਉਂਦੀ ।

## ਘੋਤੇ ਨੂੰ ਲੂਣ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਲੂਣ ਕਦੀ ਘੋਤੇ ਨੂੰ ਜੇ, ਕੰਨ ਫੜ ਦੇਣ ਲੱਗੋਂ,
ਸ਼ਿਕਾਇਤਾਂ ਵਾਲਾ ਗੀਤ ਉਹ, ਹੀਂਗ ਹੀਂਗ ਗਾਂਵਦਾ।
ਕਦਰ ਨਾ ਪਾਵੇ ਕਦੀ, ਕੀਤੀ ਹੋਈ ਨੇਕੀ ਦੀ ਉਹ,
ਮਾਰ ਮਾਰ ਟੀਟਣੇ, ਉਹ ਦੂਰ ਭੱਜ ਜਾਂਵਦਾ।
ਘੇਰ ਘੇਰ ਸਿੱਧਾ ਉਹਨੂੰ, ਤੋਰਨ ਦੀ ਕਰੋ ਕੋਸ਼ਿਸ਼,
ਮੰਨੇ ਨਾ ਉਹ ਕਹਿਣਾ, ਢੀਠ ਦੁਲੱਤੀਆਂ ਲਗਾਂਵਦਾ।
ਬਹਾਨੇ ਤੇ ਬਹਾਨਾ ਵਿੰਗੇ, ਟੇਢੇ ਢੰਗ ਲੱਭ ਕੇ ਤੇ,
ਭਾਰ ਢੋਣ ਕੋਲੋਂ ਕੰਨੀ, ਰੋਜ਼ ਕਤਰਾਂਵਦਾ।
ਮੋੜੋ ਜਿੰਨਾ ਮਰਜ਼ੀ, ਵਰਜਿਤ ਥਾਵਾਂ ਕੋਲੋਂ,
ਮੁੜ ਘਿੜ ਫੇਰ, ਘੋਤਾ ਬੋਹੜ ਥੱਲੇ ਆਂਵਦਾ।
ਆਪ ਭਾਵੇਂ ਪੈਂਡਾ, ਹਰ ਰੋਜ਼ ਕਰੇ ਵੀਹ ਕੋਹ ਦਾ,
ਪਰ ਮਾਲਕ ਦੀ ਗੇੜੀ, ਤੀਹ ਕੋਹ ਦੀ ਲਵਾਂਵਦਾ।
ਏਸੇ ਤਰ੍ਹਾਂ ਖ਼ਰ ਦੇ, ਦਿਮਾਗ ਵਾਲਾ ਬੰਦਾ ਵੀ ਤਾਂ,
ਅਕਲ ਦੀ ਗੱਲ ਬਹੁਤ, ਘੱਟ ਪੱਲੇ ਪਾਂਵਦਾ।
ਕੋਸ਼ਿਸ਼ਾਂ ਲੱਖ ਭਾਵੇਂ, ਕਰੋ ਸਮਝਾਉਣ ਦੀਆਂ,
ਮੈਂ ਨਾ ਮਾਨੂੰ ਵਾਲੀ ਰਟ, ਨਿੱਤ ਹੀ ਲਗਾਂਵਦਾ।
ਵਾਹ ਐਸੇ ਜੀਵਾਂ ਨਾਲ, ਪਾਉਣਾ ਬੜਾ ਮਹਿੰਗਾ ਪੈਂਦਾ,
ਸ਼ਰੀਫ਼ ਬੰਦਾ ਆਪਣੀ ਹੀ, ਪੱਗ ਹੈ ਲਹਾਂਵਦਾ।
ਬਚਾਈਂ ਰੱਬਾ ਐਸੀਆਂ, ਰੂਹਾਂ ਕੋਲੋਂ ਮੈਨੂੰ ਵੀ ਤੂੰ,
ਵਾਸਤਾ ਮੈਂ ਤੈਨੂੰ ਅਪਣੀ, ਜਾਨ ਦਾ ਹਾਂ ਪਾਂਵਦਾ।

## ਬੋਲ ਪੰਜਾਬੀ

ਡਾ: ਸਤਿੰਦਰਜੀਤ ਕੌਰ



ਲੋਕੋ ਵੇ ! ਕਿਉ ਭੁੱਲਦੇ ਜਾਉ ਪੰਜਾਬੀ ?
ਲੋਕੋ ਵੇ ! ਕਿਉਂ ਛੱਡਦੇ ਜਾਉ ਪੰਜਾਬੀ ?
ਤੁਸੀ ਪੰਜਾਬੀ ਤੁਹਾਡੀ ਕੁਲ ਪੰਜਾਬੀ।
ਆਉਣ ਵਾਲੀ ਤਾਰੀਖ਼ ਹੈ ਪੰਜਾਬੀ।
ਲੋਕੋ ਵੇ ! ਕਿਉ ਭੁੱਲਦੇ ਜਾਉ ਪੰਜਾਬੀ ?
ਕੱਖਾਂ ਵਾਂਗ ਨਾ ਰੋਲੋ ਇਸ ਨੂੰ।
ਗੈਰਤ ਮੰਦੋ ਤੁਸੀ ਬੋਲੋ ਪੰਜਾਬੀ।
ਲੋਕੋ ਵੇ ! ਕਿਉਂ ਭੁੱਲਦੇ ਜਾਉ ਪੰਜਾਬੀ ?
ਦਰ-ਦਰ 'ਤੇ ਕਿਉ ਧੱਕੇ ਪਏ ਖਾਉ।
ਰੂਹ ਦੇਜਦ ਹੈ ਕੋਲ ਪੰਜਾਬੀ।
ਲੋਕੋ ਵੇ ! ਕਿਉਂ ਭੁੱਲਦੇ ਜਾਉ ਪੰਜਾਬੀ ?
ਚੜ੍ਹਦੇ-ਲਹਿੰਦੇ,ਪੂਰਬੋਂ-ਪੱਛਮ।
ਦੁਨੀਆਂ ਚੱਕਰ ਗੋਲ ਪੰਜਾਬੀ।
ਲੋਕੋ ਵੇ ! ਕਿਉਂ ਭੁੱਲਦੇ ਜਾਉ ਪੰਜਾਬੀ ?
ਮਾਂ ਬੋਲੀ ਹੈ ਸਭ ਨਾਲੋਂ ਉੱਤਮ।
ਖੋਲ੍ਹਣ ਲੇਖਕ ਪੋਲ ਪੰਜਾਬੀ।
ਲੋਕੋ ਵੇ ! ਕਿਉ ਭੁੱਲਦੇ ਜਾਉ ਪੰਜਾਬੀ ?
ਉੱਚਾ ਇਹਦਾ ਨਾਂ ਅਸੀਂ ਕਰਕੇ।
ਵਜਾਈਏ ਖ਼ੁਸ਼ੀ ਦੇ ਢੋਲ ਪੰਜਾਬੀ।
ਲੋਕੋ ਵੇ ! ਕਿਉ ਭੁੱਲਦੇ ਜਾਉ ਪੰਜਾਬੀ ?
ਸਭ ਬੋਲੀਆਂ ਹੀ ਵਧੀਆ ਭਾਵੇਂ।
ਬੁੱਟਰ ਹੈ ਅਨਮੋਲ ਪੰਜਾਬੀ
ਲੋਕੋ ਵੇ ! ਕਿਉ ਭੁੱਲਦੇ ਜਾਉ ਪੰਜਾਬੀ ?

## ਤਰਲਾ

ਅਹਿਸਾਨ ਬਾਜਵਾ

ਸੋਚ ਫ਼ਿਕਰ ਦੇ ਖੰਭ ਨਾ ਕਟੋ ਨਾ ਸੱਧਰਾਂ ਨੂੰ ਰੱਸੇ ਪਾਓ
ਆਉਣ ਸਮੇਂ ਦੀਆਂ ਲੋੜਾਂ ਦੇ ਲਈ ਰਾਹਵਾਂ ਔਖੀਆਂ ਨਾ ਬਣਾਓ
ਦਰਿਆਵਾਂ ਦੇ ਵਹਿਣ ਨਾ ਬਦਲੋ ਨਾ ਈ ਲਾਂਭੀਂ ਬੰਨ੍ਹ ਬਣਾਓ
ਬੰਦਿਆਂ ਦਾ ਦਿਲ ਵੱਡਾ ਕਾਅਬਾ ਇਹਨੂੰ ਸੱਟਾਂ ਨਾਲ਼ ਨਾ ਢਾਓ
ਸੱਚ ਨੂੰ ਪਰਖਣ ਦੇ ਵੱਲ ਆਓ ਸੱਚ ਨੂੰ ਪਰਖਣ ਵੱਲ ਆਓ
ਹਰ ਦਿਲ ਅੰਦਰ ਰਾਂਝਾ ਵਸਦਾ ਹੋਰਾਂ ਮਗਰ ਨਾ ਕੈਦੋ ਲਾਓ
ਵਗਦੇ ਵਹਿਣ ਕਦੀ ਨਾ ਡੱਕੋ ਨਾ ਹੜ੍ਹ ਮੋੜ ਲਿਆਓ
ਜਿਹੜੇ ਰਾਹ ਕੋਈ ਚੜ੍ਹਦਾ ਨਾਹੀਂ ਡੰਡੇ ਨਾਲ਼ ਨਾ ਰਾਹੇ ਪਾਓ
ਆਪਣੇ ਮਹਿਲ ਉਸਾਰਨ ਦੇ ਲਈ ਮਾੜਿਆਂ ਦੇ ਨਾ ਢਾਓ
ਜੇਕਰ ਦਾਰੂ ਦੇ ਨਹੀਂ ਸਕਦੇ ਮਾੜਿਆਂ ਦਾ ਦਿਲ ਵੀ ਨਾ ਤੋੜੋ
ਜਬਰ ਧਰੂ ਦੇ ਨਾਲ਼ ਕਦੀ ਨਾ ਵਾਗਾਂ ਕਿਸੇ ਦੀਆਂ ਵੀ ਮੋੜੋ
ਆਪਣੇ ਕੰਮ ਸਵਾਰਨ ਦੇ ਲਈ ਨਾ ਲੋਕਾਂ ਨੂੰ ਖੇਡ ਖਿਡਾਓ
ਨਾ ਸੋਚਾਂ ਨੂੰ ਜਿੰਦਰੇ ਲਾਓ ਨਾ ਸੋਚਾਂ ਜਿੰਦਰੇ ਲਾਓ
ਜੋ ਕਾਨੂੰਨ ਨਾ ਮੰਨਣ ਲੋਕੀ ਧੱਕੇ ਨਾਲ਼ ਨਾ ਮੂਲ ਮਨਾਓ
ਵੇਲੇ ਦੀ ਰਫ਼ਤਾਰ ਨੂੰ ਵੇਖੋ ਵੇਲੇ ਨਾਲ਼ ਹੀ ਕਦਮ ਵਧਾਓ
ਸਾਡੀ ਮੰਜ਼ਿਲ ਅੱਗੇ ਵੱਲ ਹੈ ਸਾਨੂੰ ਪਿੱਛੇ ਨਾ ਪਰਤਾਓ
ਸਾਡੀ ਮੰਜ਼ਿਲ ਅੱਗੇ ਵੱਲ ਹੈ ਸਾਨੂੰ ਪਿੱਛੇ ਨਾ ਪਰਤਾਓ

# 'ਐਨੀਮਲ' ਫ਼ਿਲਮ ਦਾ ਗੀਤ ਹੈ ਪੰਜਾਬ ਦੀ ਪੁਰਾਣੀ ਬੋਲੀ

# 'ਅਰਜਨ ਵੈਲੀ'







ਸੁਖਵਿੰਦਰ ਸਿੰਘ
ਮੁੱਲਾਂਪੁਰ

ਅੱਜ ਕੱਲ੍ਹ ਬੋਲੀਵੁੱਡ ਫ਼ਿਲਮ ਰਣਬੀਰ ਕਪੂਰ ਤੇ ਬੋਬੀ ਦਿਉਲ ਦੀ ਨਵੀਂ ਹਿੰਦੀ ਫ਼ਿਲਮ 'ਐਨੀਮਲ' ਵਿੱਚ ਭੁਪਿੰਦਰ ਬੱਬਲ ਦਾ ਗਾਇਆ ਪੰਜਾਬੀ ਗੀਤ 'ਅਰਜਨ ਵੈਲੀ' ਪੂਰੇ ਭਾਰਤ ਵਿੱਚ ਮਸ਼ਹੂਰ ਹੋ ਕੇ ਬੜੀ ਸ਼ਾਨੋ ਸ਼ੌਕਤ ਨਾਲ ਚਲ ਰਿਹਾ ਹੈ।

ਇਸ ਗੀਤ ਦੀ ਤੁਕ 'ਪੁੱਤ ਜੱਟਾਂ ਦੇ' ਪੰਜਾਬੀ ਫ਼ਿਲਮ ਵਿਚੋਂ ਲਈ ਗਈ ਹੈ। ਪੁੱਤ ਜੱਟਾਂ ਦੇ ਫ਼ਿਲਮ 1982 ਵਿੱਚ ਸਿਨੇਮਿਆਂ ਦਾ ਸ਼ਿੰਗਾਰ ਬਣੀ। ਇਸ ਫ਼ਿਲਮ ਵਿੱਚ ਸੁਰਿੰਦਰ ਛਿੰਦੇ ਦੀ ਆਵਾਜ਼ ਵਿੱਚ ਗਾਇਆ ਗੀਤ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ' ਅਜੇ ਵੀ ਬੜੀ ਦਿਲਚਸਪੀ ਨਾਲ ਸੁਣਿਆ ਜਾ ਰਿਹਾ ਹੈ। ਇਸ ਗੀਤ ਵਿੱਚ ਜੋ ਬੋਲੀ ਪਾਈ ਗਈ ਹੈ, ਇਹ ਬਹੁਤ ਪੁਰਾਣੀ ਹੈ। ਇਸ ਬੋਲੀ ਨੇ ਗੀਤ ਦੀ ਜਿੰਦ-ਜਾਨ ਬਣ ਕੇ ਇਸ ਗੀਤ ਅਤੇ ਇਸ ਫ਼ਿਲਮ ਵਿੱਚ ਰੂਹ ਭਰ ਦਿੱਤੀ--

ਆਰੀ ਆਰੀ ਆਰੀ, ਵਿੱਚ ਜਗਰਾਵਾਂ ਦੇ
ਲਗਦੀ ਰੌਸ਼ਨੀ ਭਾਰੀ
ਵੈਲੀਆਂ ਦਾ ਇਕੱਠ ਹੋ ਗਿਆ
ਉੱਥੇ ਬੋਤਲਾਂ ਮੰਗਾ ਲਈਆਂ ਚਾਲੀ
ਚਾਲੀਆਂ 'ਚ ਇੱਕ ਬਚ ਗਈ
ਉਹ ਚੱਕ ਕੇ ਮਹਿਲ ਨਾਲ ਮਾਰੀ
ਮੁਨਸ਼ੀ ਡਾਂਗੋ ਦਾ ਡਾਂਗ ਰੱਖਦਾ ਗੰਡਾਸੇ ਵਾਲੀ
ਮੋਦਨ ਕਾਉਂਕਿਆਂ ਦਾ
ਜਿਹਨੇ ਕੁੱਟਤੀ ਪੰਡੋਰੀ ਸਾਰੀ
ਧੰਨ ਕੌਰ ਦੌਧਰ ਦੀ ਲੱਕ ਪਤਲਾ ਬਦਨ ਦੀ ਭਾਰੀ
ਅਰਜਨ ਵੈਲੀ ਨੇ ਪੈਰ ਜੋੜ ਕੇ ਗੰਡਾਸੀ ਮਾਰੀ
ਪਰਲੋਂ ਆ ਜਾਂਦੀ ਜੇ ਹੁੰਦੀ ਨਾ ਪੁਲਿਸ ਸਰਕਾਰੀ।

ਇਸ ਬੋਲੀ ਤੋਂ ਬਾਅਦ ਆਪਾਂ ਰੋਸ਼ਨੀ ਮੇਲੇ ਦੀ ਗੱਲ ਕਰਦੇ ਹਾਂ। ਜਗਰਾਉਂ (ਲੁਧਿਆਣਾ)ਰੋਸ਼ਨੀ ਦਾ ਮੇਲਾ ਛਪਾਰ ਦੇ ਮੇਲੇ ਵਾਂਗ ਬਹੁਤ ਮਸ਼ਹੂਰ ਮੇਲਾ ਗਿਣਿਆਂ ਗਿਆ ਹੈ। ਜੋ ਫ਼ਰਵਰੀ ਮਹੀਨੇ ਵਿੱਚ ਹਰ ਸਾਲ ਪੱਚੀ ਤੋਂ ਸਤਾਈ ਫ਼ਰਵਰੀ ਤੱਕ ਪੀਰ ਬਾਬਾ ਮੋਹਕਮ ਦੀਨ ਜੀ ਦੀ ਦਰਗਾਹ 'ਤੇ ਭਰਦਾ ਹੈ। ਉਂਝ ਇਹ ਮੇਲਾ ਪੰਜ ਦਿਨ ਭਰਦਾ ਹੈ। ਦੂਰੋਂ ਦੂਰੋਂ ਲੋਕ ਆ ਕੇ ਇਸ ਜਗ੍ਹਾ 'ਤੇ ਚੌਂਕੀਆਂ ਭਰਦੇ ਹਨ। ਇੱਥੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਔਲਾਦ ਦੀ ਪ੍ਰਾਪਤੀ ਹੋਈ ਸੀ। ਬਾਦਸ਼ਾਹ ਘਰ ਇੱਕ ਲੜਕੀ ਅਤੇ ਇੱਕ ਪੁੱਤਰ

ਸ਼ਾਹਜਹਾਂ ਨੇ ਜਨਮ ਲਿਆ। ਇਸ ਖੁਸ਼ੀ ਵਿੱਚ ਬਾਦਸ਼ਾਹ ਨੇ ਇਸ ਜਗ੍ਹਾ ਉੱਪਰ ਘਿਓ ਦੇ ਦੀਵੇ ਬਾਲ ਰੋਸ਼ਨੀ ਕੀਤੀ। ਜੋ ਜਹਾਂਗੀਰ ਰੁਪਏ ਲਿਆਇਆ ਉਹ ਪੀਰ ਮੋਹਕਮ ਦੀਨ ਨੇ ਲੋਕਾਂ ਵਿੱਚ ਵੰਡ ਕੇ ਘਰਾਂ ਵਿੱਚ ਦੀਵੇ ਬਾਲ ਕੇ ਰੌਸ਼ਨੀ ਕਰਨ ਨੂੰ ਕਿਹਾ। ਇਸ ਕਰਕੇ ਇਹ ਰੋਸ਼ਨੀ ਦਾ ਮੇਲਾ ਪ੍ਰਚਲਤ ਹੈ।

ਹੁਣ ਗੱਲ ਕਰਦੇ ਹਾਂ ਬੰਦਿਆਂ ਦੀ ਅਤੇ ਪਿੰਡਾਂ ਦੀ

ਮੁਨਸ਼ੀ ਡਾਂਗੋ ਦਾ ਡਾਂਗੋ ਪਿੰਡ, ਪੱਖੋਵਾਲ (ਲੁਧਿਆਣਾ) ਦੇ ਨਾਲ ਲੱਗਦਾ ਹੈ ਜੋ ਜਗਰਾਉਂ ਤੋਂ ਲਗਭਗ ਬਾਈ ਕੁ ਕਿਲੋਮੀਟਰ ਹੈ। ਮੋਦਨ ਕਾਉਂਕਿਆਂ ਦਾ ਜਗਰਾਉਂ ਤੋਂ ਲਗਭਗ ਅੱਠ ਕੁ ਕਿਲੋਮੀਟਰ ਹੈ। ਧੰਨ ਕੌਰ ਧਰ ਦੀ ਦਾ ਪਿੰਡ ਧਰ ਪਹਿਲਾਂ ਲੁਧਿਆਣੇ ਜ਼ਿਲ੍ਹੇ ਵਿੱਚ ਪੈਂਦਾ ਸੀ ਹੁਣ ਮੋਗੇ ਜ਼ਿਲ੍ਹੇ ਵਿੱਚ ਪੈਂਦਾ ਹੈ ਇਹ ਜਗਰਾਉਂ ਤੋਂ ਪੰਦਰਾਂ ਕੁ ਕਿਲੋਮੀਟਰ ਹੈ ਜੇਕਰ ਜਗਰਾਉਂ ਤੋਂ ਮੋਗੇ ਜਾਈਏ ਰਸਤੇ ਵਿੱਚ ਜਿੱਤਵਾਲ ਦਾ ਅੱਡਾ ਆਉਂਦਾ ਹੈ ਉਸ ਤੋਂ ਖੱਬੇ ਪਾਸੇ ਅੱਠ ਦੱਸ ਕੁ ਕਿਲੋਮੀਟਰ ਦੇ ਫ਼ਾਂਸਲੇ 'ਤੇ ਸਥਿੱਤ ਹੈ। ਦੌਧਰ ਪਿੰਡ ਦਾ ਹੀ ਅਰਜਨ ਵੈਲੀ ਹੋਇਆ ਹੈ। ਜਿਸ ਦਾ ਪੈਰ ਜੋੜ ਕੇ ਗੰਡਾਸੀ ਮਾਰਨ ਦਾ ਜਿਕਰ ਬੋਲੀ ਵਿੱਚ ਹੈ। ਕੁੱਟਤੀ ਪੰਡੋਰੀ ਸਾਰੀ ਵਾਲਾ ਪਿੰਡ ਪੰਡੋਰੀ ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦਾ ਹੈ ਜੋ ਜਗਰਾਓਂ ਤੋਂ ਲਗਭਗ ਪੰਦਰਾਂ ਕੁ ਕਿਲੋਮੀਟਰ ਹੈ। ਜੇਕਰ ਜਗਰਾਓਂ ਤੋਂ ਲੁਧਿਆਣੇ ਵੱਲ ਜਾਈਏ ਤਾਂ ਮੁੱਖ ਮਾਰਗ ਉੱਪਰ ਸਥਿੱਤ ਹੈ।

ਇਹ ਸਾਰੇ ਪਿੰਡ ਜਗਰਾਉਂ ਦੇ ਆਸ ਪਾਸ ਚਾਰੇ ਪਾਸੇ ਹੀ ਹਨ ਅਤੇ ਸਾਡੇ ਇਲਾਕੇ ਦੇ ਪਿੰਡ ਹਨ ਪੰਡੋਰੀ ਪਿੰਡ ਸਾਥੋਂ ਮੁੱਲਾਂਪੁਰ(ਦਾਖਾ) ਤੋਂ ਤਿੰਨ ਕਿਲੋਮੀਟਰ ਦੇ ਫ਼ਾਸਲੇ 'ਤੇ ਸਥਿਤ ਹੈ। ਦੌਧਰ ਪਿੰਡ ਦਾ ਆਉਣ ਜਾਣ ਜਗਰਾਉਂ ਸ਼ਹਿਰ ਨਾਲ ਜੁੜਿਆ ਹੋਇਆ ਹੈ। ਹਰੇਕ ਇਨਸਾਨ ਦਾ ਆਪਣੇ ਇਲਾਕੇ ਦੇ ਵਿੱਚ ਲੱਗਣ ਵਾਲੇ ਮੇਲਿਆਂ ਨਾਲ, ਕੁਸ਼ਤੀਆਂ ਨਾਲ ਇਲਾਕੇ ਦੇ ਸੱਭਿਆਚਾਰ ਨਾਲ ਪਿਆਰ ਹੁੰਦਾ ਹੈ। ਅੱਜ ਕੱਲ੍ਹ ਮਨੋਰੰਜਨ ਦੇ ਹੋਰ ਬਹੁਤ ਸਾਧਨ ਵੱਧ ਗਏ ਹਨ ਅੱਗੇ ਅਜਿਹੇ ਮੜ੍ਹੀਆਂ, ਮਸਾਣੀਆਂ ਅਤੇ ਦਰਗਾਹਾਂ 'ਤੇ ਲੱਗਣ ਵਾਲੇ ਮੇਲਿਆਂ ਵਿੱਚ ਆਸ ਪਾਸ ਇਲਾਕੇ ਦੇ ਲੋਕ ਬੜੇ ਸ਼ਾਨੋ ਸ਼ੌਕਤ ਨਾਲ ਇਹਨਾਂ ਮੇਲਿਆਂ ਵਿੱਚ ਜਾਇਆ ਕਰਦੇ ਸਨ।

ਵੈਲੀ ਲੋਕ ਵੀ ਆਪਣੇ ਜੁੰਡੀ ਦੇ ਯਾਰਾਂ ਨਾਲ ਰਲ ਕੇ ਆਪਣਾ ਸ਼ਕਤੀ ਪ੍ਰਦਰਸ਼ਨ ਕਰਦੇ ਸਨ। ਕਿਸੇ ਬੰਦੇ ਨਾਲ ਜਿੱਦ ਕੱਢਣੀ ਜਾ ਮੈਦਾਨ ਵਿੱਚ ਟੱਕਰ ਲੈ ਕੇ ਵੇਖਣਾ, ਅਜਿਹੇ ਮੇਲਿਆਂ ਵਿੱਚ ਹੀ ਲਕੀਰ ਕੱਢ ਕੇ ਮਿਲਣ ਦਾ ਸਮਾਂ ਦਿੱਤਾ ਜਾਂਦਾ ਸੀ। ਪੰਡੋਰੀ ਪਿੰਡ ਨਾਲ ਵੀ ਇਸ ਤਰਾਂ ਹੀ ਮਿੱਥ ਕੇ ਲੜਾਈ ਹੋਈ ਸੀ। ਮਿੱਥ ਕੇ ਲੜਾਈ ਹੋਈ ਕਰਕੇ ਇੱਕ ਪਾਸੇ ਸਾਰਾ ਪੰਡੋਰੀ ਪਿੰਡ ਸੀ। ਦੂਸਰੇ ਪਾਸੇ ਤਿੰਨ ਬੰਦੇ ਹੀ ਸਨ ਜਿੰਨਾਂ ਨੇ ਪੰਡੋਰੀ ਪਿੰਡ ਕੁੱਟ ਕੇ ਮੂਹਰੇ ਲਾ ਲਿਆ ਸੀ। ਅਰਜਨ ਵੈਲੀ ਨੇ ਪੈਰ ਜੋੜ ਕੇ ਗੰਡਾਸੀ ਮਾਰੀ ਸੀ। ਪੈਰ ਜੋੜ ਕੇ ਗੰਡਾਸੀ ਮਾਰਨ ਵਾਲੇ ਅੰਦਾਜ਼ ਦਾ ਜ਼ਿਕਰ ਪਹਿਲਾਂ 'ਪੁੱਤ ਜੱਟਾ ਦੇ' ਫ਼ਿਲਮ ਵਿੱਚ ਆ ਕੇ ਆਪਣਾ ਨਾਮ ਬਣਾ ਚੁੱਕਾ ਹੈ ਹੁਣ ਹਿੰਦੀ ਫ਼ਿਲਮ 'ਐਨੀਮਲ' ਵਿੱਚ ਇਹ ਹੀ ਅੰਦਾਜ਼ ਵਿਸ਼ਵ ਪੱਧਰ ਤੇ ਮਸ਼ਹੂਰ ਹੋ ਕੇ ਚਰਚਾ ਵਿੱਚ ਹੈ ਜੋ ਇਤਿਹਾਸ ਦੇ ਪੰਨਿਆਂ ਵਿੱਚ ਆਪਣਾ ਨਾਮ ਲਿਖਾ ਚੁੱਕਾ ਹੈ।

ਹੁਣ ਗੱਲ ਕਰਦੇ ਹਾਂ ਅਰਜਨ ਵੈਲੀ ਦੇ ਜੀਵਨ ਬਾਰੇ। ਅਰਜਨ ਵੈਲੀ ਦਾ ਜਨਮ 1905 ਈ. ਦੇ ਕਰੀਬ ਪਿੰਡ ਦੌਧਰ ਜ਼ਿਲ੍ਹਾ ਲੁਧਿਆਣੇ ਵਿੱਚ ਹੋਇਆ ਜੋ ਅੱਜ ਕੱਲ੍ਹ ਮੋਗਾ ਜ਼ਿਲ੍ਹੇ ਦਾ ਪਿੰਡ ਬਣ ਚੁੱਕਾ ਹੈ। ਅਰਜਨ ਵੈਲੀ ਹੋਰੀ ਸੱਤ ਭਰਾ ਅਤੇ ਤਿੰਨ ਭੈਣਾਂ ਸਨ।

ਅਰਜਨ ਵੈਲੀ ਸਾਡੇ ਪਿੰਡ ਮੁੱਲਾਂਪੁਰ(ਦਾਖਾ) ਦੀ ਸੱਥ ਵਿੱਚ ਆ ਕੇ ਕਹਿਣ ਲੱਗਾ ਤੁਹਾਡੇ ਪਿੰਡ ਵਿੱਚ ਸਭ ਤੋਂ ਅਮੀਰ ਪਰਿਵਾਰ ਕਿਹੜਾ ਹੈ ਤਾਂ ਲੋਕਾਂ ਪਿੰਡ ਵਿਚਲੇ ਰੱਜਦੇ ਪੁੱਜਦੇ ਪਰਿਵਾਰ ਦਾ ਨਾਮ ਲੈ ਦਿੱਤਾ। ਅਰਜਨ ਵੈਲੀ ਨੂੰ ਦੱਸਿਆ ਗਿਆ ਕਿ ਇਸ ਪਰਿਵਾਰ ਦੇ ਕਲਕੱਤੇ ਟਰੱਕ ਚੱਲਦੇ ਹਨ ਉਸ ਸਮੇਂ ਇਸ ਕਾਰੋਬਾਰ ਨੂੰ ਤਕੜੇ ਲੋਕਾਂ ਦਾ ਕਾਰੋਬਾਰ ਮੰਨਿਆਂ ਜਾਂਦਾ ਸੀ। ਅਰਜਨ ਵੈਲੀ ਨੇ ਲੋਕਾਂ ਤੋਂ ਪੁੱਛਿਆ ਕਿ ਇਸ ਪਰਿਵਾਰ ਦਾ ਕੋਈ ਮੁੰਡਾ ਵਿਆਉਣ ਵਾਲਾ ਹੈ ਤਾਂ ਲੋਕਾਂ ਹਾਂ ਕਰ ਦਿੱਤੀ। ਅਰਜਨ ਵੈਲੀ ਉਸ ਟਾਇਮ ਹੀ

(**ਬਾਕੀ ਸਫ਼ਾ** 31 'ਤੇ)

*10 ਦਸੰਬਰ ਨੂੰ ਜਨਮ ਦਿਨ 'ਤੇ ਵਿਸ਼ੇਸ਼*

# ਪੰਜਾਬੀ ਹਾਸ ਰਸ ਕਲਾਕਾਰੀ ਦਾ ਜਨਮਦਾਤਾ ਕੇ. ਦੀਪ





ਕਈ ਇਨਸਾਨ ਦੁਨੀਆਂ 'ਤੇ ਅਜਿਹੇ ਆਉਂਦੇ ਹਨ, ਜੋ ਵੱਖਰੀਆਂ ਪੈੜਾਂ ਪਾ ਜਾਂਦੇ ਹਨ। ਉਹਨਾਂ ਦੀਆਂ ਪਾਈਆਂ ਪੈੜਾਂ ਕਰਕੇ ਲੋਕ ਉਹਨਾਂ ਨੂੰ ਸਦਾ ਹੀ ਯਾਦ ਕਰਦੇ ਰਹਿੰਦੇ ਹਨ। ਅਜਿਹਾ ਹੀ ਇੱਕ ਗਾਇਕ ਕੇ. ਦੀਪ ਹੋਇਆ ਹੈ ਜਿਸ ਨੇ ਪੰਜਾਬੀ ਹਾਸ ਰਸ ਕਲਾਕਾਰੀ ਦੀ ਸ਼ੁਰੂਆਤ ਕੀਤੀ। ਇਹ ਪੋਸਤੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਨੇ ਹਾਸ ਰਸ ਕਲਾਕਾਰੀ ਦੀ ਅਜਿਹੀ ਪਿਰਤ ਪਾਈ ਕਿ ਭਜਨਾ ਅਮਲੀ (ਗੁਰਦੇਵ ਢਿੱਲੋਂ), ਸੰਤੀ, ਅਤਰੋ ਚਤਰੋ, ਭਗਵੰਤ ਮਾਨ, ਜੱਗੀ, ਰਣਵੀਰ ਰਾਣਾ, ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ, ਭੋਟੂ ਸ਼ਾਹ, ਨੇਕ ਮਟਰਾਂ ਵਾਲਾ ਆਦਿ ਨੇ ਇਹਨਾਂ ਦੀ ਪਾਈ ਲੀਹ 'ਤੇ ਤੁਰਦਿਆਂ ਹਾਸ ਰਸ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ। ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਅਤੇ ਵਾਰਿਸ਼ ਸ਼ਾਹ ਦੀ ਹੀਰ ਰਚਨਾ ਨੂੰ ਵੀ ਸਭ ਤੋਂ ਪਹਿਲਾਂ ਇਸ ਨੇ ਹੀ ਗਾਇਆ।

ਕੇ. ਦੀਪ (ਕੁਲਦੀਪ ਸਿੰਘ) ਦਾ ਜਨਮ 10 ਦਸੰਬਰ 1940 ਨੂੰ ਰੰਗੂਨ ਬਰ੍ਹਮਾ ਹੁਣ (ਮਿਆਂਮਾਰ) ਵਿਖੇ ਪਿਤਾ ਸ੍ਰ. ਕਰਤਾਰ ਸਿੰਘ ਅਤੇ ਮਾਤਾ ਭਗਵੰਤ ਕੌਰ ਦੀ ਕੁੱਖੋਂ ਹੋਇਆ। ਇਸ ਦਾ ਅਸਲੀ ਪਿੰਡ ਐਤੀਆਣਾ (ਨੇੜੇ ਹਲਵਾਰਾ) ਜ਼ਿਲ੍ਹਾ ਲੁਧਿਆਣਾ ਹੈ।

ਸਕੂਲੀ ਪੜ੍ਹਾਈ ਇਸ ਨੇ ਲੁਧਿਆਣਾ ਵਿੱਚ ਰਹਿ ਕੇ ਕੀਤੀ। ਇਸ ਨੂੰ ਸਕੂਲ ਟਾਈਮ ਵਿੱਚ ਹੀ ਗਾਉਣ ਦਾ ਸ਼ੌਂਕ ਸੀ। ਮਾਸਟਰ ਅਮਰ ਸਿੰਘ ਦੇ ਕਹਿਣ 'ਤੇ ਮੁਹੰਮਦ ਰਫ਼ੀ ਜੀ ਦਾ ਗਾਇਆ ਗੀਤ ਬਹੁਤ ਵਧੀਆ ਅੰਦਾਜ਼ ਵਿੱਚ ਸੁਣਾ ਦਿੰਦਾ ਸੀ। ਕਾਲਜ ਟਾਇਮ ਇਹ ਸਾਥੀਆਂ ਨੂੰ ਮੂੰਹ ਨਾਲ ਮਿਊਜ਼ਿਕ ਵਜਾ ਕੇ ਬਹੁਤ ਵਧੀਆ ਆਵਾਜ਼ ਵਿੱਚ ਗੀਤ ਸੁਣਾ ਦਿੰਦਾ ਸੀ। ਇਸ ਦੇ ਇਸ ਅੰਦਾਜ਼ ਨੇ ਸਭ ਪਾਸੇ ਚਰਚਾ ਛੇੜ ਦਿੱਤੀ। 1959 ਵਿੱਚ ਰੋਹਤਕ ਤੋਂ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ ਪਾਸ ਕੀਤਾ। ਪਰਿਵਾਰ ਇਸ ਨੂੰ ਨੌਕਰੀ ਕਰਵਾਉਣੀ ਚਾਹੁੰਦਾ ਸੀ ਪਰ ਇਸ ਨੇ ਸੰਗੀਤ ਨੂੰ ਕਿੱਤੇ ਵਜੋਂ ਅਪਣਾ ਲਿਆ।

ਸੰਗੀਤ ਖੇਤਰ ਵਿੱਚ ਆਉਣ ਸਮੇਂ ਸਭ ਤੋਂ ਪਹਿਲਾਂ ਇਹ ਮੁੰਬਈ ਜਾਕੇ ਮਸ਼ਹੂਰ ਸੰਗੀਤਕਾਰਾਂ ਕੋਲੋਂ ਸੰਗੀਤਕ ਜਾਣਕਾਰੀ ਹਾਸਲ ਕਰਕੇ ਆਇਆ ਮਿਹਨਤ ਕਰਨ ਤੋਂ ਬਾਅਦ ਕੇ ਦੀਪ ਇੱਕ ਵਧੀਆ ਗਾਇਕ ਬਣ ਗਿਆ।

ਇਸ ਨੂੰ ਇੱਕ ਵਧੀਆ ਸਹਿ-ਗਾਇਕਾ ਦੀ ਲੋੜ ਸੀ ਕਿਸੇ ਨੇ ਕੇ ਦੀਪ ਨੂੰ ਸਲਾਹ ਦਿੱਤੀ ਕੇ ਜਗਮੋਹਣ ਕੌਰ ਨਾਂ ਦੀ ਇਕ ਕੁੜੀ ਹੈ ਉਹ ਬਹੁਤ ਵਧੀਆ ਗਾ ਲੈਂਦੀ ਹੈ ਜੇਕਰ ਤੂੰ ਉਸ ਨਾਲ ਤਾਲ ਮੇਲ ਕਰਨਾ ਹੈ ਤਾਂ ਕਲਕੱਤੇ ਜਾ ਕੇ ਕਰ ਲਵੀਂ ਉਹ ਕਲਕੱਤੇ ਪ੍ਰੋਗਰਾਮ ਪੇਸ਼ ਕਰਨ ਜਾ ਰਹੀ ਹੈ। ਜਗਮੋਹਣ ਕੌਰ ਨੂੰ ਕਲਕੱਤੇ ਪਹੁੰਚਣ ਸਮੇਂ ਦੇਖਣ ਵਾਲਿਆਂ ਅਤੇ ਸੁਣਨ ਵਾਲਿਆਂ ਦੀ ਭੀੜ ਲਗ ਗਈ ਕੇ ਦੀਪ ਨੇ ਵੀ ਕਲਕੱਤੇ ਜਾ ਕੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਅਤੇ ਜਗਮੋਹਣ ਕੌਰ ਨਾਲ ਤਾਲ ਮੇਲ ਕਰਕੇ ਗੱਲ ਕਰਨ ਵਿੱਚ ਸਫ਼ਲ ਹੋ ਗਿਆ। ਹੌਲੀ ਹੌਲੀ ਕੇ ਦੀਪ ਨੇ ਜਗਮੋਹਣ ਕੌਰ ਕੋਲ ਵਿਆਹ ਦੀ ਪੇਸ਼ਕਸ਼ ਰੱਖ ਦਿੱਤੀ। ਜਗਮੋਹਣ ਕੌਰ ਦੀ ਪਹਿਲਾਂ ਮੰਗਣੀ ਹੋਈ ਹੋਈ ਸੀ। ਜਗਮੋਹਣ ਕੌਰ ਨੇ ਪ੍ਰੀਵਾਰ ਨੂੰ ਰਾਜ਼ੀ ਕਰਕੇ ਉੱਧਰ ਜਵਾਬ ਦੇ ਕੇ ਕੇ ਦੀਪ ਨਾਲ 2 ਫ਼ਰਵਰੀ 1971 ਨੂੰ ਵਿਆਹ ਕਰਵਾ ਲਿਆ।

ਜਗਮੋਹਣ ਕੌਰ ਦਾ ਪਿੰਡ ਬੂਰ ਮਾਜਰਾ ਜ਼ਿਲ੍ਹਾ ਰੋਪੜ ਹੈ ਉਹ ਚੰਡੀਗੜ੍ਹ ਨੇੜੇ ਇੱਕ ਸਰਕਾਰੀ ਸਕੂਲ ਵਿੱਚ ਅਧਿਆਪਕਾ ਲੱਗੀ ਹੋਈ ਸੀ। ਜਗਮੋਹਣ ਕੌਰ ਨੇ ਵਿਆਹ ਪਿਛੋਂ ਅਧਿਆਪਕਾ ਦੀ ਨੌਕਰੀ ਛੱਡ ਕੇ ਪੱਕੇ ਤੌਰ 'ਤੇ ਕੇ ਦੀਪ ਨਾਲ ਗਾਇਕੀ ਦਾ ਖੇਤਰ ਅਪਣਾ ਲਿਆ। ਇਹਨਾਂ ਦੇ ਇੱਕ ਲੜਕੀ ਗੁਰਪ੍ਰੀਤ (ਬਿੱਲੀ) ਤੇ ਲੜਕਾ ਰਾਜਾ ਨੇ ਜਨਮ ਲਿਆ।

1972 ਵਿੱਚ ਇਹਨਾਂ ਦਾ ਦੋਗਾਣਾ ਗੀਤ ਆਇਆ, ਮੇਰੀ ਗੱਲ ਸੁਣੋ ਸਰਦਾਰ ਜੀ ਮੈਨੂੰ ਸਾੜੀ ਇੱਕ ਲਿਆ ਦਿਓ, ਨਖ਼ਰੇ ਵਾਲੀ ਨਾਰ ਦਾ ਤੁਸੀਂ ਜਲਵਾ ਹੋਰ ਵਧਾ ਦਿਓ, ਜੋ ਬਹੁਤ ਮਕਬੂਲ ਹੋਇਆ।

ਕੇ ਦੀਪ ਅਤੇ ਜਗਮੋਹਣ ਕੌਰ ਦੀ ਪੜ੍ਹੀ ਲਿਖੀ ਜੋੜੀ ਸੀ। ਕੇ ਦੀਪ ਸਟੇਜ 'ਤੇ ਪ੍ਰੋਗਰਾਮ ਪੇਸ਼ ਕਰਨ ਲੱਗਿਆਂ ਪੈਂਟ ਕਮੀਜ ਪਾ ਕੇ ਜਾਂ ਰੁੱਤ ਮੁਤਾਬਕ ਕੋਟ ਪੈਂਟ ਪਾ ਕੇ ਟਾਈ ਲਗਾ ਕੇ ਸਰੋਤਿਆਂ ਦਾ ਮਨੋਰੰਜਨ ਕਰਦਾ ਸੀ। ਜਦ ਇਹ ਜੋੜੀ ਕਮੇਡੀ ਪਰੋਗ੍ਰਾਮ ਕਰਦੀ ਸੀ ਤਾਂ ਕੇ ਦੀਪ ਮੇਹਰੂ ਪੋਸਤੀ ਅਤੇ ਜਗਮੋਹਣ ਕੌਰ ਮਾਈ ਮੋਹਣੋ ਬਣ ਜਾਂਦੀ ਸੀ। ਤਵਿਆਂ ਦੇ ਯੁੱਗ ਵੇਲੇ ਇਹਨਾਂ ਦੇ ਕਈ ਕਮੇਡੀ ਪ੍ਰੋਗਰਾਮ ਤਵੇ ਆਏ ਫਿਰ ਕੈਸਿਟਾਂ ਦਾ ਯੁੱਗ ਆਇਆ ਇਹਨਾਂ ਦੀ ਕਮੇਡੀ ਦੀਆਂ ਕੈਸਿਟਾਂ ਆਉਂਦੀਆਂ ਰਹੀਆਂ। ਇਹਨਾਂ ਦੀਆਂ ਰਿਕਾਡਿਗਾਂ ਦੇ ਨਾਮ ਪੋਸਤੀ ਦੁਬਈ ਵਿੱਚ, ਪੋਸਤੀ ਕਬਰਾਂ ਵਿੱਚ, ਪੋਸਤੀ ਲੰਡਨ ਵਿੱਚ , ਪੋਸਤੀ ਕਨੇਡਾ ਵਿੱਚ, ਪੋਸਤੀ ਥਾਣੇ ਵਿੱਚ ਆਦਿ ਹਨ।

ਕੇ ਦੀਪ ਮੰਚ ਸੰਚਾਲਕ ਵੀ ਬਹੁਤ ਵਧੀਆ ਸੀ ਜਦ ਤਵਿਆਂ ਦਾ ਯੁੱਗ ਸੀ ਉਸ ਟਾਇਮ ਦੋ ਤਵੇ ਐਚ. ਐਮ. ਵੀ. ਨਾਇਟ ਸਿਰਲੇਖ ਹੇਠ ਮਾਰਕੀਟ ਵਿੱਚ ਆਏ। ਉਹਨਾਂ ਤਵਿਆਂ ਵਿੱਚ ਸਿਰਕੱਢ ਕਲਾਕਾਰਾਂ ਦਾ ਇੱਕ ਇੱਕ ਗੀਤ ਸੀ ਉਹਨਾਂ ਤਵਿਆਂ ਵਿੱਚ ਸਟੇਜ ਕੇ ਦੀਪ ਨੇ ਸੰਭਾਲੀ ਹੋਈ ਸੀ ਇਹ ਹਰ ਗੀਤ ਸ਼ੁਰੂ ਹੋਣ ਤੋਂ ਪਹਿਲਾਂ ਕਮੇਡੀ ਦਾ ਇੱਕ ਅੰਸ਼ ਸੁਣਾ ਕੇ ਸਰੋਤਿਆਂ ਨੂੰ ਹਸਾ ਦਿੰਦਾ ਸੀ ਇਹਨਾਂ ਤਵਿਆਂ ਵਿੱਚ ਕੇ ਦੀਪ ਅਤੇ ਜਗਮੋਹਣ ਕੌਰ ਦਾ ਦੋਗਾਣਾ ਗੀਤ ਵੀ ਸੀ ਇਹ ਤਵੇ ਲੋਕਾਂ ਵਿੱਚ ਬਹੁਤ ਮਕਬੂਲ ਹੋਏ, ਇਹਨਾਂ ਤਵਿਆਂ ਦੀ ਰਿਕਾਰਡ ਤੋੜ ਵਿਕਰੀ ਹੋਈ।

(**ਬਾਕੀ ਸਫ਼ਾ** 31 'ਤੇ)

# ਦੇਸ਼ ਦੇ ਕੀਮਤੀ ਗਹਿਣੇ ਹੁੰਦੇ ਨੇ ਖਿਡਾਰੀ

## ਟੀਮ ਭਾਵਨਾ ਨਾਲ ਖੇਡੀਆਂ ਜਾਂਦੀਆਂ ਹਨ ਹਾਕੀ, ਫੁੱਟਬਾਲ, ਕ੍ਰਿਕਟ, ਬਾਸਕਟਬਾਲ ਅਤੇ ਕਬੱਡੀ







ਵਿਦਿਆਰਥੀ ਜੀਵਨ ਵਿੱਚ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਤੇ ਖੇਡ ਸਰਗਰਮੀਆਂ ਦਾ ਆਪਣਾ ਮਹੱਤਵਪੂਰਨ ਸਥਾਨ ਹੈ। ਪੜ੍ਹਾਈ ਦੇ ਨਾਲ ਖੇਡਾਂ ਵਿਦਿਆਰਥੀਆਂ ਜੀਵਨ ਵਿੱਚ ਆਪਣਾ ਅਹਿਮ ਕਿਰਦਾਰ ਨਿਭਾਉਂਦੀਆਂ ਹਨ। ਖੇਡਾਂ ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ, ਜਿਵੇਂ ਸਹਿਣਸ਼ੀਲਤਾ, ਅਨੁਸ਼ਾਸਨ, ਸਦਾਚਾਰ, ਜਿੱਤਣ ਦੀ ਤਾਂਘ, ਆਪਸੀ ਪ੍ਰੇਮ ਪਿਆਰ, ਇਕਜੁੱਟਤਾ, ਸਬਰ ਆਦਿ ਕੁੱਟ-ਕੁੱਟ ਕੇ ਭਰਦੀਆਂ ਹਨ। ਖਿਡਾਰੀ ਕਿਸੇ ਵੀ ਦੇਸ਼ ਜਾਂ ਕੌਮ ਦੇ ਕੀਮਤੀ ਗਹਿਣੇ ਹੁੰਦੇ ਹਨ। ਜਦੋਂ ਉਹ ਆਪਣੀ ਖੇਡ ਜ਼ਰੀਏ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਿੱਤ ਦੇ ਝੰਡੇ ਗੱਡਦੇ ਹਨ ਤਾਂ ਸਮੁੱਚੇ ਦੇਸ਼-ਵਾਸੀਆਂ ਦਾ ਸੀਨਾ ਚੌੜਾ ਹੋ ਜਾਂਦਾ ਹੈ।

ਹਾਕੀ, ਫੁੱਟਬਾਲ, ਕ੍ਰਿਕਟ, ਬਾਸਕਟਬਾਲ, ਕਬੱਡੀ ਆਦਿ ਖੇਡਾਂ ਟੀਮ ਭਾਵਨਾ ਨਾਲ ਖੇਡੀਆਂ ਜਾਂਦੀਆਂ ਹਨ, ਜਿਸ ਨਾਲ ਖਿਡਾਰੀ ਇਕਜੁੱਟਤਾ ਤੇ ਸਹਿਯੋਗ ਆਦਿ ਗੁਣ ਸਹਿਜੇ ਸਿੱਖ ਜਾਂਦੇ ਹਨ। ਅਨੁਸ਼ਾਸਨ ਵਿੱਚ ਰਹਿਣਾ ਤਾਂ ਖਿਡਾਰੀ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦਾ ਹੈ, ਜਿਸ ਦਾ ਲਾਭ ਉਨ੍ਹਾਂ ਨੂੰ ਜ਼ਿੰਦਗੀ ਦੇ ਹਰ ਮੁਕਾਮ 'ਤੇ ਮਿਲਦਾ ਹੈ। ਅੱਜ ਜ਼ਿਆਦਾਤਰ ਨੌਜਵਾਨ ਗੈਂਗਵਾਰ ਤੇ ਨਸ਼ੇ ਆਦਿ ਕੁਰੀਤੀਆਂ 'ਚ ਫਸ ਕੇ ਆਪਣਾ ਬਹੁਮੁੱਲਾ ਜੀਵਨ ਵਿਅਰਥ ਗਵਾ ਰਹੇ ਹਨ। ਉਨ੍ਹਾਂ ਦੀ ਊਰਜਾ ਤੇ ਸਮੇਂ ਨੂੰ ਸਹੀ ਵਰਤੋਂ ਵਿੱਚ ਲਗਾਉਣ ਲਈ ਖੇਡਾਂ ਪ੍ਰਭਾਵਸ਼ਾਲੀ ਜ਼ਰੀਆ ਹੋ ਸਕਦੀਆਂ ਹਨ। ਖੇਡਾਂ ਨੌਜਵਾਨਾਂ ਨੂੰ ਸਕਾਰਾਤਮਕ ਸੋਚ ਦਾ ਧਾਰਨੀ ਬਣਾਉਂਦੀਆਂ ਹਨ।

ਅਜੋਕੇ ਸਮੇਂ ਖਿਡਾਰੀਆਂ ਦੇ ਕਰੀਅਰ ਲਈ ਨਵੇਂ ਮੌਕੇ ਮਿਲ ਰਹੇ ਹਨ। ਅੱਜ-ਕੱਲ੍ਹ ਖਿਡਾਰੀਆਂ ਨੂੰ ਬਹੁਕੌਮੀ ਕੰਪਨੀਆਂ ਵੱਲੋਂ ਸਪਾਂਸਰ ਖੇਡ ਲੀਗ ਵਿਚ ਚੰਗੀ ਖੇਡ ਦਿਖਾਉਣ ਦੀ ਇਵਜ਼ ਵਜੋਂ ਚੰਗੀ ਰਾਸ਼ੀ ਦਿੱਤੀ ਜਾਂਦੀ ਹੈ, ਜਿਸ ਨਾਲ ਖਿਡਾਰੀ ਆਪਣੇ ਖੇਡ ਜੀਵਨ ਮਗਰੋਂ ਵੀ ਸਨਮਾਨਜਨਕ ਜ਼ਿੰਦਗੀ ਜਿਊਂਣ 'ਚ ਕਾਮਯਾਬ ਰਹਿੰਦਾ ਹੈ। ਪੰਜਾਬ ਅਤੇ ਭਾਰਤ ਸਰਕਾਰ ਦੁਆਰਾ ਵੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਵੇਂ ਖੇਲੋ ਇੰਡੀਆ ਆਦਿ। ਇਨ੍ਹਾਂ ਸਕੀਮ 'ਚ ਹੋਰ ਸੁਧਾਰ ਕਰ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਇਸ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਤਾਂ ਜੋ ਦੇਸ਼ 'ਚ ਖੇਡ ਸੱਭਿਆਚਾਰ ਸਿਰਜਿਆ ਜਾ ਸਕੇ। ਇਸ ਲਈ ਵਿਦਿਆਰਥੀ ਨੂੰ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਅਕਾਦਮਿਕ, ਸੱਭਿਆਚਾਰ ਤੇ ਖੇਡ ਸਰਗਰਮੀਆਂ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

## ਮਨੁੱਖ ਨੂੰ ਸਿਰਜਣਸ਼ੀਲ ਬਣਾਉਂਦੀਆਂ ਹਨ ਖੇਡਾਂ

# ਨੌਜਵਾਨ ਪੀੜ੍ਹੀ ਨੂੰ ਦਿਓ ਪਰੰਪਰਾਗਤ ਖੇਡਾਂ ਬਾਰੇ ਜਾਣਕਾਰੀ





ਆਧੁਨਿਕ ਯੁੱਗ ਵਿਕਾਸ ਅਤੇ ਤਕਨੀਕ ਦਾ ਯੁੱਗ ਹੈ ਵਿਕਾਸ ਅਤੇ ਤਕਨੀਕ ਦੇ ਇਸ ਯੁੱਗ ਨੇ ਮਨੁੱਖ ਨੂੰ ਇੱਕ ਪਾਸੇ ਜਿੱਥੇ ਢੇਰ ਸਾਰੀਆਂ ਸੁਵਿਧਾਵਾਂ ਦਿੱਤੀਆਂ ਹਨ, ਉੱਥੇ ਇਸ ਯੁੱਗ ਨੇ ਮਨੁੱਖ ਨੂੰ ਤਣਾਅ ਵੀ ਦਿੱਤਾ ਹੈ। ਭੱਜ-ਦੌੜ ਭਰੀ ਇਸ ਜ਼ਿੰਦਗੀ 'ਚ ਹਰ ਕਿਤੇ ਤਣਾਅ ਹੀ ਤਣਾਅ ਹੈ, ਕਿਤੇ ਵੀ ਸਕੂਨ ਅਤੇ ਸ਼ਾਂਤੀ ਨਹੀਂ ਹੈ ਖੁਸ਼ੀ ਦੀ ਵੱਡੀ ਘਾਟ ਹੈ। ਖੇਡਾਂ ਸਾਨੂੰ ਖੁਸ਼ੀ ਵੀ ਦਿੰਦੀਆਂ ਹਨ ਅਤੇ ਸਾਡਾ ਤਣਾਅ ਵੀ ਘੱਟ ਕਰਦੀਆਂ ਹਨ। ਤਣਾਅ ਨੂੰ ਦੂਰ ਕਰਨ, ਸਰੀਰਕ ਅਤੇ ਮਾਨਸਿਕ ਸੰਤੁਲਨ ਨੂੰ ਬਣਾਈ ਰੱਖਣ, ਆਤਮ-ਕੰਟਰੋਲ ਕਰਨ, ਇਮਾਨਦਾਰੀ, ਸੱਚਾਈ, ਨਿਰਪੱਖਤਾ, ਸਹਿਯੋਗ, ਸਹਿਣਸ਼ੀਲਤਾ, ਭਾਈਚਾਰੇ, ਸਦਭਾਵਨਾ ਦੀ ਭਾਵਨਾ ਨੂੰ ਵਿਕਸਿਤ ਕਰਨ ਦਾ ਕੰਮ ਕਰਦੀਆਂ ਹਨ। ਖੇਡਾਂ ਖੇਡਾਂ ਜ਼ਰੀਏ ਅਸੀਂ ਆਪਣੀ ਪ੍ਰਤਿਭਾ, ਆਪਣੇ ਵੇਗਾਂ ਦਾ ਸਹੀ ਪ੍ਰਬੰਧਨ ਅਤੇ ਕੰਟਰੋਲ ਕਰ ਸਕਦੇ ਹਾਂ ਬੱਚਿਆਂ ਲਈ ਤਾਂ ਖੇਡਾਂ ਇੱਕ ਪ੍ਰਾਣ ਤੱਤ ਦੇ ਰੂਪ 'ਚ ਕੰਮ ਕਰਦੀਆਂ ਹਨ ਅਤੇ ਕੋਈ ਵੀ ਬੱਚਾ ਬਿਨਾਂ ਖੇਡੇ ਨਹੀਂ ਰਹਿ ਸਕਦਾ ਹੈ। ਇਹ ਖੇਡ ਹੀ ਹੁੰਦੀਆਂ ਹਨ ਜਿਨ੍ਹਾਂ ਨਾਲ ਕੋਈ ਵੀ ਅਨੰਦ, ਫੁਰਤੀ ਪ੍ਰਾਪਤ ਕਰ ਸਕਦਾ ਹੈ।

ਖੇਡਾਂ ਵਿਅਕਤੀ ਨੂੰ ਸਿਰਜਣਸ਼ੀਲ ਬਣਾਉਂਦੀਆਂ ਹਨ। ਖੇਡਾਂ ਨਾਲ ਵਿਅਕਤੀ 'ਚ ਹਿੰਮਤ, ਤਾਲਮੇਲ ਦੀ ਭਾਵਨਾ, ਸਹਿ-ਹੋਂਦ ਦੀ ਭਾਵਨਾ ਆਦਿ ਦਾ ਵਿਕਾਸ ਹੁੰਦਾ ਹੈ। ਖੇਡਾਂ ਸਾਡੇ ਸੋਚਣ ਦੇ ਪੱਧਰ, ਵਿਹਾਰ ਅਤੇ ਸੁਭਾਅ 'ਚ ਥੋੜ੍ਹਾ-ਬਹੁਤ ਬਦਲਾਅ ਲਿਆਉਂਦੀਆਂ ਹਨ। ਅਸਲ ਵਿੱਚ ਖੇਡਾਂ ਵਿਅਕਤੀਤਵ ਦੇ ਵਿਕਾਸ ਦਾ ਸ਼ੀਸ਼ਾ ਹੁੰਦੀਆਂ ਹਨ। ਸੱਚ ਤਾਂ ਇਹ ਹੈ ਕਿ ਖੇਡਾਂ ਸਾਡੇ ਜੀਵਨ ਦੀ ਲੋੜ ਹਨ ਇਹ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ। ਇਹ ਵਿਡੰਬਣਾ ਦੀ ਗੱਲ ਹੈ ਕਿ ਅੱਜ ਖੇਡਾਂ ਨੂੰ ਘੱਟ ਅਤੇ ਪੜ੍ਹਾਈ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਾਡੇ ਸਮਾਜ 'ਚ ਇਹ ਕਹਾਵਤ ਪ੍ਰਚਲਿਤ ਹੋਈ, 'ਪੜ੍ਹੋਗੇ ਲਿਖੋਗੇ ਬਣੋਗੇ ਨਵਾਬ, ਖੇਡੋਗੇ ਕੁੱਦੋਗੇ ਹੋਵੋਗੇ ਖਰਾਬ' ਇਹ ਅਤਿਅੰਤ ਦੁਖਦਾਈ ਹੈ ਕਿ ਅੱਜ-ਕੱਲ੍ਹ ਦੇ ਮਾਤਾ-ਪਿਤਾ, ਮਾਪੇ ਖੇਡਾਂ ਨੂੰ ਸਿੱਖਿਆ 'ਚ ਅੜਿੱਕਾ ਮੰਨਦੇ ਹਨ ਅਤੇ ਖੇਡਾਂ 'ਤੇ ਜ਼ੋਰ ਨਹੀਂ ਦਿੰਦੇ, ਸਗੋਂ ਪੜ੍ਹਾਈ 'ਤੇ ਜ਼ੋਰ ਦਿੰਦੇ ਹਨ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਸਾਡੇ ਇੱਥੇ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਹਨ।



ਸੱਚਾਈ ਤਾਂ ਇਹ ਹੈ ਕਿ ਖੇਡ ਦੇ ਕਈ ਮੈਦਾਨਾਂ 'ਚ ਕੰਕਰੀਟ ਦੇ ਜੰਗਲ ਉੱਗ ਆਏ ਹਨ ਸਕੂਲਾਂ ਕੋਲ ਕੋਈ ਪਲੇਅ ਗਰਾਊਂਡ ਬਚਿਆ ਹੀ ਨਹੀਂ ਹੈ ਨਾ ਖੇਡਾਂ ਦਾ ਸਾਮਾਨ ਹੈ ਅਤੇ ਨਾ ਖੇਡਾਂ ਲਈ ਪੈਸਾ, ਕੋਚ, ਹੱਲਾਸ਼ੇਰੀ ਦੀ ਕੋਈ ਵਿਸ਼ੇਸ਼ ਵਿਵਸਥਾ ਹੀ ਮੁਹੱਈਆ ਹੈ। ਅੱਜ ਖੇਡਾਂ ਪ੍ਰਤੀ ਜੇਕਰ ਉਦਾਸੀਨਤਾ ਹੈ ਤਾਂ ਉਸ ਦਾ ਇੱਕ ਕਾਰਨ ਗਰੀਬੀ ਵੀ ਹੈ ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਕਿਸੇ ਪੈਸਾ ਕਮਾਉਣ ਵਾਲੇ ਕੰਮ 'ਚ ਲਾਉਣਾ ਚੰਗਾ ਸਮਝਦੇ ਹਾਂ।

ਅਸੀਂ ਖੇਡਾਂ ਨੂੰ ਮਹੱਤਵ ਨਹੀਂ ਦਿੰਦੇ ਅਸੀਂ ਉਨ੍ਹਾਂ ਨੂੰ ਖੇਡਾਂ ਦੀ ਕੋਚਿੰਗ ਦਿਵਾਉਣ ਦੀ ਬਜਾਇ ਕਿਸੇ ਵਪਾਰਕ ਸਿੱਖਿਆ ਕੇਂਦਰ 'ਚ ਭਰਤੀ ਕਰਵਾਉਣਾ ਕਿਤੇ ਜਿਆਦਾ ਸਹੀ ਸਮਝਦੇ ਹਾਂ। ਅੱਜ ਖੇਡ ਜਗਤ 'ਚ ਚੀਨ, ਜਾਪਾਨ, ਰੂਸ, ਅਮਰੀਕਾ ਵਰਗੇ ਦੇਸ਼ ਅੱਗੇ ਹਨ ਤਾਂ ਉਸ ਦਾ ਕਾਰਨ ਇਹ ਹੈ ਕਿ ਇਹ ਦੇਸ਼ ਖੇਡਾਂ ਨੂੰ ਖੇਡਾਂ ਸਮਝ ਕੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਦੀ ਸਹੀ ਵਿਵਸਥਾ ਕਰਦੇ ਹਨ, ਖੇਡਾਂ 'ਤੇ ਪੜ੍ਹਾਈ ਤੋਂ ਵੀ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਅੱਜ ਭਾਰਤ ਵੱਖ-ਵੱਖ ਖੇਤਰਾਂ 'ਚ ਵਿਕਾਸ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ ਭਾਰਤ ਦੀ ਅਰਥਵਿਵਸਥਾ ਬਹੁਤ ਚੰਗੀ ਸਥਿਤੀ 'ਚ ਹੈ ਜੇਕਰ ਅਸੀਂ ਸਾਡੇ ਭਾਰਤ ਨੂੰ ਹੋਰ ਵਿਕਸਿਤ ਦੇਸ਼ਾਂ ਵਾਂਗ ਵਿਕਸਿਤ ਬਣਾਉਣਾ ਹੈ ਤਾਂ ਸਾਨੂੰ ਖੇਡਾਂ ਵੱਲ ਲੋੜੀਂਦਾ ਅਤੇ ਸਮਾਂ ਰਹਿੰਦੇ ਧਿਆਨ ਦੇਣਾ ਹੋਵੇਗਾ। ਦੌੜ, ਕੁਸ਼ਤੀ, ਤੈਰਾਕੀ, ਰੱਸਾਕਸ਼ੀ, ਉੱਚੀ ਛਾਲ, ਨਿਸ਼ਾਨੇਬਾਜ਼ੀ, ਰੱਸੀ ਟੱਪਣਾ, ਗੁੱਲੀ ਡੰਡਾ ਆਦਿ ਨਾ ਜਾਣੇ ਕਿੰਨੀਆਂ ਚੰਗੀਆਂ ਤੇ ਬਿਹਤਰੀਨ ਖੇਡਾਂ, ਜੋ ਬੱਚਿਆਂ ਦਾ ਸਰੀਰਕ ਅਤੇ ਗਜ਼ਬ ਦਾ ਮਾਨਸਿਕ ਵਿਕਾਸ ਕਰਦੀਆਂ ਸਨ, ਉਹ ਸਾਰੀਆਂ ਸਮੇਂ ਦੇ ਨਾਲ ਸਿਮਟਦੀਆਂ ਜਾ ਰਹੀਆਂ ਹਨ। ਅਸਲ ਵਿੱਚ ਪਾਰੰਪਰਿਕ ਖੇਡਾਂ 'ਚ ਗਿਰਾਵਟ ਦੇ ਅੱਜ ਕਈ ਕਾਰਨ ਹਨ, ਜਿਨ੍ਹਾਂ 'ਚ ਅੱਜ ਦੀ ਭੌਤਿਕਵਾਦੀ ਭੱਜ-ਦੌੜ ਭਰੀ ਜ਼ਿੰਦਗੀ 'ਚ ਸਮੇਂ ਦੀ ਘਾਟ, ਕ੍ਰਿਕਟ, ਹਾਕੀ, ਬੈਡਮਿੰਟਨ ਆਦਿ ਆਧੁਨਿਕ ਖੇਡਾਂ ਦੀ ਤੇਜ਼ੀ ਨਾਲ ਵਧਦੀ ਹਰਮਨਪਿਆਰਤਾ, ਇੰਡੋਰ, ਵੀਡੀਓ ਗੇਮ 'ਚ ਵਧਦੀ ਰੁਚੀ, ਦੂਰਦਰਸ਼ਨ, ਮਲਟੀਪਲੈਕਸ ਸੰਸਕ੍ਰਿਤੀ, ਮੋਬਾਇਲ ਸੰਸਕ੍ਰਿਤੀ ਆਦਿ ਦਾ ਵਿਆਪਕ ਪ੍ਰਭਾਵ ਆਦਿ ਕਾਰਨ ਵਿਸ਼ੇਸ਼ ਹਨ।

ਸਾਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਪਰੰਪਰਾਗਤ ਖੇਡਾਂ ਬਾਰੇ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਦੇਣੀ ਹੋਵੇਗੀ, ਬੱਚਿਆਂ ਨੂੰ ਖੇਡਾਂ ਖੇਡਣ ਲਈ ਉਤਸ਼ਾਹਿਤ ਕਰਨਾ ਹੋਵੇਗਾ, ਖੇਡਾਂ ਦੇ ਬਜਟ ਵੱਲ ਵੀ ਧਿਆਨ ਦੇਣਾ ਹੋਵੇਗਾ, ਸਿੱਖਿਆ ਦੇ ਨਾਲ ਜੇਕਰ ਸਹਿ-ਸਿੱਖਿਆ ਗਤੀਵਿਧੀਆਂ 'ਚ ਖੇਡਾਂ ਨੂੰ ਵਿਆਪਕ ਪੱਧਰ 'ਤੇ ਸਥਾਨ ਦਿੱਤਾ ਜਾਵੇ, ਤਾਂ ਅਸੀਂ ਖੇਡਾਂ ਦੇ ਖੇਤਰ 'ਚ ਅੱਗੇ ਵਧ ਸਕਦੇ ਹਾਂ ਖੇਡਾਂ ਨੂੰ ਵਿਕਾਸ ਦਾ ਇੱਕ ਅੰਗ ਬਣਾ ਕੇ ਹੀ ਅਸੀਂ ਭਾਰਤੀ ਵਿਸ਼ਵ ਦੇ ਹੋਰ ਵਿਕਸਿਤ ਦੇਸ਼ਾਂ ਨਾਲ ਖੜ੍ਹੇ ਹੋ ਸਕਦੇ ਹਾਂ ਸਿੱਖਿਆ ਦੇ ਨਾਲ ਖੇਡਾਂ ਵੀ ਜ਼ਰੂਰੀ ਹਨ। ਸਾਨੂੰ ਖੇਡਾਂ ਪ੍ਰਤੀ ਆਪਣੀ ਮਾਨਸਿਕਤਾ ਨੂੰ ਬਦਲਣਾ ਹੋਵੇਗਾ ਅਤੇ ਖੇਡਾਂ ਨੂੰ ਮਹੱਤਵ ਦੇਣਾ ਹੋਵੇਗਾ।

## ਚੋਣਾਂ 'ਚ ਹਾਰ ਦੇ ਬਾਵਜੂਦ ਕਾਂਗਰਸ ਪਹਿਲਾਂ

ਕੀਤੀਆਂ ਹਨ। ਇਸੇ ਤਰ੍ਹਾਂ ਛੱਤੀਸਗੜ੍ਹ ਵਿੱਚ ਇਸ ਨੇ 13.3 ਫੀਸਦੀ ਦੇ ਵਾਧੇ ਨਾਲ 46.3 ਫੀਸਦੀ ਵੋਟਾਂ ਹਾਸਲ ਕੀਤੀਆਂ ਹਨ। ਰਾਜਸਥਾਨ ਵਿੱਚ ਵੀ ਇਸ ਨੇ 2.9 ਫੀਸਦੀ ਦੇ ਵਾਧੇ ਨਾਲ ਕੁੱਲ 41.7 ਫੀਸਦੀ ਵੋਟਾਂ ਹਾਸਲ ਕੀਤੀਆਂ ਹਨ। ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਵੋਟ ਪ੍ਰਤੀਸ਼ਤ ਵਿੱਚ ਭਾਰੀ ਵਾਧਾ ਅਤੇ ਰਾਜਸਥਾਨ ਵਿੱਚ ਵੀ ਕੁਝ ਵਾਧਾ 2024 ਦੀਆਂ ਚੋਣਾਂ ਲਈ ਇੱਕ ਸਪੱਸ਼ਟ ਸੰਕੇਤ ਹੈ ਜਿਸ ਨੂੰ ਕਿਸੇ ਨੂੰ ਭੁੱਲਣਾ ਨਹੀਂ ਚਾਹੀਦਾ। ਭਾਜਪਾ ਹਿੰਦੀ ਭਾਸ਼ੀ ਇਲਾਕਿਆਂ ਵਿੱਚ ਅਜੇ ਵੀ ਆਪਣੀ ਵੋਟ ਵਧਾਉਣ ਵਿੱਚ ਕਾਮਯਾਬ ਰਹੀ ਹੈ। ਅਤੇ ਮੋਟੇ ਤੌਰ 'ਤੇ ਉਨ੍ਹਾਂ ਦੀ ਵੋਟ 45 ਫੀਸਦੀ ਦੇ ਕਰੀਬ ਪਹੁੰਚ ਗਈ ਹੈ।

ਦੂਜੇ ਪਾਸੇ, ਇਸ ਚੋਣ ਵਿੱਚ ਵਿਰੋਧੀ ਧਿਰ ਆਮ ਤੌਰ 'ਤੇ ਅਤੇ ਕਾਂਗਰਸ ਖਾਸ ਤੌਰ 'ਤੇ ਦੋ ਰਾਜਾਂ- ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਸੱਤਾ ਗੁਆ ਚੁੱਕੀ ਹੈ। ਇਹ ਝਟਕਾ ਹੋਰ ਵੀ ਵੱਡਾ ਹੈ ਕਿਉਂਕਿ ਇਸ ਤੋਂ ਬਾਅਦ ਬਿਹਾਰ ਵਿੱਚ ਮਹਾਗਠਜੋੜ ਸਰਕਾਰ ਵਿੱਚ ਕਾਂਗਰਸ ਦੀ ਹਿੱਸੇਦਾਰੀ ਹੋਣ ਤੋਂ ਇਲਾਵਾ ਹਿੰਦੀ ਭਾਸ਼ੀ ਖਿੱਤੇ ਵਿੱਚ ਸਿਰਫ਼ ਹਿਮਾਚਲ ਦੀ ਹੀ ਸਰਕਾਰ ਰਹਿ ਗਈ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ ਕਾਂਗਰਸ ਪਿਛਲੀਆਂ ਚੋਣਾਂ ਦੇ ਮੁਕਾਬਲੇ 48 ਸੀਟਾਂ ਗੁਆ ਕੇ ਸਿਰਫ 66 ਸੀਟਾਂ 'ਤੇ ਆ ਗਈ ਹੈ, ਜਦਕਿ ਛੱਤੀਸਗੜ੍ਹ ਵਿੱਚ 33 ਸੀਟਾਂ ਗੁਆ ਕੇ 35 ਸੀਟਾਂ 'ਤੇ ਆ ਗਈ ਹੈ ਅਤੇ ਰਾਜਸਥਾਨ ਵਿੱਚ ਇਹ 70 ਸੀਟਾਂ 'ਤੇ ਆ ਗਈ ਹੈ। 31 ਸੀਟਾਂ ਹਾਰੀਆਂ। ਧੱਕਾ ਬਿਨਾਂ ਸ਼ੱਕ ਵੱਡਾ ਹੈ। ਇਸ ਦੇ ਬਾਵਜੂਦ ਇਹ ਨਹੀਂ ਭੁੱਲਣਾ ਚਾਹੀਦਾ ਕਿ ਚੋਣ ਨਤੀਜਿਆਂ ਤੋਂ ਜੋ ਆਮ ਕਾਹਲੀ ਵਾਲੇ ਸਿੱਟਿਆਂ ਅਤੇ ਧਾਰਨਾਵਾਂ ਨੂੰ ਅੰਜਾਮ ਦਿੱਤਾ ਗਿਆ ਹੈ, ਉਸ ਦੇ ਉਲਟ, 2018 ਦੀਆਂ ਚੋਣਾਂ ਦੇ ਮੁਕਾਬਲੇ ਜਦੋਂ ਕਾਂਗਰਸ ਨੇ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਜਿੱਤ ਹਾਸਲ ਕੀਤੀ ਸੀ, ਤਾਂ ਇਹ ਚੋਣਾਂ ਵਿੱਚ ਵੀ ਕਾਂਗਰਸ ਨੇ ਘੱਟ-ਵੱਧ ਆਪਣਾ ਵੋਟ ਸ਼ੇਅਰ ਬਰਕਰਾਰ ਰੱਖਿਆ। ਮੱਧ ਪ੍ਰਦੇਸ਼ ਵਿੱਚ ਵੱਡੀ ਹਾਰ ਦੇ ਬਾਵਜੂਦ ਕਾਂਗਰਸ ਦੇ ਵੋਟ ਹਿੱਸੇ ਵਿੱਚ ਸਿਰਫ਼ 0.5 ਫ਼ੀਸਦੀ ਦੀ ਗਿਰਾਵਟ ਆਈ ਹੈ ਅਤੇ ਉਸ ਨੇ 40.4 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ, ਜਦੋਂ ਕਿ ਰਾਜਸਥਾਨ ਵਿੱਚ ਇਸ ਦੇ ਵੋਟ ਹਿੱਸੇ ਵਿੱਚ ਸਿਰਫ਼ 0.1 ਫ਼ੀਸਦੀ ਦਾ ਵਾਧਾ ਹੋਇਆ ਹੈ ਅਤੇ ਉਸ ਨੇ 39.7 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਛੱਤੀਸਗੜ੍ਹ ਵਿੱਚ ਵੀ ਕਾਂਗਰਸ ਦੀਆਂ ਵੋਟਾਂ ਵਿੱਚ 0.8 ਫੀਸਦੀ ਦੀ ਕਮੀ ਆਈ ਹੈ ਅਤੇ ਉਸਦਾ ਹਿੱਸਾ 42.2 ਫੀਸਦੀ ਰਹਿ ਗਿਆ ਹੈ। ਇਹ ਦੱਸਣ ਦੀ ਲੋੜ ਨਹੀਂ ਕਿ ਇਨ੍ਹਾਂ ਤਿੰਨਾਂ ਰਾਜਾਂ (ਜਿਸ ਨੂੰ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਬਹੁਤ ਜ਼ਿਆਦਾ ਵਾਧਾ ਕਿਹਾ ਜਾਵੇਗਾ) ਵਿੱਚ ਭਾਜਪਾ ਦੀਆਂ ਵੋਟਾਂ ਵਿੱਚ ਜੋ ਵੀ ਵਾਧਾ ਹੋਇਆ ਹੈ ਅਤੇ ਇਸ ਦੀਆਂ ਸੀਟਾਂ ਵਿੱਚ ਵੀ ਜ਼ਿਆਦਾ ਵਾਧਾ ਹੋਇਆ ਹੈ, ਉਹ ਹੋਰ ਸਿਆਸੀ ਖਿਡਾਰੀਆਂ ਦੇ ਪ੍ਰਭਾਵ ਕਾਰਨ ਹੋਇਆ ਹੈ। ਇਹ ਨਿਚੋੜੇ ਜਾਣ ਦੀ ਕਹਾਣੀ ਹੈ। ਮੱਧ ਪ੍ਰਦੇਸ਼ ਵਿੱਚ, ਬਾਕੀਆਂ ਦੇ ਖਾਤੇ ਵਿੱਚ, ਜਿਸ ਵਿੱਚ ਬਸਪਾ, ਸਪਾ ਅਤੇ ਗੋਂਡਵਾਨਾ ਗਣਤੰਤਰ ਪਾਰਟੀ ਸ਼ਾਮਲ ਹਨ, ਵੋਟਾਂ ਪੂਰੀ ਤਰ੍ਹਾਂ 7 ਪ੍ਰਤੀਸ਼ਤ ਘਟ ਕੇ 11 ਪ੍ਰਤੀਸ਼ਤ ਰਹਿ ਗਈਆਂ ਅਤੇ ਸੀਟਾਂ 6 ਤੋਂ ਸਿਰਫ 1 ਰਹਿ ਗਈਆਂ। ਇਸੇ ਤਰ੍ਹਾਂ ਛੱਤੀਸਗੜ੍ਹ ਵਿੱਚ ਇਸ ਵਰਗ ਦੀ ਵੋਟ ਪ੍ਰਤੀਸ਼ਤਤਾ 12.5 ਫੀਸਦੀ ਘਟ ਕੇ ਸਿਰਫ 11.5 ਫੀਸਦੀ ਰਹਿ ਗਈ ਅਤੇ ਸੀਟਾਂ ਦੀ ਗਿਣਤੀ 6 ਘਟ ਕੇ ਸਿਰਫ 1 ਰਹਿ ਗਈ। ਇਸ ਵਿੱਚ ਸਪਾ, ਬਸਪਾ, ਗੋਂਪਾ ਆਦਿ ਤੋਂ ਇਲਾਵਾ ਅਜੀਤ ਜੋਗੀ ਦੀ ਪਾਰਟੀ ਵੀ ਸ਼ਾਮਲ ਸੀ। ਰਾਜਸਥਾਨ ਵਿੱਚ ਹੀ ਦੂਜਿਆਂ ਦੀਆਂ ਵੋਟਾਂ ਵਿੱਚ ਮੁਕਾਬਲਤਨ 3 ਫੀਸਦੀ ਦੀ ਮਾਮੂਲੀ ਗਿਰਾਵਟ ਆਈ ਹੈ, ਹਾਲਾਂਕਿ ਇਸ ਸ਼੍ਰੇਣੀ ਵਿੱਚ ਸ਼ਾਮਲ ਪਾਰਟੀਆਂ ਦੀਆਂ ਸੀਟਾਂ ਦੀ ਗਿਣਤੀ ਪੂਰੀ ਤਰ੍ਹਾਂ 12 ਤੋਂ 14 ਤੱਕ ਘੱਟ ਗਈ ਹੈ। ਇਸ ਤਰ੍ਹਾਂ, ਭਾਜਪਾ ਨੇ ਇਸ ਚੋਣ ਵਿੱਚ ਆਪਣੀ ਸ਼ਾਨਦਾਰ ਜਿੱਤ ਦਰਜ ਕੀਤੀ ਹੈ, ਜੋ ਕਿ ਹੋਰਾਂ ਦੀ ਸ਼੍ਰੇਣੀ ਵਿੱਚ ਆਉਂਦੀਆਂ ਸਿਆਸੀ ਤਾਕਤਾਂ ਦੀ ਕੀਮਤ 'ਤੇ ਹੈ।

ਇਨ੍ਹਾਂ ਚੋਣਾਂ ਵਿੱਚ ਭਾਜਪਾ ਦੀ ਜਿੱਤ ਅਤੇ ਕਾਂਗਰਸ ਅਤੇ ਵਿਰੋਧੀ ਧਿਰ ਦੀ ਹਾਰ ਦੀ ਗੰਭੀਰਤਾ ਨੂੰ ਘੱਟ ਨਾ ਕਰਦੇ ਹੋਏ ਇਨ੍ਹਾਂ ਨਤੀਜਿਆਂ ਤੋਂ ਇੱਕ ਗੱਲ ਸਹਿਜੇ ਹੀ ਸਮਝੀ ਜਾ ਸਕਦੀ ਹੈ। ਇਨ੍ਹਾਂ ਰਾਜਾਂ ਦੇ ਨਤੀਜਿਆਂ ਦੇ ਹਵਾਲੇ ਨਾਲ ਕੋਈ ਵੀ 2024 ਦੀਆਂ ਆਮ ਚੋਣਾਂ ਦੇ ਨਤੀਜਿਆਂ ਦੀ ਗਾਰੰਟੀ ਨਹੀਂ ਦੇ ਸਕਦਾ। ਬੇਸ਼ੱਕ ਇਸ ਚੋਣ ਵਿੱਚ ਭਾਜਪਾ ਦਾ ਪੱਕਾ ਭਾਰੂ ਰਿਹਾ ਹੈ ਅਤੇ ਉਹ ਕਾਫ਼ੀ ਭਾਰੀ ਰਿਹਾ ਹੈ, ਪਰ ਇਹ ਵੀ ਸੱਚ ਹੈ ਕਿ ਤਿੰਨਾਂ ਰਾਜਾਂ ਵਿੱਚ ਚੋਣ ਲੜਨ ਲਈ ਉਸ ਕੋਲ ਕਾਫ਼ੀ ਤਾਕਤ ਸੀ। ਅਤੇ ਇਹ ਤਾਕਤ ਜੋ 2018 ਤੋਂ 2023 ਦੇ ਪੰਜ ਸਾਲਾਂ ਵਿੱਚ ਲਗਭਗ ਇੱਕੋ ਜਿਹੀ ਰਹੀ ਹੈ, ਅਗਲੀਆਂ ਚੋਣਾਂ ਤੱਕ ਵੀ ਆਸਾਨੀ ਨਾਲ ਬਦਲਣ ਵਾਲੀ ਨਹੀਂ ਹੈ। ਇੱਕ ਬਰਾਬਰ ਦੀ ਵੱਡੀ ਸੱਚਾਈ ਇਹ ਹੈ ਕਿ ਭਾਜਪਾ ਦੀ ਵੋਟ 45 ਫੀਸਦੀ ਦੇ ਕਰੀਬ ਪਹੁੰਚ ਜਾਵੇਗੀ।

***

## ਅਮਰੀਕਾ 'ਚ ਅਣਪਛਾਤੇ ਵਿਅਕਤੀ ਵੱਲੋਂ

ਤੇ ਬਾਕੀ 4 ਜ਼ਖਮੀਆਂ ਵਿਚੋਂ ਤਿੰਨ ਤੀਹਵਿਆਂ ਵਿੱਚ ਹਨ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਮ੍ਰਿਤਕ ਤੇ ਜ਼ਖਮੀਆਂ ਦੇ ਨਾਂ ਅਜੇ ਜਾਰੀ ਨਹੀਂ ਕੀਤੇ ਹਨ। ਜੌਹਨਸਨ ਨੇ ਕਿਹਾ ਕਿ ਮੌਕੇ ਦੇ ਗਵਾਹਾਂ ਅਨੁਸਾਰ ਉਨਾਂ ਨੇ ਗੋਲੀਬਾਰੀ ਤੋਂ ਬਾਅਦ ਇੱਕ ਵਿਅਕਤੀ ਨੂੰ ਹਨੇਰੇ ਦੀ ਓਟ ਲੈ ਕੇ ਫਰਾਰ ਹੁੰਦਾ ਵੇਖਿਆ ਹੈ ਪਰੰਤੂ ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ ਫਰਾਰ ਹੋਇਆ ਵਿਅਕਤੀ ਗੋਲੀਬਾਰੀ ਵਿੱਚ ਸ਼ਾਮਲ ਹੈ ਜਾਂ ਨਹੀਂ। ਇਥੇ ਜਿਕਰਯੋਗ ਹੈ ਕਿ ਲਾਸ ਵੇਗਾਸ ਪੁਲਿਸ ਵਿਭਾਗ ਨੇ ਲੰਘੇ ਸ਼ੁੱਕਰਵਾਰ ਸੇਫਟੀ ਬੁਲੇਟਿਨ ਜਾਰੀ ਕੀਤਾ ਸੀ, ਜਿਸ ਵਿੱਚ ਬੇਘਰੇ ਲੋਕਾਂ ਨੂੰ ਕਿਹਾ ਗਿਆ ਸੀ ਕਿ ਉਹ ਖੁਲੇ ਵਿੱਚ ਸੜਕਾਂ ਉਪਰ ਸੌਣ ਦੀ ਬਜਾਏ ਰੈਣ ਬਸੇਰਿਆਂ ਵਿੱਚ ਸੌਣ।

ਇਸੇ ਹਫਤੇ ਲਾਸ ਏਂਜਲਸ (ਕੈਲੀਫੋਰਨੀਆ) ਵਿੱਚ ਵੱਖ-ਵੱਖ ਥਾਵਾਂ 'ਤੇ

ਗੋਲੀਆਂ ਮਾਰ ਕੇ 3 ਬੇਘਰਿਆਂ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿੱਚ ਪੁਲਿਸ ਨੇ ਇਕ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਹੈ।

ਲਾਸ ਏਂਜਲਸ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਨਾਂ ਨੂੰ ਉਸ ਵੇਲੇ ਗੋਲੀ ਮਾਰੀ ਗਏ ਜਦੋਂ ਉਹ ਇਕੱਲੇ ਸੁੱਤੇ ਪਏ ਸਨ। ਲਾਸ ਏਂਜਲਸ ਪੁਲਿਸ ਮੁਖੀ ਮੀਸ਼ੈਲ ਮੂਰ ਨੇ ਕਿਹਾ ਕਿ ਸ਼ੱਕੀ ਦੀ ਪਛਾਣ ਜੈਰਿਡ ਜੋਸਫ ਪਾਵੇਲ (33) ਵਜੋਂ ਹੋਈ ਹੈ ਜੋ ਇਕ ਕਾਲਾ ਹੈ ਤੇ ਲਾਸ ਏਂਜਲਸ ਦਾ ਹੀ ਵਸਨੀਕ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਅਨੁਸਾਰ ਉਸ ਨੂੰ ਵਾਹਣਾਂ ਦੀ ਤਲਾਸ਼ ਦੌਰਾਨ ਉਸੇ ਦਿਨ ਗ੍ਰਿਫਤਾਰ ਕੀਤਾ ਗਿਆ ਜਿਸ ਦਿਨ ਤੀਸਰੇ ਬੇਘਰੇ ਵਿਅਕਤੀ ਦੀ ਹੱਤਿਆ ਹੋਈ ਸੀ।

***

## ਨਸ਼ਾ ਤਸਕਰੀ ਦੇ ਮਾਮਲਿਆਂ

ਵਿੱਚ 12,442 ਐੱਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ। ਇਸ ਅੰਕੜੇ ਨਾਲ ਪੰਜਾਬ ਦੇਸ਼ ਭਰ ਵਿੱਚੋਂ ਤੀਜੇ ਨੰਬਰ 'ਤੇ ਆਉਂਦਾਹੈ। ਮਹਾਰਾਸ਼ਟਰ ਵਿੱਚ ਨਸ਼ਾ ਤਸਕਰੀ ਦੇ 13,830 ਕੇਸ ਦਰਜ ਕੀਤੇ ਗਏ ਹਨ।

ਐੱਨ.ਸੀ.ਆਰ.ਬੀ. ਦੀ ਰਿਪੋਰਟ ਕੇਸਾਂ ਦੀ ਗਿਣਤੀ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਦੀ ਹੈ- ਪਹਿਲੀ ਸ਼੍ਰੇਣੀ ਵਿੱਚ ਉਹ ਵਿਅਕਤੀ ਆਉਂਦੇ ਹਨ ਜੋ ਨਸ਼ੀਲੇ ਪਦਾਰਥ ਨਿੱਜੀ ਖ਼ਪਤ ਲਈ ਰੱਖਦੇ ਸਨ ਜਦਕਿ ਦੂਜੀ ਸ਼੍ਰੇਣੀ ਵਿੱਚ ਉਹ ਲੋਕ ਆਉਂਦੇ ਹਨ ਜਿਹੜੇ ਕਿ ਨਸ਼ੇ ਦੀ ਸਿਰਫ ਤਸਕਰੀ ਕਰਦੇ ਹਨ। ਪੰਜਾਬ ਵਿੱਚ ਇਸ ਵਰਗ ਦੇ 7433 ਕੇਸ ਦਰਜ ਹਨ ਜਿਸ ਕਰ ਕੇ ਇਸ ਵਰਗ ਵਿੱਚ ਪੰਜਾਬ ਦੇਸ਼ ਭਰ ਵਿੱਚ ਮੋਹਰੀ ਹੈ। ਐਨ.ਡੀ.ਪੀ.ਐਸ. ਦੇ ਸਾਲ 2016-2018 ਤੱਕ ਦਰਜ ਕੇਸਾਂ ਵਿੱਚੋਂ ਪੰਜਾਬ ਸਭ ਤੋਂ ਉੱਪਰ ਹੈ। ਇਹ 2019 ਅਤੇ 2020 ਵਿੱਚ ਦੇਸ਼ ਵਿੱਚ ਦੂਜੇ ਨੰਬਰ 'ਤੇ ਸੀ ਜਦਕਿ 2021 ਵਿੱਚ ਤੀਜੇ ਸਥਾਨ 'ਤੇ ਰਿਹਾ। ਪੰਜਾਬ ਵਿੱਚ ਨਸ਼ਾ ਤਸਕਰੀ ਸਮਾਜਿਕ, ਅਪਰਾਧਿਕ ਅਤੇ ਰਾਜਨੀਤਿਕ ਪੱਖ ਤੋਂ ਚਰਚਾ ਦਾ ਵਿਸ਼ਾ ਰਹੀ ਹੈ। ਪੁਲੀਸ ਨੇ ਨਸ਼ਾ ਤਸਕਰੀ ਲਈ ਸਿਆਸਤਦਾਨਾਂ, ਕਾਰੋਬਾਰੀਆਂ ਅਤੇ ਇੱਥੋਂ ਤੱਕ ਕਿ ਸੀਨੀਅਰ ਪੁਲਿਸ ਅਧਿਕਾਰੀਆਂ 'ਤੇ ਵੀ ਕੇਸ ਦਰਜ ਕੀਤੇ ਹਨ।

***

## ਸਿੱਖਾਂ ਨੂੰ ਆਪਣੀ ਅੰਦਰੂਨੀ ਕਤਾਰਬੰਦੀ ਗੁਰਮਤੇ

ਦਹਿਸ਼ਤੀ ਕਾਰਵਾਈਆਂ ਕਰਵਾ ਰਹੀ ਹੈ ਓਥੇ ਦੂਜੇ ਪਾਸੇ ਖ਼ਾਲਿਸਤਾਨ ਦੇ ਸੰਘਰਸ਼ ਨੂੰ ਇਹਨਾਂ ਮੁਜਰਮ ਅਨਸਰਾਂ ਨਾਲ ਜੋੜ ਕੇ ਬਦਨਾਮ ਕਰਨ ਲਈ ਭੰਡੀ ਪਰਚਾਰ ਦੀ ਦੂਹਰੀ ਨੀਤੀ ਵੀ ਲਾਗੂ ਕਰ ਰਹੀ ਹੈ।

ਸਾਂਝੇ ਬਿਆਨ ਰਾਹੀਂ ਪੰਥਕ ਸ਼ਖ਼ਸੀਅਤਾਂ ਨੇ ਕਿਹਾ ਕਿ ਪਾਤਸ਼ਾਹੀ ਦਾਅਵਾ ਸਿੱਖਾਂ ਦਾ ਜਨਮ ਸਿੱਧ ਕੁਦਰਤੀ ਅਧਿਕਾਰ ਤੇ ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਹੈ। ਆਪਣੇ ਸੁਤੰਤਰ ਰਾਜ ਦੀ ਪ੍ਰਾਪਤੀ ਲਈ ਅੰਤਰਰਾਸ਼ਟਰੀ ਕਾਨੂੰਨਾਂ ਸੰਧੀਆਂ ਸਮਝੌਤਿਆਂ ਤਹਿਤ ਸਵੈ ਨਿਰਣੇ ਦੇ ਹੱਕ ਨੂੰ ਲਾਗੂ ਕਰਨ ਲਈ ਲੋਕਤੰਤਰੀ ਤਰੀਕਿਆਂ ਅਤੇ ਆਪਣੇ ਸਿੱਧਾਂਤਾਂ ਤੇ ਰਵਾਇਤਾਂ ਅਨੁਸਾਰ ਸੰਘਰਸ਼ ਕਰਨਾ ਸਿੱਖਾਂ ਦਾ ਹੱਕ ਅਤੇ ਫਰਜ਼ ਹੈ। ਉਹਨਾਂ ਕਿਹਾ ਕਿ ਇਸ ਵੇਲੇ ਦੱਖਣੀ ਏਸ਼ੀਆ ਦਾ ਖਿੱਤਾ ਵੱਡੀਆਂ ਸੰਸਾਰ ਤਾਕਤਾਂ ਦੇ ਮੁਫਾਦਾਂ ਦੇ ਭੇੜ ਦਾ ਇੱਕ ਧੁਰਾ ਬਣ ਰਿਹਾ ਹੈ ਅਤੇ ਪੰਜਾਬ ਤੇ ਸਿੱਖ ਇਸ ਕੇਂਦਰ ਵਿੱਚ ਆਉਂਦੇ ਹਨ। ਲੰਘੇ ਸਮੇਂ ਤੋਂ ਕੌਮਾਂਤਰੀ ਖ਼ਬਰਖਾਨੇ ਵਿੱਚ ਜਿਵੇਂ ਸਿੱਖਾਂ ਦੀ ਚਰਚਾ ਹੋ ਰਹੀ ਹੈ ਅਤੇ ਪੱਛਮੀ ਤਾਕਤਾਂ ਦੀ ਇੰਡੀਆ ਨਾਲ ਕੂਟਨੀਤੀ ਵਿੱਚ ਸਿੱਖਾਂ ਤੇ ਖਾਲਿਸਤਾਨ ਦੇ ਮਸਲੇ ਕੇਂਦਰ ਵਿੱਚ ਹਨ। ਇਸ ਬਣ ਰਹੇ ਮਹੌਲ ਵਿੱਚ ਸਿੱਖਾਂ ਦੇ ਪ੍ਰਭੂਸੱਤਾ ਸੰਪੰਨ ਦੇਸ਼ ਦੀ ਕਾਇਮੀ ਸਰਬਤ ਦੇ ਭਲੇ ਤੇ ਕੌਮਾਂਤਰੀ ਤਵਾਜ਼ਨ ਲਈ ਅਹਿਮ ਸਾਕਾਰਾਤਮਿਕ ਭੂਮਿਕਾ ਨਿਭਾਏਗੀ।

ਮੌਜੂਦਾ ਸਮੇਂ ਵਿੱਚ ਸਿੱਖਾਂ ਦੇ ਕਰਨਯੋਗ ਕਾਰਜਾਂ ਬਾਰੇ ਪੰਥ ਸੇਵਕਾਂ ਨੇ ਕਿਹਾ ਕਿ ਇਸ ਵੇਲੇ ਸਿੱਖਾਂ ਨੂੰ ਆਪਸੀ ਇਤਫ਼ਾਕ ਬਣਾ ਕੇ ਮਜ਼ਬੂਤੀ ਨਾਲ ਇੰਡੀਅਨ ਸਟੇਟ ਦੀਆਂ ਵਿਓਂਤ ਬੰਦੀਆਂ ਦਾ ਟਾਕਰਾ ਕਰਨ ਦੀ ਲੋੜ ਹੈ। ਸਿੱਖਾਂ ਨੂੰ ਆਪਣੀ ਅੰਦਰੂਨੀ ਕਤਾਰਬੰਦੀ ਗੁਰਮਤੇ ਅਤੇ ਪੰਚ ਪ੍ਰਧਾਨੀ ਪ੍ਰਣਾਲੀ ਅਨੁਸਾਰ ਕਾਇਦਾਬੱਧ ਕਰਨ ਦੀ ਲੋੜ ਹੈ। ਅਸੀਂ ਇਸ ਦਿਸ਼ਾ ਵਿੱਚ ਯਤਨਸ਼ੀਲ ਹਾਂ ਅਤੇ ਸਮੂਹ ਸੁਹਿਰਦ ਸਿੱਖ ਧਿਰਾਂ ਨੂੰ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਆਪਸੀ ਇਤਫ਼ਾਕ ਬਣਾ ਕੇ ਮੌਜੂਦਾ ਹਾਲਾਤ ਵਿੱਚ ਸਿੱਖਾਂ ਦੀ ਬਿਹਤਰੀ ਯਕੀਨੀ ਬਣਾਉਣ ਲਈ ਏਕਾ ਸਿਰਜਣ ਦੀ ਬੇਨਤੀ ਕਰਦੇ ਹਾਂ।

***

## ਅਮਰੀਕਾ ਵਿੱਚ ਖ਼ਾਲਿਸਤਾਨੀ ਪੰਨੂ ਕਤਲ

ਡੇਮੀਅਨ ਵਿਲਿਅਮਜ਼ ਦਾ ਪਰਿਵਾਰ ਜਮੈਕਾ ਤੋਂ 1970 ਦੇ ਦਹਾਕੇ ਵਿੱਚ ਅਮਰੀਕਾ ਆਇਆ ਸੀ। ਉਨ੍ਹਾਂ ਦਾ ਪਾਲਣ ਪੋਸ਼ਣ ਅਟਲਾਂਟਾ ਵਿੱਚ ਹੋਇਆ।

ਅਮਰੀਕਾ ਦੇ ਨਿਆਂ ਵਿਭਾਗ ਦੀ ਵੈੱਬਸਾਈਟ ਉੱਤੇ ਨਸ਼ਰ ਜਾਣਕਾਰੀ ਵਿੱਚ ਡੇਮੀਅਨ ਵਿਲਿਅਮਜ਼ ਬਾਰੇ ਲਿਖਿਆ ਗਿਆ ਹੈ, ਕਿ ਅਮਰੀਕਾ ਦੇ ਅਟਾਰਨੀ ਦੇ ਰੂਪ ਵਿੱਚ ਵਿਲਿਅਮਜ਼ ਸਾਰੇ ਸੰਘੀ ਅਪਰਾਧਾਂ ਦੀ ਜਾਂਚ, ਸਰਕਾਰੀ ਅਤੇ ਉਨ੍ਹਾਂ ਸਾਰੇ ਨਾਗਰਿਕ ਮਾਮਲਿਆਂ ਦੇ ਮੁਕੱਦਮਿਆਂ ਦੀ ਨਿਗਰਾਨੀ ਕਰਦੇ ਹਨ ਜਿਨ੍ਹਾਂ ਵਿੱਚ ਅਮਰੀਕਾ ਦਾ ਹਿੱਤ ਹੈ। ਉਹ ਲਗਭਗ 450 ਵਕੀਲਾਂ, ਵਿਸ਼ੇਸ਼ ਏਜੰਟਾਂ, ਪੈਰਾ ਲੀਗਲ ਅਤੇ ਹੋਰ ਸਹਾਇਕ ਪੇਸ਼ਾਵਰਾਂ ਦੇ ਕਰਮਚਾਰੀਆਂ ਦੀ ਟੀਮ ਦੀ ਅਗਵਾਈ ਕਰਦੇ ਹਨ। ਵਿਲਿਅਮਜ਼ ਅਟਾਰਨੀ ਜਨਰਲ ਦੀ ਸਲਾਹਕਾਰ ਕਮੇਟੀ (ਏਜੀਸੀ) ਦੇ ਪ੍ਰਧਾਨ ਦੇ ਰੂਪ ਵਿੱਚ ਵੀ ਕੰਮ ਕਰਦੇ ਹਨ, ਜੋ ਅਮਰੀਕਾ ਦੇ ਅਟਾਰਨੀ ਦਾ ਇੱਕ ਚੁਣਿੰਦਾ ਸਮੂਹ ਹੈ। ਇਹ ਸਮੂਹ ਨੀਤੀ, ਪ੍ਰਕਿਰਿਆ ਅਤੇ ਪ੍ਰਬੰਧਨ ਦੇ ਮਾਮਲਿਆਂ ਉੱਤੇ ਅਟਾਰਨੀ ਜਨਰਲ ਨੂੰ ਸਲਾਹ ਦਿੰਦਾ ਹੈ।'

ਅਮਰੀਕਾ ਦੇ ਨਿਊ ਰਿਪਬਲਿਕ ਮੈਗਜ਼ੀਨ ਮੁਤਾਬਕ ਡੇਮੀਅਨ ਵਿਲਿਅਮਜ਼ ਨੇ ਕੈਰੀਅਰ ਦੀ ਸ਼ੁਰੂਆਤ ਵਿੱਚ ਹੀ ਰਾਜਨੀਤਿਕ ਸਬੰਧ ਬਣਾਏ। ਉਨ੍ਹਾਂ ਨੇ 2004 ਵਿੱਚ ਜੌਨ ਕੈਰੀ ਦੀ ਚੋਣ ਮੁਹਿੰਮ ਦੌਰਾਨ ਫ਼ੀਲਡ ਆਰਗੇਨਾਈਜ਼ਰ ਦਾ ਕੰਮ ਕੀਤਾ। 2006 ਵਿੱਚ ਹੇਰਡਲ ਫ਼ੋਰਡ ਜੂਨੀਅਰ ਦੀ ਮੁਹਿੰਮ ਦੌਰਾਨ ਵੀ ਉਨ੍ਹਾਂ ਨੇ ਕੰਮ ਕੀਤਾ।

ਸਰਕਾਰੀ ਵਕੀਲ ਨਿਯੁਕਤ ਕੀਤੇ ਜਾਣ ਤੋਂ ਬਾਅਦ ਡੇਮੀਅਨ ਵਿਲਿਅਮਜ਼ ਨੇ ਨਿਊ ਯਾਰਕ ਟਾਈਮਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਸੀ, "ਮੈਂ ਇਸ ਕੰਮ ਵਿੱਚ ਆਇਆ ਕਿਉਂਕਿ ਮੈਨੂੰ ਗੁੰਡੇ ਪਸੰਦ ਨਹੀਂ ਹਨ। ਜੇ ਤੁਸੀਂ ਕਦੇ ਵੀ ਕੁਝ ਬੁਰਾ ਹੁੰਦੇ ਦੇਖਦੇ ਹੋ ਤਾਂ ਤੁਸੀਂ ਉਸ ਨੂੰ ਰੋਕਣ ਲਈ ਕੁਝ ਕਰਨ ਲਈ ਮਜਬੂਰ ਹੋ ਜਾਂਦੇ ਹੋ।' ?'

ਡੇਮੀਅਨ ਵਿਲਿਅਮਜ਼ ਨੇ ਇਹ ਗੱਲ ਉਸ ਦੌਰ ਨੂੰ ਯਾਦ ਕਰਦਿਆਂ ਕਹੀ ਸੀ ਜਦੋਂ ਲਗਭਗ ਇੱਕ ਦਹਾਕੇ ਪਹਿਲਾਂ ਨੌਜਵਾਨ ਸਰਕਾਰੀ ਵਕੀਲ ਦੇ ਰੂਪ ਵਿੱਚ ਉਨ੍ਹਾਂ ਨੇ ਡਰੱਗ ਤਸਕਰ ਗੈਂਗ ਖ਼ਿਲਾਫ਼ ਕੰਮ ਕੀਤਾ ਸੀ। ਸਰਕਾਰੀ ਵਕੀਲ ਬਣਨ ਤੋਂ ਬਾਅਦ ਉਨ੍ਹਾਂ ਨੇ ਸਾਊਥ ਡਿਸਟ੍ਰਿਕਟ ਵਿੱਚ ਸੰਗਠਿਤ ਅਪਰਾਧ ਅਤੇ ਗੈਂਗਾਂ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਕਾਰਵਾਈਆਂ ਦਾ ਵੀ ਐਲਾਨ ਕੀਤਾ ਸੀ।

***

## ਲੋਕ ਸਭਾ ਚੋਣਾਂ 'ਤੇ ਕਿੰਨਾ ਕੁ ਪ੍ਰਭਾਵ

ਸੀਟਾਂ ਹੀ ਜਿੱਤ ਸਕੇਗੀ। ਛੱਤੀਸਗੜ੍ਹ 'ਚ ਕਾਂਗਰਸ ਹੁਣ ਤੱਕ ਦੋ ਸੀਟਾਂ 'ਤੇ ਜਿੱਤ ਹਾਸਲ ਕਰ ਰਹੀ ਸੀ ਪਰ ਹੁਣ ਉਹ ਇਕ ਸੀਟ 'ਤੇ ਜਿੱਤ ਹਾਸਲ ਕਰ ਸਕੇਗੀ। ਮੱਧ ਪ੍ਰਦੇਸ਼ ਵਿੱਚ ਕਾਂਗਰਸ ਨੂੰ ਸ਼ਾਇਦ ਹੀ ਇੱਕ ਸੀਟ ਮਿਲ ਸਕੇਗੀ ਜਦਕਿ ਭਾਜਪਾ ਦੋ ਤੋਂ ਤਿੰਨ ਸੀਟਾਂ ਜਿੱਤਣ ਦੀ ਸਥਿਤੀ ਵਿੱਚ ਹੋਵੇਗੀ। ਪੰਜ ਰਾਜਾਂ ਦੀਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਭਾਵੇਂ ਭਾਜਪਾ ਆਗੂਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਜੇਤੂ ਰੱਥ ਨੂੰ ਕੋਈ ਪਾਰਟੀ ਨਹੀਂ ਰੋਕ ਸਕਦੀ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਭਾਜਪਾ ਦੀ ਜਿੱਤ ਹੋਵੇਗੀ ਪਰ ਇਹਨਾਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਅਗਾਮੀ ਲੋਕ ਸਭਾ ਚੋਣਾਂ 'ਤੇ ਕਿੰਨਾ ਕੁ ਪ੍ਰਭਾਵ ਪਵੇਗਾ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ।

***

## ਕਰਨੀ ਸੈਨਾ ਦੇ ਮੁਖੀ ਦੀ

ਚਲਾਉਣ ਤੋਂ ਪਹਿਲਾਂ 10 ਮਿੰਟ ਤੱਕ ਗੱਲ ਕੀਤੀ।" ਉਨ੍ਹਾਂ ਦੱਸਿਆ ਕਿ ਗੋਲੀਬਾਰੀ ਦੌਰਾਨ ਇੱਕ ਹਮਲਾਵਰ ਦੀ ਮੌਤ ਹੋ ਗਈ ਜਿਸ ਦੀ ਪਛਾਣ ਨਵੀਨ ਸਿੰਘ ਸ਼ੇਖਾਵਤ ਵਜੋਂ ਹੋਈ ਹੈ ਜਦਕਿ ਬਾਕੀ ਦੋ ਸਕੂਟੀ 'ਤੇ ਭੱਜਣ ਵਿੱਚ ਕਾਮਯਾਬ ਹੋ ਗਏ। ਗੋਗਾਮੇੜੀ ਦਾ ਇੱਕ ਸੁਰੱਖਿਆ ਗਾਰਡ ਗੋਲੀਬਾਰੀ ਵਿੱਚ ਜ਼ਖਮੀ ਹੋ ਗਿਆ ਅਤੇ ਉਸ ਨੂੰ ਹਸਪਤਾਲ ਦੇ ਆਈਸੀਯੂ ਵਿੱਚ ਦਾਖਲ ਕਰਵਾਇਆ ਗਿਆ ਹੈ। ਜੋਸਫ਼ ਨੇ ਕਿਹਾ, "ਪੂਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ ਹੈ। ਅਸੀਂ ਬਾਕੀ ਦੋ ਦੋਸ਼ੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਕਤਲ ਦੀ ਯੋਜਨਾ ਵਿੱਚ ਸ਼ਾਮਲ ਲੋਕਾਂ ਨੂੰ ਵੀ ਫੜ ਲਿਆ ਜਾਵੇਗਾ। ਮੁੱਢਲੀ ਜਾਣਕਾਰੀ ਅਨੁਸਾਰ ਸ਼ੇਖਾਵਤ ਦੁਕਾਨ ਚਲਾਉਂਦਾ ਸੀ। ਗੋਗਾਮੇੜੀ 'ਤੇ ਹਮਲੇ ਦੀ ਖਬਰ ਸੁਣਦੇ ਹੀ ਉਨ੍ਹਾਂ ਦੇ ਸਮਰਥਕ ਅਤੇ ਰਾਜਪੂਤ ਭਾਈਚਾਰੇ ਦੇ ਮੈਂਬਰ ਉਨ੍ਹਾਂ ਦੇ ਘਰ ਅਤੇ ਹਸਪਤਾਲ ਪਹੁੰਚਣੇ ਸ਼ੁਰੂ ਹੋ ਗਏ। ਗੋਗਾਮੇੜੀ ਦੇ ਇਕ ਰਿਸ਼ਤੇਦਾਰ ਨੇ ਹਸਪਤਾਲ ਦੇ ਬਾਹਰ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੂੰ ਲੰਬੇ ਸਮੇਂ ਤੋਂ ਧਮਕੀਆਂ ਮਿਲ ਰਹੀਆਂ ਸਨ ਅਤੇ ਹਮਲੇ ਦਾ ਡਰ ਸੀ। ਉਸ ਨੇ ਦਾਅਵਾ ਕੀਤਾ ਕਿ ਪੁਲੀਸ ਨੂੰ ਧਮਕੀਆਂ ਬਾਰੇ ਸੂਚਿਤ ਕੀਤਾ ਗਿਆ ਸੀ।

***

## ਭਾਰਤੀ ਖ਼ੁਫੀਆ ਏਜੰਸੀਆਂ

ਪੰਜਾਬ ਕਾਡਰ ਦੇ ਆਈਪੀਐੱਸ ਅਫ਼ਸਰ ਹਨ। ਬਰਤਾਨੀਆ ਨੇ ਵੀ ਇਕ 'ਰਾਅ' ਅਧਿਕਾਰੀ ਖ਼ਿਲਾਫ਼ ਕਾਰਵਾਈ ਕੀਤੀ ਹੈ। ਇਹ ਇਤਫਾਕ ਨਹੀਂ ਹੋ ਸਕਦਾ ਕਿ ਖਾਲਿਸਤਾਨ ਦੇ ਮੁੱਦੇ 'ਤੇ ਪੱਛਮ ਨਾਲ ਉਦੋਂ ਟਕਰਾਅ ਪੈਦਾ ਹੋਇਆ ਜਦੋਂ ਇਸੇ 'ਰਾਅ' ਅਧਿਕਾਰੀ ਦੀ ਇਸ ਮਾਮਲੇ 'ਚ ਸ਼ਮੂਲੀਅਤ ਮੰਨੀ ਜਾ ਰਹੀ ਹੈ। ਕੁਝ ਸਾਲ ਪਹਿਲਾਂ ਉਨ੍ਹਾਂ ਖ਼ੁਲਾਸਾ ਕੀਤਾ ਸੀ ਕਿ 'ਰਾਅ' ਵੱਲੋਂ ਖਾਲਿਸਤਾਨੀ ਵੱਖਵਾਦੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਕਥਿਤ ਪੱਤਰਕਾਰਾਂ ਦੀ ਵਰਤੋਂ ਤੋਂ ਕੈਨੇਡਾ ਅਤੇ ਜਰਮਨੀ ਪ੍ਰੇਸ਼ਾਨ ਹੋ ਗਏ ਸਨ। ਇਸੇ ਤਰ੍ਹਾਂ ਇੱਕ ਹੋਰ ਘਟਨਾ ਤਹਿਤ ਭਾਰਤੀ ਏਜੰਸੀਆਂ ਦਾ ਉਸ ਸਮੇਂ ਪਰਦਾਫ਼ਾਸ਼ ਹੋ ਗਿਆ ਸੀ ਜਦੋਂ ਉਨ੍ਹਾਂ ਵੱਖਵਾਦੀਆਂ ਨੂੰ ਭਰਤੀ ਕਰਨ ਦੀ ਕੋਸ਼ਿਸ਼ ਕੀਤੀ ਸੀ ਜੋ ਮੇਜ਼ਬਾਨ ਮੁਲਕਾਂ ਦੇ ਖ਼ੁਫ਼ੀਆ ਸਰੋਤ ਸਨ ਜਿੱਥੇ ਉਨ੍ਹਾਂ ਪਨਾਹ ਲਈ ਹੋਈ ਸੀ।

***

## ਔਰਤਾਂ ਲਈ ਸਭ ਤੋਂ ਜ਼ਿਆਦਾ

ਇੱਥੇ 68 ਲੜਕੇ ਸਨ ਜੋ ਗੰਭੀਰ ਪ੍ਰਵੇਸ਼ ਜਿਨਸੀ ਹਮਲੇ ਦਾ ਸ਼ਿਕਾਰ ਹੋਏ ਸਨ।

ਐਨ.ਸੀ.ਆਰ.ਬੀ. ਦੀ ਰਿਪੋਰਟ ਦੇ ਅਨੁਸਾਰ, 2022 ਵਿੱਚ ਰਾਜ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਵਿੱਚ ਦੋਸ਼ੀ ਠਹਿਰਾਉਣ ਦੀ ਦਰ 28.6 ਪ੍ਰਤੀਸ਼ਤ ਸੀ ਅਤੇ ਅਦਾਲਤਾਂ ਵਿੱਚ ਪੈਂਡਿੰਗ ਕੇਸ 86.1 ਪ੍ਰਤੀਸ਼ਤ ਸਨ।

2022 ਵਿੱਚ ਦਿੱਲੀ ਵਿੱਚ ਆਈ. ਪੀ. ਸੀ. ਅਤੇ ਵਿਸ਼ੇਸ਼ ਅਤੇ ਸਥਾਨਕ ਕਾਨੂੰਨਾਂ ਤਹਿਤ ਔਰਤਾਂ ਵਿਰੁੱਧ ਅਪਰਾਧ ਦੇ 14,247 ਮਾਮਲੇ ਦਰਜ ਕੀਤੇ ਗਏ।

***

## ਭਾਰਤ ਦਾ ਸਭ ਤੋਂ ਸੁਰੱਖਿਅਤ

ਅਪਰਾਧ ਦਰ ਪ੍ਰਤੀ ਲੱਖ ਜਨਸੰਖਿਆ 'ਤੇ 27.1 ਸੀ, ਜੋ ਕੋਇੰਬਟੂਰ ਦੀ 12.9 ਅਤੇ ਚੇਨਈ ਦੀ 17.1 ਤੋਂ ਵੱਧ ਸੀ। ਇਸ ਸਾਲ ਕੋਲਕਾਤਾ 'ਚ ਹਿੰਸਕ ਅਪਰਾਧਾਂ 'ਚ ਵੀ ਗਿਰਾਵਟ ਦੇਖੀ ਗਈ ਅਤੇ ਕਤਲ ਦੇ ਸਿਰਫ਼ 34 ਮਾਮਲੇ ਦਰਜ ਕੀਤੇ ਗਏ, ਜੋ ਪਿਛਲੇ ਸਾਲ ਦੇ 45 ਮਾਮਲਿਆਂ ਤੋਂ ਘੱਟ ਹਨ। ਰਿਪੋਰਟ ਅਨੁਸਾਰ, ਕੋਲਕਾਤਾ 'ਚ 2022 'ਚ ਜਬਰ ਜ਼ਿਨਾਹ ਦੇ 11 ਮਾਮਲੇ ਦਰਜ ਕੀਤੇ ਗਏ, ਇੰਨੀ ਹੀ ਗਿਣਤੀ 2021 'ਚ ਦਰਜ ਕੀਤੀ ਗਈ। ਐੱਨ.ਸੀ.ਆਰ.ਬੀ. ਦੀ ਭਾਰਤ 'ਚ ਅਪਰਾਧ 2022 ਰਿਪੋਰਟ 36 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਕੇਂਦਰੀ ਏਜੰਸੀਆਂ ਤੋਂ ਇਕੱਠੇ ਕੀਤੇ ਗਏ ਅੰਕੜਿਆਂ 'ਤੇ ਆਧਾਰਤ ਹੈ।



## ਜ਼ਿੰਦਗੀ ਦੀ ਜੰਗ ਲੜ ਰਹੇ

ਰੀਫੀਊਜੀ ਜਾਂ ਸ਼ਰਨਾਰਥੀ ਸ਼ਬਦ ਲਚਾਰੀ ਦਾ ਦੂਜਾ ਨਾਅ ਹੈ। ਸ਼ਰਨਾਰਥੀ ਰੱਖਿਆ ਚਾਹੁਣ ਵਾਲੇ ਸਮੂਹ ਗਿਣੇ ਜਾਂਦੇ ਹਨ, ਜਦੋਂ ਮਜ਼ਬੂਰੀ ਵੱਸ ਘਰ-ਬਾਰ ਤਿਆਗਣ ਲਈ ਮਜ਼ਬੂਰ ਹੁੰਦੇ ਹਨ ਜਾਂ ਕਰ ਦਿੱਤੇ ਜਾਂਦੇ ਹਨ। ਭਾਰਤ ਵਿੱਚ ਸ਼ਰਨਾਰਥੀਆਂ ਦਾ ਇਤਿਹਾਸ ਪੁਰਾਣਾ ਹੈ ਅਤੇ ਭਾਰਤ ਵਿੱਚ ਵਸੇ ਕਾਨੂੰਨੀ, ਗੈਰ-ਕਾਨੂੰਨੀ ਸ਼ਰਨਾਰਥੀਆਂ ਦੀ ਜਨਸੰਖਿਆ ਕਈ ਵਿਕਸਤ ਦੇਸ਼ਾਂ ਦੀ ਜਨਸੰਖਿਆ ਤੋਂ ਵੀ ਵੱਧ ਹੈ। ਭਾਰਤ ਦੀ ਵੰਡ ਵੇਲੇ ਪਾਕਿਸਤਾਨੋਂ ਲੱਖਾਂ ਦੀ ਗਿਣਤੀ @ਚ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਇਹ ਇਸ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਸੀ। ਜਿੱਥੇ ਹਿੰਸਾ ਦੌਰਾਨ, ਬੇਬਸ ਲੋਕ ਮਾਰੇ ਗਏ, ਜ਼ਖ਼ਮੀ ਹੋਏ, ਔਰਤਾਂ ਉਧਾਲੀਆਂ ਗਈਆਂ, ਲੋਕ ਆਪਣੇ ਰੁਜ਼ਗਾਰ, ਜ਼ਮੀਨਾਂ, ਘਰ ਗੁਆ ਬੈਠੇ।

ਇਹੋ ਹਾਲਾਤ ਭਾਰਤ ਤੋਂ ਪਰਵਾਸ ਹੰਢਾਉਣ ਵਾਲੇ ਲੋਕਾਂ ਦੇ ਹਨ। ਜਦੋਂ ਵੱਡੀ ਗਿਣਤੀ ਵਿੱਚ ਲੋਕ ਰੁਜ਼ਗਾਰ ਦੀ ਭਾਲ ਵਿੱਚ ਮਜਬੂਰ ਜਾਂ ਆਪਣੇ ਚੰਗੇ ਭਵਿੱਖ ਲਈ ਆਪਣੀ ਮਰਜ਼ੀ ਨਾਲ ਜਾ ਰਹੇ ਹਨ, ਪਰ ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਉਹਨਾਂ ਨੂੰ ਹਾਲਾਤਾਂ ਤੋਂ ਮਜਬੂਰ ਹੋ ਕੇ ਆਪਣਾ ਘਰ, ਆਪਣਾ ਦੇਸ਼, ਆਪਣੇ ਬੋਲੀ, ਆਪਣਾ ਸੱਭਿਆਚਾਰ ਤੱਕ ਤਿਆਗਣਾ ਪੈਂਦਾ ਹੈ। ਹਰ ਸਾਲ 25 ਲੱਖ ਭਾਰਤੀ ਆਪਣਾ ਦੇਸ਼ ਛੱਡ ਕੇ ਪ੍ਰਦੇਸ਼ਾਂ ਵਿੱਚ ਵਸ ਰਹੇ ਹਨ। ਇਹ ਗਿਣਤੀ ਦੁਨੀਆ ਵਿੱਚ ਸਭ ਤੋਂ ਵੱਧ ਹੈ।

ਅਸਲ ਵਿੱਚ ਸ਼ਰਨਾਰਥੀ ਅਤੇ ਪ੍ਰਵਾਸੀ ਜ਼ਿੰਦਗੀ ਦੀ ਜੰਗ ਲੜਦੇ ਹਨ। ਇਹ ਜੰਗ ਉਜਾੜੇ ਤੋਂ ਬਾਅਦ ਮੁੜ ਸਥਾਪਿਤ ਹੋਣ ਦੀ ਹੈ। ਇਸ ਜੰਗ ਵਿੱਚ ਵੱਡੀਆਂ ਔਕੜਾਂ, ਦੁਸ਼ਵਾਰੀਆਂ ਦਾ ਉਹਨਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਥਾਵਾਂ 'ਤੇ ਮਜਬੂਰਨ ਜਾਣਾ ਪੈਂਦਾ ਹੈ ਜਿੱਥੇ ਉਹਨਾਂ ਦਾ ਆਪਣਾ ਘਰ ਨਹੀਂ, ਆਪਣੀ ਬੋਲੀ ਨਹੀਂ, ਆਪਣਾ ਸੱਭਿਆਚਾਰ ਨਹੀਂ। ਜਿੱਥੇ ਉਹਨਾਂ ਲਈ ਕੁਝ ਵੀ ਪਰੋਸ ਕੇ ਨਹੀਂ ਰੱਖਿਆ ਹੁੰਦਾ, ਸਭ ਕੁਝ ਦੀ ਪ੍ਰਾਪਤੀ ਲਈ ਜੱਦੋਜਹਿਦ ਕਰਨੀ ਪੈਂਦੀ ਹੈ। ਸਧਾਰਨ ਰੋਟੀ ਤੋਂ ਲੈ ਕੇ ਚੰਗੇ ਭਵਿੱਖ ਲਈ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਤੱਕ, ਇਸ ਸਮੇਂ ਦੌਰਾਨ ਉਸ ਦੇ ਸੁਪਨੇ ਨਿੱਤ ਟੁੱਟਦੇ ਹਨ। ਕਈ ਹਾਲਾਤਾਂ ਵਿੱਚ ਉਹ ਆਪਣੀ ਜ਼ਿੰਦਗੀ ਤੋਂ ਹੱਥ ਵੀ ਧੋ ਬੈਠਦੇ ਹਨ। ਇਸ ਤੋਂ ਵੱਡਾ ਮਨੁੱਖੀ ਜ਼ਿੰਦਗੀ ਦਾ ਹੋਰ ਕਿਹੜਾ ਦੁਖਾਂਤ ਹੋ ਸਕਦਾ ਹੈ?

ਸ਼ਰਨਾਰਥ ਅਤੇ ਪ੍ਰਵਾਸ ਨੂੰ ਰੋਕਣ ਦੇ ਸਾਰੇ ਉਪਾਅ ਅੰਤਰਰਾਸ਼ਟਰੀ ਪੱਧਰ 'ਤੇ ਫੇਲ੍ਹ ਹੋ ਰਹੇ ਹਨ। ਨਾ ਜੰਗਾਂ ਰੁਕ ਰਹੀਆਂ, ਨਾ ਹਿੰਸਾ ਰੁੱਕ ਰਹੀ, ਨਾ ਜੰਗਲਾਂ ਦਾ ਉਜਾੜਾ ਰੁਕ ਰਿਹਾ ਅਤੇ ਨਾ ਹੀ ਅੰਨ੍ਹੇਵਾਹ ਹੁੰਦੀਆਂ ਬੇਲੋੜੀਆਂ ਵਿਕਾਸ ਯੋਜਨਾਵਾਂ ਨੂੰ ਨੱਥ ਪਾਈ ਜਾ ਰਹੀ ਹੈ।

ਬੇਰੁਜ਼ਗਾਰੀ ਦਾ ਦੈਂਤ ਸਾਂਭਿਆ ਹੀ ਨਹੀਂ ਜਾ ਰਿਹਾ ਹੈ। ਉਹ ਸਾਰੇ ਕਾਰਕ ਜਿਹੜੇ ਸ਼ਰਨਾਰਥ ਅਤੇ ਪ੍ਰਵਾਸ ਵਿੱਚ ਵਾਧਾ ਕਰ ਰਹੇ ਹਨ, ਉਹਨਾਂ ਨੂੰ ਰੋਕਣ ਲਈ ਨਾ ਯੂ.ਐਨ.ਓ. ਅਤੇ ਨਾ ਹੀ ਕੋਈ ਹੋਰ ਸੰਸਥਾਵਾਂ ਸਫਲ ਹੋ ਰਹੀਆਂ ਹਨ।

ਹਾਂ, ਆਪੋ-ਆਪਣੇ ਦੇਸ਼ਾਂ ਵਿੱਚ ਪ੍ਰਵਾਸ ਤੇ ਸ਼ਰਨਾਰਥੀਆਂ ਦੀ ਗਿਣਤੀ ਨੂੰ ਕਾਬੂ ਵਿੱਚ ਰੱਖਣ ਲਈ ਯਤਨ ਜ਼ਰੂਰ ਇਹ ਦੇਸ਼ ਯਤਨ ਕਰ ਰਹੇ ਹਨ। ਜਰਮਨ ਅਤੇ ਯੂਰਪ ਦੇਸ਼ਾਂ ਦੀਆਂ ਸਰਹੱਦਾਂ 'ਤੇ 2 ਲੱਖ ਤੋਂ ਵੱਧ ਸ਼ਰਨਾਰਥੀ ਪ੍ਰਵਾਸੀ ਬੈਠੇ ਹਨ, ਜੋ ਹਰ ਹੀਲਾ ਵਸੀਲਾ ਵਰਤ ਕੇ ਸਰਹੱਦਾਂ ਪਾਰ ਕਰਦੇ ਹਨ।

ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਅੰਤਰਰਾਸ਼ਟਰੀ ਭਾਈਚਾਰੇ ਦੇ ਸਾਂਝੇ ਯਤਨ ਨਾਲ ਸੰਭਵ ਹੈ। ਅੰਤਰਰਾਸ਼ਟਰੀ ਸ਼ਰਨਾਰਥੀ ਕਾਨੂੰਨ, ਮਨੁੱਖ ਅਧਿਕਾਰ ਸੁਰੱਖਿਆ ਕਾਨੂੰਨ, ਸ਼ਰਨਾਰਥ ਤੇ ਪ੍ਰਵਾਸ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਾਰਗਰ ਹੋ ਸਕਦੇ ਹਨ।

×××

## ਧਰਮਾਂ ਦੇ ਨਾਮ 'ਤੇ ਦੰਗੇ

ਜੱਦੋ-ਜਹਿਦ ਚੱਲ ਰਹੀ ਹੈ। ਹੋਰ ਵੀ ਬਹੁਤ ਸਾਰੇ ਦੇਸ਼ ਜਿਵੇਂ ਕਿ ਬੋਸਨੀਆਂ ਤੇ ਯੂਗੋਸਲਾਵੀਆ ਵੰਡੇ ਗਏ, ਕਿਉਂਕਿ ਬੋਸਨੀਆਂ 'ਚ ਵੀ ਮੁਸਲਿਮ ਲੋਕ ਜ਼ਿਆਦਾ ਸਨ। ਆਇਰਲੈਂਡ ਦੇ ਵਖਰੇਵੇਂ ਦਾ ਕਾਰਨ ਵੀ ਪ੍ਰੋਟੈਸਟੈਂਟ ਅਤੇ ਕੈਥੋਲਿਕ ਬਣੇ। ਤੀਮੋਰ ਤੇ ਇੰਡੋਨੇਸ਼ੀਆ, ਉੱਤਰੀ ਸੁਡਾਨ ਤੇ ਦੱਖਣੀ ਸੁਡਾਨ, ਇਜ਼ਰਾਈਲ ਤੇ ਪੋਲਿਸਟਰੇਟ ਆਦਿ ਵੀ ਧਰਮਾਂ/ਫ਼ਿਰਕਿਆਂ ਦੇ ਅਧਾਰ 'ਤੇ ਵੰਡੇ ਗਏ। ਕਿਤੇ ਸੁੰਨੀ ਤੇ ਸ਼ੀਆ ਦੇ ਵੀ ਮਸਲੇ ਹਨ।

ਭਾਰਤ, ਰੋਮਾਨੀਆ, ਨਿਪਾਲ, ਤੁਰਕੀ, ਆਸਟ੍ਰੇਲੀਆ, ਕੈਨੇਡਾ, ਸਿੰਘਾਪੁਰ, ਦੱਖਣੀ ਅਫ਼ਰੀਕਾ, ਦੱਖਣੀ ਕੋਰੀਆ, ਸਵਿਟਜ਼ਰਲੈਂਡ ਆਦਿ ਦੇਸ਼ਾਂ ਦਾ ਕੋਈ ਰਾਸ਼ਟਰੀ ਧਰਮ ਨਹੀਂ ਹੈ। ਧਰਮਾਂ ਨੇ ਲੋਕਾਂ ਨੂੰ ਰਾਜਨੀਤੀ ਨਾਲੋਂ ਵੀ ਵੱਧ ਵੰਡਿਆ ਹੈ। ਇਸ ਦੇ ਨਾਲ-ਨਾਲ ਧਰਮਾਂ 'ਚ ਭ੍ਰਿਸ਼ਟਾਚਾਰ ਅਤੇ ਮਸੰਦਪੁਣੇ ਨੇ ਇਨ੍ਹਾਂ ਦਾ ਉਦੇਸ਼ ਹੀ ਬਦਲ ਦਿੱਤਾ ਹੈ, ਜਿੱਥੇ ਧਰਮ ਬੰਦੇ ਨੂੰ ਸੱਭਿਅਕ ਬਣਾਉਣ ਲਈ ਪੈਦਾ ਹੋਏ ਸਨ, ਉੱਥੇ ਓਨਾ ਹੀ ਇਹ ਬੰਦੇ ਨੂੰ ਇਨਸਾਨੀਅਤ ਤੋਂ ਦੂਰ ਲਿਜਾ ਰਹੇ ਹਨ। ਜਿਹੜੇ ਮੁਲਕਾਂ ਨੂੰ ਅਸੀਂ ਨਾਸਤਿਕ ਸਮਝਦੇ ਹਾਂ ਉਨ੍ਹਾਂ ਮੁਲਕਾਂ ਵੱਲ ਆਸਤਿਕ ਮੁਲਕਾਂ ਦੇ ਬੱਚੇ ਰੋਜ਼ੀ-ਰੋਟੀ ਲਈ ਪਲਾਇਨ ਕਰ ਰਹੇ ਹਨ। ਇਕ ਫ਼ਿਰਕੇ ਦੇ ਧਾਰਮਿਕ ਸਥਾਨ ਢਾਹ ਕੇ ਦੂਸਰੇ ਧਰਮ ਦੇ ਸਥਾਨ ਉਸਾਰੇ ਜਾਂਦੇ ਰਹੇ ਹਨ ਅਤੇ ਹੁਣ ਵੀ ਇਹੀ ਦੁਹਰਾਇਆ ਜਾ ਰਿਹਾ ਹੈ।

ਅੰਗਰੇਜ਼ਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸਾਰੇ ਥਾਈਂ ਰਾਜ ਕਰਨ ਲਈ ਵਰਤੀ ਅਤੇ ਜਿੱਥੇ ਵੀ ਉਹ ਗਏ, ਉੱਥੇ ਦੇ ਲੋਕਾਂ ਦੇ ਜ਼ਿਹਨ 'ਚ ਵੀ ਇਸ ਦਾ ਬੀਜ, ਬੀਜ ਗਏ। ਸਾਡੇ ਦੇਸ਼ 'ਚ ਧਰਮਾਂ ਦਾ ਵੀ ਇਹੀ ਵਰਤਾਰਾ ਚੱਲ ਰਿਹਾ ਹੈ। ਧਰਮਾਂ ਦੇ ਕੁਝ ਲਾਲਚੀ ਲੀਡਰ ਲੋਕਾਂ ਨੂੰ ਧਰਮ ਅਤੇ ਧਾਰਮਿਕ ਸਥਾਨਾਂ ਦੇ ਨਾਂਅ 'ਤੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਲੜਾਉਂਦੇ ਹਨ। ਹਰ ਧਰਮ ਦੇ ਸਿਰਜਕਾਂ ਨੇ ਇਨਸਾਨੀਅਤ, ਮਨੁੱਖਤਾ ਤੇ ਮਾਨਵਤਾ ਦਾ ਪਾਠ ਪੜ੍ਹਾਇਆ ਹੈ ਪਰ ਪੈਰੋਕਾਰਾਂ ਨੇ ਉਨ੍ਹਾਂ ਦੀ ਸਿੱਖਿਆ 'ਤੇ ਅਮਲ ਕਰਨ ਦੀ ਬਜਾਏ ਅਰਥਾਂ ਦੇ ਅਨਰਥ ਕਰ ਛੱਡੇ ਹਨ। ਧਾਰਮਿਕ ਸਥਾਨਾਂ ਨੂੰ ਵੀ ਫ਼ਿਰਕਿਆਂ, ਜਾਤਾਂ-ਗੋਤਾਂ ਤੇ ਊਚ-ਨੀਚ 'ਚ ਵੰਡ ਛੱਡਿਆ ਹੈ।

***

## 'ਐਨੀਮਲ' ਫ਼ਿਲਮ ਦਾ ਗੀਤ

ਉਸ ਪਰਿਵਾਰ ਨਾਲ ਰਾਬਤਾ ਕਾਇਮ ਕਰਕੇ ਕਹਿ ਆਇਆ ਮੈਂ ਇਸ ਘਰ ਆਪਣੀ ਭੈਣ ਦਾ ਰਿਸ਼ਤਾ ਕਰਨਾ ਹੈ। ਵਿਆਹ ਦਾ ਦਿਨ ਵੀ ਨਾਲ ਹੀ ਮਿੱਥ ਦਿੱਤਾ। ਇਸ ਨੇ ਆਪਣੀ ਵਿਚਾਲੇ ਵਾਲੀ ਭੈਣ ਬੀਬੀ ਨਸੀਬ ਕੌਰ ਦਾ ਰਿਸ਼ਤਾ 1940 ਵਿੱਚ ਮੁੱਲਾਂਪੁਰ ਕਰ ਦਿੱਤਾ। ਪਿੰਡ ਮੁੱਲਾਂਪੁਰ ਵਾਲਿਆਂ ਨੇ ਵੀ ਖੁਸ਼ੀ ਪ੍ਰਗਟ ਕੀਤੀ ਕਿ ਇੱਕ ਨੇਕ ਇਨਸਾਨ ਨੇ ਆਪਣੀ ਭੈਣ ਦਾ ਰਿਸ਼ਤਾ ਸਾਡੇ ਘਰ ਆਕੇ ਸਾਡੀ ਝੋਲੀ ਪਾ ਦਿੱਤਾ ਹੈ। ਬੀਬੀ ਨਸੀਬ ਕੌਰ ਦੀ ਕੁੱਖੋਂ ਛੇ ਪੁੱਤਰ ਅਤੇ ਦੋ ਬੇਟੀਆਂ ਨੇ ਜਨਮ ਲਿਆ। ਉਸ ਦਾ ਵੱਡਾ ਬੇਟਾ ਚੜ੍ਹਾਈ ਕਰ ਚੁੱਕਾ ਹੈ। ਅਰਜਨ ਵੈਲੀ ਦੇ ਪਿੰਡ ਮੁੱਲਾਂਪੁਰ ਵਿੱਚ ਪੰਜ ਭਾਣਜੇ ਵੱਸਦੇ ਹਨ। ਉਸ ਦੀਆਂ ਦੋ ਭਾਣਜੀਆਂ ਆਪੋ ਆਪਣੇ ਘਰ ਹਨ। ਉਸ ਦੀ ਭੈਣ ਬੀਬੀ ਨਸੀਬ ਕੌਰ ਦੀ ਮੌਤ 2005 ਵਿੱਚ ਹੋ ਚੁੱਕੀ ਹੈ।

ਅਰਜਨ ਵੈਲੀ ਦੀ ਵੱਡੀ ਭਾਣਜੀ ਮੁਤਾਬਿਕ ਅਰਜਨ ਵੈਲੀ ਦੇ ਇੱਕ ਬੇਟਾ ਅਤੇ ਤਿੰਨ ਧੀਆਂ ਸਨ। ਇਸ ਦਾ ਬੇਟਾ ਮਰ ਚੁੱਕਾ ਹੈ। ਬੇਟੀਆਂ ਆਪੋ ਆਪਣੇ ਘਰ ਸਨ। ਇਸ ਦੇ ਹੋਰ ਪਰਿਵਾਰਕ ਮੈਂਬਰ ਪਿੰਡ ਦੌਧਰ ਵਿੱਚ ਵਸਦੇ ਹਨ। ਅਰਜਨ ਵੈਲੀ ਗਰੀਬਾਂ ਦਾ ਮਸੀਹਾ ਸੀ ਅਜੇ ਵੀ ਇਸ ਨੂੰ ਇਲਾਕੇ ਵਿੱਚ ਬਹੁਤ ਯਾਦ ਕੀਤਾ ਜਾਂਦਾ ਹੈ। ਇਸ ਦੀ ਮੌਤ 1955 ਦੇ ਕਰੀਬ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਪੁਲਿਸ ਮੁਕਾਬਲੇ ਨਾਲ ਹੋਈ। ਇਸ ਦੇ ਪਿੰਡ ਦੌਧਰ ਦੇ ਨਾਲ ਹੀ ਫਿਰੋਜ਼ਪੁਰ ਜ਼ਿਲ੍ਹਾ ਸ਼ੁਰੂ ਹੋ ਜਾਂਦਾ ਸੀ। ਇਸ ਦੌਧਰ ਵਾਲੇ ਅਰਜਨ ਵੈਲੀ ਨੇ ਹੀ ਪੈਰ ਜੋੜ ਕੇ ਗੰਡਾਸੀ ਮਾਰੀ ਸੀ।

ਰੁੜਕਾ (ਡੇਹਲੋਂ) ਵਾਲਾ ਅਰਜਨ ਵੈਲੀ ਹੋਰ ਹੋ ਸਕਦਾ ਹੈ। ਮੈਂ ਉਸ ਦਾ ਵੀ ਸਤਿਕਾਰ ਕਰਦਾ ਹਾਂ ਉਹ ਆਪਣੇ ਜੀਵਨ ਦੀਆਂ ਹੋਰ ਸਰਗਰਮੀਆਂ ਵਿੱਚ ਨਾਮ ਬਣਾ ਚੁੱਕਾ ਹੋਵੇਗਾ।

***

## ਪੰਜਾਬੀ ਹਾਸ ਰਸ ਕਲਾਕਾਰੀ

ਇਸ ਜੋੜੀ ਨੇ ਆਪਣੀ ਗਇਕੀ ਦੇ ਦਮ 'ਤੇ ਕੈਨੇਡਾ, ਅਮਰੀਕਾ, ਇੰਗਲੈਂਡ ਨਾਰਵੇ ਆਦਿ ਬਹੁਤ ਦੇਸ਼ਾਂ ਦੇ ਟੂਰ ਲਾਏ।

ਇਹ ਜੋੜੀ ਨੇ ਬਹੁਤ ਸਾਰੇ ਦੋਗਾਣਾ ਗੀਤ ਗਾਏ। ਉਹਨਾਂ ਵਿਚੋਂ ਗੁਰਦੇਵ ਮਾਨ ਦਾ ਲਿਖਿਆ ਗੀਤ ਪੂਦਨਾਂ, ਜੋ ਸਿੱਠਣੀਆ ਦੇ ਰੂਪ ਵਿੱਚ ਹੈ, ਸਰੋਤਿਆਂ ਵਿੱਚ ਬਹੁਤ ਚਰਚਿਤ ਹੋਇਆ।

ਕੇ ਦੀਪ ਫ਼ਿਲਮੀ ਡਾਇਰੈਕਟਰ ਵੀ ਰਿਹਾ ਇਸ ਨੇ ਫਿਲਮਾਂ ਵਿੱਚ ਵੀ ਕੰਮ ਕੀਤਾ। ਕੇ ਦੀਪ ਨੇ ਦਾਜ, ਮੁਟਿਆਰ, ਸੰਤੋ ਬੰਤੋ ਫ਼ਿਲਮ ਲਈ ਗੀਤ ਗਾਏ ਜੋ ਸਕਰੀਨ 'ਤੇ ਮਿਹਰ ਮਿੱਤਲ ਨੇ ਫਿਲਮਾਏ।

ਕੇ ਦੀਪ, ਜਗਮੋਹਣ ਕੌਰ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ ਜਿਵੇ ਬਲਦੇਵ ਸਿੰਘ ਸਾਬਰ, ਬਾਬੂ ਸਿੰਘ ਮਾਨ, ਇਦਰਜੀਤ ਹਸਨਪੁਰੀ, ਜਸਵੰਤ ਸੰਦੀਲਾ, ਗੁਰਦੇਵ ਸਿੰਘ ਮਾਨ, ਸ਼ੰਕਰ ਵਾਲਾ ਸ਼ੌਕੀ, ਕਰਮ ਸਿੰਘ ਯੋਗੀ, ਸਨਮੁੱਖ ਆਜ਼ਾਦ, ਨਾਜ ਗੋਪਾਲ ਪੁਰੀ, ਸਾਜਨ ਰਾਏਕੋਟੀ, ਅਭੀਨਾਸ਼ ਭਾਖੜੀ, ਢਿੱਲੋ ਮਹਿਰਾਜ ਵਾਲਾ, ਚਰਨ ਸਿੰਘ ਸਫ਼ਰੀ ਆਦਿ। ਕੇ ਦੀਪ ਨੇ ਆਪਣੀ ਕਲਾ ਕਰਕੇ ਬਹੁਤ ਸਾਰੇ ਐਵਾਰਡ ਪ੍ਰਾਪਤ ਕੀਤੇ ਜਿਵੇਂ ਰਾਜ ਕਪੂਰ ਵੱਲੋਂ ਉਸ ਨੂੰ ਮੁਹੰਮਦ ਰਫ਼ੀ ਐਵਾਰਡ, ਪੀ ਟੀ ਸੀ ਵਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ, ਇਸ ਨੂੰ ਸਟੇਟ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਕੇ.ਦੀਪ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਐਵਾਰਡ ਪ੍ਰਾਪਤ ਕਰ ਚੁੱਕਾ ਸੀ।

ਇਹਨਾਂ ਦੀ ਪਤਨੀ ਬੀਬੀ ਜਗਮੋਹਣ ਕੌਰ ਐਕਸੀਡੈਂਟ ਦਾ ਸ਼ਿਕਾਰ ਹੋ ਗਈ ਸੀ ਫਿਰ ਵੀ ਕੁਝ ਸਮਾਂ ਪਰੋਗ੍ਰਾਮ ਕਰਦੀ ਰਹੀ ਪਰ ਚੰਗੀ ਤਰਾਂ ਠੀਕ ਨਾ ਹੋਈ ਹੋਣ ਕਰਕੇ 6 ਦਸੰਬਰ 1997 ਨੂੰ 49 ਸਾਲ ਦੀ ਉਮਰ ਵਿੱਚ ਅਲਵਿਦਾ ਕਹਿ ਗਈ ਸੀ ਉਸ ਦੀ ਮੌਤ ਤੋਂ ਬਾਅਦ ਕੇ ਦੀਪ ਕਿਹਾ ਕਰਦਾ ਸੀ ਮਾਈ ਮੋਹਣੋ ਤੋਂ ਬਿੰਨਾ ਪੋਸਤੀ ਦੀ ਜਿੰਦਗੀ ਬਹੁਤ ਉਦਾਸੀ ਹੈ। ਜਗਮੋਹਣ ਕੌਰ ਤੋਂ ਲਗਭਗ 23 ਸਾਲ ਬਾਅਦ ਇਹ ਗਾਇਕੀ ਦਾ ਹੀਰਾ 22 ਅਕਤੂਬਰ 2020 ਨੂੰ 80 ਸਾਲ ਦੀ ਉਮਰ ਵਿੱਚ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ।

***

## ਸਿੱਖ, ਸਿੰਘ ਅਤੇ ਖ਼ਾਲਸੇ

ਉਹਨਾਂ ਦੀ ਸਦਭਾਵਨਾ ਅਤੇ ਭਾਈਚਾਰੇ ਨੂੰ ਦੇਖ ਕੇ ਗੁਰੂ ਜੀ ਨੇ ਉਹਨਾਂ ਨੂੰ ਉੱਜੜ ਜਾਣ ਦਾ ਆਸ਼ੀਰਵਾਦ ਦਿੱਤਾ। ਇਹ ਸਭ ਸੁਣ ਕੇ ਭਾਈ ਮਰਦਾਨਾ ਜੀ, ਜੋ ਹਰ ਵੇਲੇ ਗੁਰੂ ਜੀ ਦੇ ਨਾਲ ਰਹਿੰਦੇ ਸਨ, ਇੱਕ ਸਵਾਲ ਗੁਰੂ ਜੀ ਤੋਂ ਪੁੱਛਿਆ ਕਿ ਜਿਨ੍ਹਾਂ ਪਿੰਡ ਵਾਸੀਆਂ ਨੇ ਮਾੜਾ ਸਲੂਕ ਕੀਤਾ ਸੀ, ਉਹਨਾਂ ਨੂੰ ਤੁਸੀਂ ਵੱਸਦੇ ਰਹਿਣ ਤੇ ਜਿਨ੍ਹਾਂ ਨੇ ਵਧੀਆ ਸਲੂਕ ਕੀਤਾ, ਉਹਨਾਂ ਨੂੰ ਉੱਜੜ ਜਾਣ ਵਾਸਤੇ ਕਿਉਂ ਕਿਹਾ। ਬਾਬਾ ਨਾਨਕ ਜੀ ਨੇ ਭਾਈ ਮਰਦਾਨਾ ਜੀ ਨੂੰ ਸਮਝਾਉਂਦਿਆਂ ਦੱਸਿਆ ਕਿ ਚੰਗੇ ਲੋਕ ਜਿੱਥੇ ਵੀ ਜਾਣਗੇ ਉੱਥੇ ਬਾਕੀਆਂ ਨੂੰ ਵੀ ਆਪਣੇ ਵਰਗਾ ਚੰਗਾ ਹੀ ਬਣਾਉਣਗੇ। ਇਸ ਲਈ ਉਹਨਾਂ ਦਾ ਉੱਜੜਨਾ ਹੀ ਚੰਗਾ ਹੈ ਅਤੇ ਮਾੜੇ ਤੇ ਭੈੜੇ ਖਿਆਲਾਂ ਵਾਲੇ ਲੋਕਾਂ ਦਾ ਇਕੋ ਜਗ੍ਹਾ ਹੀ ਵਸਣਾ ਠੀਕ ਹੈ ਕਿਉਂਕਿ ਉਹ ਜਿੱਥੇ ਵੀ ਜਾਣਗੇ ਆਪਣੀਆਂ ਭੈੜੀਆਂ ਆਦਤਾਂ ਬਾਕੀਆਂ ਨੂੰ ਵੀ ਵੰਡਣਗੇ।

ਆਖਰ ਵਿੱਚ ਮੈਂ ਇਹੋ ਕਹਿਣਾ ਚਾਹੁੰਗੀ ਕਿ ਜਿਵੇਂ ਉਸ ਯੁੱਗ ਵਿੱਚ ਬਾਬਾ ਨਾਨਕ ਜੀ ਨੇ ਕਈ ਵਿਦੇਸ਼ਾਂ ਤੱਕ ਪਹੁੰਚ ਕੇ ਸਿੱਖੀ ਦਾ ਪ੍ਰਚਾਰ ਕੀਤਾ ਸੀ। ਹੁਣ ਸਾਡਾ ਸਾਰਿਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਪੂਰੀ ਦੁਨੀਆਂ ਵਿੱਚ ਜਾ ਕੇ ਸਿੱਖ, ਸਿੰਘ ਅਤੇ ਖ਼ਾਲਸਾ ਦਾ ਮਤਲਬ ਅਤੇ ਪਹਿਚਾਣ ਨੂੰ ਸਮਝਾਈਏ। ਬਾਣੀ ਵਿੱਚ ਜੋ ਰੱਬੀ ਗਿਆਨ ਹੈ ਉਸ ਸਭ ਨੂੰ ਘਰ-ਘਰ ਪਹੁੰਚਾਈਏ।

ਜਿਵੇਂ ਕਿ:-ਭਾਈਚਾਰਾ, ਸਦਭਾਵਨਾ, ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ, ਕਮਜ਼ੋਰ ਦੀ ਮਦਦ ਕਰਨਾ, ਹਰ ਧਰਮ ਦੀ ਆਜ਼ਾਦੀ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਦਾ ਤਿਆਗ, ਸਤਿ ਸੰਤੋਖ, ਸਬਰ ਸ਼ੁੱਕਰ ਰੱਖਣ ਦੀ ਜਰੂਰਤ, ਦਸਵੰਧ ਕੱਢਣ ਦੀ ਮਰਿਆਦਾ ਆਦਿ ਦਾ ਸੰਦੇਸ਼ ਪੂਰੀ ਦੁਨੀਆ ਵਿੱਚ ਪਹੁੰਚਾਉਣਾ ਹੀ ਸਿੱਖ-ਸਿੰਘ ਅਤੇ ਖ਼ਾਲਸੇ ਦਾ ਉਦੇਸ਼ ਹੈ।

***

## 10 ਦਿਨਾਂ 'ਚ ਭਾਈ ਹਵਾਰਾ

**ਸਾਥੀਆਂ ਦੇ ਨਾਲ ਗ੍ਰਿਫਤਾਰੀ ਹੋਈ ਸੀ** :ਜਗਤਾਰ ਸਿੰਘ ਹਵਾਲਾ ਦੀ ਚੰਡੀਗੜ੍ਹ ਪੁਲਿਸ ਨੇ 11 ਜੁਲਾਈ 2005 ਵਿੱਚ ਸਾਥੀ ਸਮੀਰ ਮਲਾਹ ਉਰਫ ਟੋਨੀ ਦੇ ਨਾਲ ਗ੍ਰਿਫਤਾਰੀ ਕੀਤੀ ਸੀ । ਪੁਲਿਸ ਨੇ ਇਸ ਮਾਮਲੇ ਵਿੱਚ ਗ੍ਰਿਫਤਾਰੀ ਦੇ ਸਮੇਂ ਆਰ ਡੀ ਐਕਸ ਬਰਾਮਦ ਹੋਣ ਦਾ ਦਾਅਵਾ ਕੀਤਾ ਸੀ । ਇਸ ਨੂੰ ਭਾਰਤ ਸਰਕਾਰ ਦੇ ਖ਼ਿਲਾਫ਼ ਕਾਰਵਾਈ ਦੱਸਿਆ ਗਿਆ ਸੀ। ਪੁਲਿਸ ਨੇ ਖੁਫ਼ੀਆ ਸੂਤਰਾਂ ਦੇ ਅਧਾਰ 'ਤੇ ਭਾਈ ਹਵਾਰਾ ਦੀ ਗ੍ਰਿਫਤਾਰੀ ਦਾ ਦਾਅਵਾ ਕੀਤਾ ਸੀ ।

**ਚੰਡੀਗੜ੍ਹ ਪ੍ਰਸ਼ਾਸਨ ਨੇ ਲਗਾਈ ਸੀ ਜੇਲ੍ਹ ਤੋਂ ਬਾਹਰ ਆਉਣ ਦੀ ਰੋਕ** : ਭਾਈ ਜਗਤਾਰ ਸਿੰਘ ਹਵਾਰਾ 'ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਵੱਲੋਂ ਸੀਆਰਪੀਸੀ ਦੀ ਧਾਰਾ 268 ਲਗਾਈ ਸੀ । ਇਸ ਦੇ ਤਹਿਤ ਮੁਲਜ਼ਮ ਨੂੰ ਜੇਲ੍ਹ ਤੋਂ ਬਾਹਰ ਕੱਢ ਕੇ ਅਦਾਲਤ ਵਿੱਚ ਪੇਸ਼ ਕਰਨ 'ਤੇ ਰੋਕ ਹੁੰਦੀ ਹੈ। ਪਿਛਲੇ ਮਹੀਨੇ 22 ਨਵੰਬਰ ਨੂੰ ਭਾਈ ਜਗਤਾਰ ਸਿੰਘ ਹਵਾਰਾ ਨੂੰ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਨੇ ਇੱਕ ਹੋਰ ਮਾਮਲੇ ਵਿੱਚ ਪਹਿਲਾਂ ਹੀ ਬਰੀ ਕਰ ਦਿੱਤਾ ਸੀ। ਸੈਕਟਰ 36 ਵਿੱਚ ਦਰਜ ਮਾਮਲੇ ਵਿੱਚ ਸਬੂਤ ਨਾ ਹੋਣ 'ਤੇ ਭਾਈ ਹਵਾਰਾ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ । ਇਲਜ਼ਾਮ ਸਨ ਕਿ ਉਸ ਨੇ ਆਪਣੇ ਸਾਥੀ ਕਰਮਜੀਤ ਅਤੇ ਪਰਮਜੀਤ ਸਿੰਘ ਨੂੰ ਪੁਲਿਸ ਨੇ ਕਿਸਾਨ ਭਵਨ ਦੇ ਕੋਲੋ ਗ੍ਰਿਫਤਾਰ ਕੀਤਾ ਸੀ ਉਨ੍ਹਾਂ ਕੋਲੋ ਆਰ.ਡੀ.ਐਕਸ. ਮਿਲੇ ਸਨ ਜੋ ਭਾਈ ਹਵਾਰਾ ਨੇ ਪਹੁੰਚਾਏ ਸਨ ਪਰ ਗਵਾਹ ਦੀ ਮੌਤ ਤੋਂ ਬਾਅਦ ਅਦਾਲਤ ਨੇ ਭਾਈ ਹਵਾਰਾ ਨੂੰ ਬਰੀ ਕਰ ਦਿੱਤਾ ।

***

## ਪਰਾਲੀ ਦੀ ਸਮੱਸਿਆ:

ਅਨੁਸਾਰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੀਆਂ ਸਭ ਤੋਂ ਵੱਧ 5352 ਘਟਨਾਵਾਂ ਵਾਪਰੀਆਂ, ਜਦਕਿ ਹਰਿਆਣਾ ਦੇ ਫਤਿਹਾਬਾਦ ਵਿੱਚ 476 ਮਾਮਲੇ ਸਾਮਣੇ ਆਏ। ਹਾਲਾਂਕਿ ਬੈਂਚ ਨੇ ਸਵੀਕਾਰਿਆ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਹੁਣ ਘੱਟ ਹੋ ਰਹੀਆਂ ਹਨ। ਇਸ ਦੇ ਨਾਲ ਹੀ ਬੈਂਚ ਨੇ ਇੱਕ ਹੁਕਮ ਪਾਸ ਕਰਦਿਆਂ ਕਿਹਾ ਕਿ ਰਿਪੋਰਟ ਅਨੁਸਾਰ 28 ਨਵੰਬਰ ਨੂੰ ਹਰਿਆਣਾ ਵਿੱਚ ਪਰਾਲੀ ਸਾੜਨ ਦੀ ਕੋਈ ਘਟਨਾ ਨਹੀਂ ਵਾਪਰੀ, ਜਦਕਿ ਪੰਜਾਬ ਵਿੱਚ ਸਿਰਫ਼ 18 ਅਜਿਹੀਆਂ ਘਟਨਾਵਾਂ ਵਾਪਰੀਆਂ। ਬੈਂਚ ਨੇ ਕਿਹਾ ਕਿ ਪਰਾਲੀ ਸਾੜਨ ਦੇ ਮਾਮਲੇ ਮੁੱਖ ਤੌਰ 'ਤੇ 15 ਸਤੰਬਰ ਤੋਂ 30 ਨਵੰਬਰ ਦਰਮਿਆਨ ਸਾਹਮਣੇ ਆਏ ਹਨ। ਪੰਜਾਬ ਤਰਫ਼ੋਂ ਪੇਸ਼ ਵਕੀਲ ਨੇ ਭਰੋਸਾ ਜਤਾਇਆ ਕਿ ਅਜਿਹੀ ਕਾਰਜ ਯੋਜਨਾ ਛੇ ਹਫ਼ਤਿਆਂ ਦੇ ਅੰਦਰ-ਅੰਦਰ ਪੇਸ਼ ਕੀਤੀ ਜਾਵੇਗੀ। ਐੱਨਜੀਟੀ ਨੇ ਮਾਮਲੇ ਦੀ ਅਗਲੀ ਸੁਣਵਾਈ 19 ਜਨਵਰੀ 'ਤੇ ਪਾ ਦਿੱਤੀ ਹੈ।

***

## ਬੀ.ਐੱਸ.ਐੱਫ. ਦਾ ਅਧਿਕਾਰ

ਸੌਲੀਸਿਟਰ ਜਨਰਲ ਨੇ ਇੱਕ ਸੰਖੇਪ ਸੁਣਵਾਈ ਦੌਰਾਨ ਕਿਹਾ ਕਿ ਬੀਐੱਸਐੱਫ ਦਾ ਸਾਰੇ ਸਰਹੱਦੀ ਰਾਜਾਂ 'ਚ ਅਧਿਕਾਰ ਖੇਤਰ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਜਿਹੇ ਰਾਜਾਂ 'ਚ ਬੀਐੱਸਐੱਫ ਦਾ ਅਧਿਕਾਰ ਖੇਤਰ 80 ਕਿਲੋਮੀਟਰ ਤੱਕ ਸੀ ਜੋ ਹੁਣ ਸਾਰੇ ਸਰਹੱਦੀ ਰਾਜਾਂ 'ਚ ਇੱਕੋ ਬਰਾਬਰ 50 ਕਿਲੋਮੀਟਰ ਹੈ।

***

## ਫਾਜ਼ਿਲਕਾ ਦੇ ਅਨੇਕਾਂ ਪਿੰਡਾਂ

ਅਸੀਂ ਅਪੀਲ ਕੀਤੀ ਕਿ ਪਾਣੀ ਨੂੰ ਟਰੀਟ ਕੀਤਾ ਜਾਵੇ, ਇਸ ਦਾ ਅਸਰ ਸਾਡੀਆਂ ਫਸਲਾਂ 'ਤੇ ਵੀ ਮਾੜਾ ਪੈਂਦਾ ਹੈ, ਪਾਣੀ ਵਿੱਚ ਆਰਸਨਿਕ ਦੀ ਵਜ੍ਹਾ ਕਾਰਨ ਫਸਲਾਂ ਜ਼ਹਿਰੀਲੀਆਂ ਹੁੰਦੀਆਂ ਜਾ ਰਹੀਆਂ ਹਨ।

ਵਿਸ਼ਵ ਵਾਤਾਵਰਣ ਦਿਹਾੜੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੋਨਾ ਨਾਨਕਾ ਪਿੰਡ ਦੇ ਬੱਚਿਆਂ ਦਾ ਉਦਾਹਰਣ ਦਿੰਦੇ ਹੋਏ ਕਿਹਾ ਸੀ ਪਾਣੀ ਦੀ ਵਜ੍ਹਾ ਕਰਕੇ ਬੱਚਿਆਂ ਦੇ ਵਾਲ ਸਫੇਦ ਹੁੰਦੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਸੀ ਨੰਗਲ ਵਿੱਚ ਪਾਣੀ ਨੀਲਾ ਹੁੰਦਾ ਹੈ ਅਤੇ ਲੁਧਿਆਣਾ ਪਹੁੰਚਦੇ ਪਹੁੰਚਦੇ ਉਹ ਕਾਲਾ ਹੋ ਜਾਂਦਾ ਹੈ । ਉਨ੍ਹਾਂ ਨੇ ਦੱਸਿਆ ਕਿ ਸਨਅਤਾਂ ਵੱਲੋਂ ਛੱਡਿਆ ਗੰਦਾ ਪਾਣੀ ਸਤਲੁਜ ਵਿੱਚ ਮਿਲ ਜਾਂਦਾ ਹੈ। ਪਾਕਿਸਤਾਨ ਦੇ ਕਸੂਰ ਖੇਤਰ ਦੇ ਨੇੜੇ ਸਤਲੁਜ ਦਰਿਆ ਦੇ ਕੰਢੇ ਚਮੜੇ ਦੀਆਂ ਫੈਕਟਰੀਆਂ ਦਾ ਪਾਣੀ ਦਰਿਆ ਵਿੱਚ ਮਿਲ ਜਾਂਦਾ ਹੈ।

ਉਧਰ ਫਾਜ਼ਿਲਕਾ ਦੇ ਐੱਸ. ਡੀ.ਐੱਮ. ਰਵਿੰਦਰ ਸਿੰਘ ਮੁਤਾਬਿਕ ਦੋਨਾ ਨਾਨਕਾ ਪਿੰਡ ਵਿੱਚ 27 ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਏ ਗਏ ਹਨ ਅਤੇ ਵਾਟਰ ਟ੍ਰੀਟਮੈਂਟ ਪ੍ਰੋਜੈਕਟ ਦੇ 2 ਪਲਾਂਟ ਵੀ ਮਨਜ਼ੂਰ ਹਨ ਅਤੇ ਜਲਦ ਇਸ 'ਤੇ ਕੰਮ ਸ਼ੁਰੂ ਹੋਵੇਗਾ।

***

## ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਬੰਦੀ ਸਿੰਘਾਂ

ਪੰਜਾਬ ਪੁਲਿਸ ਦੀ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਆਗੂਆਂ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਸਿੱਖ ਬੰਦੀ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ। ਅਜਿਹਾ ਕਰ ਕੇ ਸਰਕਾਰਾਂ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਰਹੀਆਂ ਹਨ।

**ਭਾਈ ਗੁਰਸੇਵਕ ਸਿੰਘ ਜਵਾਹਰਕੇ ਨੂੰ ਵੀ ਨਜ਼ਰਬੰਦ ਕੀਤਾ**

ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕਰਵਾਏ ਗਏ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਭਾਈ ਗੁਰਸੇਵਕ ਸਿੰਘ ਜਵਾਹਰਕੇ ਨੂੰ ਪੁਲਿਸ ਨੇ ਘਰ ਵਿੱਚ ਨਜ਼ਰਬੰਦ ਕਰ ਦਿੱਤਾ। ਸ਼ਾਮ ਤੱਕ ਉਹ ਪੁਲਿਸ ਦੇ ਘੇਰੇ ਵਿੱਚ ਘਰ ਦੇ ਅੰਦਰ ਹੀ ਬੈਠੇ ਰਹੇ ਅਤੇ ਉਨ੍ਹਾਂ ਨੂੰ ਕਿਤੇ ਨਹੀਂ ਜਾਣ ਦਿੱਤਾ ਗਿਆ। ਭਾਈ ਜਵਾਹਰਕੇ ਨੇ ਦੱਸਿਆ ਕਿ ਡੀਐੱਸਪੀ ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਸਵੇਰੇ ਹੀ ਉਨ੍ਹਾਂ ਦੇ ਘਰ ਨੂੰ ਘੇਰਾ ਪਾ ਲਿਆ ਸੀ ਤੇ ਕਿਤੇ ਆਉਣ-ਜਾਣ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਿਨਾਂ ਵਜ੍ਹਾ ਘਰ ਵਿੱਚ ਬੰਦੀ ਬਣਾ ਕੇ ਰੱਖਿਆ ਗਿਆ, ਜਦਕਿ ਉਨ੍ਹਾਂ ਸਿਰਫ਼ ਸ਼ਾਂਤੀਪੂਰਨ ਢੰਗ ਨਾਲ ਕੀਤੇ ਗਏ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣਾ ਸੀ।

***

## ਮੰਤਰੀ ਦਾ ਪੁੱਤ ਬਣਿਆ ਚਪੜਾਸੀ

ਪੁੱਤਰ ਮੁਕੇਸ਼ ਕੁਮਾਰ ਭੋਕਤਾ ਦਾ ਨਾਂ 13ਵੇਂ ਨੰਬਰ 'ਤੇ ਹੈ। ਉਸ ਦੀ ਚੋਣ ਅਨੁਸੂਚਿਤ ਜਾਤੀ ਕੋਟੇ ਦੇ ਅਧੀਨ ਹੋਈ ਹੈ। ਮੰਤਰੀ ਦੇ ਪੁੱਤਰ ਤੋਂ ਇਲਾਵਾ ਉਸ ਦੇ ਭਤੀਜੇ ਰਾਮਦੇਵ ਭੋਕਤਾ ਨੇ ਵੀ ਇਸ ਅਹੁਦੇ ਲਈ ਅਪਲਾਈ ਕੀਤਾ ਸੀ। ਉਸ ਦਾ ਨਾਂ ਵੇਟਿੰਗ ਲਿਸਟ 'ਚ ਹੈ। ਚੁਣੇ ਗਏ 19 ਲੋਕਾਂ 'ਚ ਜੇਕਰ ਕੋਈ ਜੁਆਇਨ ਨਹੀਂ ਕਰਦਾ ਹੈ ਤਾਂ ਉਸ ਦੀ ਜਗ੍ਹਾ ਵੇਟਿੰਗ ਲਿਸਟ 'ਚ ਸ਼ਾਮਲ ਉਮੀਦਵਾਰਾਂ ਨੂੰ ਮੌਕਾ ਮਿਲੇਗਾ।

ਦੱਸਣਯੋਗ ਹੈ ਕਿ ਚਪੜਾਸੀ ਲਈ ਚੁਣੇ ਗਏ ਮੰਤਰੀ ਦੇ ਪੁੱਤਰ ਮੁਕੇਸ਼ ਭੋਕਤਾ ਦਾ ਵਿਆਹ ਪਿਛਲੇ ਸਾਲ ਧੂਮਧਾਮ ਨਾਲ ਹੋਇਆ ਸੀ। ਵਿਆਹ ਪ੍ਰੋਗਰਾਮ 'ਚ ਮੁੱਖ ਮੰਤਰੀ ਹੇਮੰਤ ਸੋਰੇਨ ਖ਼ੁਦ ਸ਼ਾਮਲ ਹੋਏ ਸਨ। ਮੰਤਰੀ ਪੁੱਤ ਵਲੋਂ ਚੌਥੀ ਸ਼੍ਰੇਣੀ ਅਹੁਦੇ ਦੀ ਨੌਕਰੀ ਸਵੀਕਾਰ ਕੀਤੇ ਜਾਣ 'ਤੇ ਸੋਸ਼ਲ ਮੀਡੀਆ 'ਤੇ ਤਰ੍ਹਾਂ-ਤਰ੍ਹਾਂ ਦੀ ਚਰਚਾ ਚੱਲ ਰਹੀ ਹੈ। ਸੱਤਿਆਨੰਦ ਭੋਕਤਾ ਚਤਰਾ ਵਿਧਾਨ ਸਭਾ ਸੀਟ ਦੇ ਵਿਧਾਇਕ ਹਨ। ਰਾਜ 'ਚ ਹੇਮੰਤ ਸੋਰੇਨ ਦੀ ਅਗਵਾਈ ਵਾਲੀ ਗਠਜੋੜ ਸਰਕਾਰ 'ਚ ਉਹ 2019 'ਚ ਇਸ ਵਿਭਾਗ ਦੇ ਮੰਤਰੀ ਬਣਾਏ ਗਏ। ਭੋਕਤਾ ਹੁਣ ਤੱਕ 3 ਵਾਰ ਵਿਧਾਇਕ ਚੁਣੇ ਗਏ ਹਨ ਅਤੇ ਤੀਜੀ ਵਾਰ ਮੰਤਰੀ ਵੀ ਬਣੇ ਹਨ। ਰਾਜਦ ਤੋਂ ਪਹਿਲਾਂ ਉਹ ਭਾਜਪਾ ਅਤੇ ਝਾਰਖੰਡ ਵਿਕਾਸ ਮੋਰਚਾ 'ਚ ਰਹੇ ਹਨ।

***

## ਨੇਤਨਯਾਹੂ ਤੋਂ ਨਾਰਾਜ਼ ਇਜ਼ਰਾਈਲੀ ਜਨਤਾ

ਅਸਫਲਤਾ ਦੀ ਜ਼ਿੰਮੇਵਾਰੀ ਲੈਣ ਦੀ ਮੰਗ ਕੀਤੀ ਗਈ ਹੈ। ਉਸ ਦੇ ਸੱਤਾਧਾਰੀ ਗੱਠਜੋੜ ਦੇ ਮੈਂਬਰ ਇਤਾਮਾਰ ਬੇਨ ਗਵੀਰ ਨੇ ਸਰਕਾਰ ਨੂੰ ਡੇਗਣ ਦੀ ਧਮਕੀ ਦਿੱਤੀ ਹੈ। ਪਾਰਟੀ ਦੇ ਦੋ ਸੀਨੀਅਰ ਮੈਂਬਰਾਂ ਅਨੁਸਾਰ, ਨੇਤਨਯਾਹੂ ਦੀ ਲਿਕੁਡ ਪਾਰਟੀ ਦੇ ਮੈਂਬਰ ਦਲ-ਬਦਲੀ ਬਾਰੇ ਚਰਚਾ ਕਰ ਰਹੇ ਹਨ। ਅਮਰੀਕਾ, ਇਜ਼ਰਾਈਲ ਦੇ ਸਭ ਤੋਂ ਮਹੱਤਵਪੂਰਨ ਸਹਿਯੋਗੀ, ਨੇ ਪ੍ਰਧਾਨ ਮੰਤਰੀ 'ਤੇ ਗਾਜ਼ਾ ਵਿੱਚ ਨਾਗਰਿਕ ਮੌਤਾਂ ਨੂੰ ਸੀਮਤ ਕਰਨ ਲਈ ਦਬਾਅ ਪਾਇਆ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD
sling

CREDIBILITY
RELIABILITY

Minute to Minute Coverage of Punjab Elections

Punjabi Super Pack
20 channels for only $25/month on
sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290
Visit: sling.com/juspunjabi

for advertisement & more information call: +1-718-752-9293
www.jusbroadcasting.com